ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post
Vol 18 *Issue 236 Tuesday, December 10, 2019 Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper THE ONLY DAILY PUNJABI NEWS ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

Fair Advice Financial / Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

TOP 4% TREB REALTOR 2018
Buy With $0 Down Program
RESIDENTIAL-COMMERCIAL-INVESTMENT
SELL YOUR HOUSE Quick & For Top $$$$
GO WITH PRO SELLING GTA FOR 5 YEARS
Hardeep Sivia BROKER 647-970-7374
www.HardeepSivia.com

## ਸਸਕੈਚਵਨ ਵਿੱਚ ਕੈਨੇਡੀਅਨ ਪੈਸੇਫਿਕ ਗੱਡੀ ਲੀਹ ਤੋਂ ਉਤਰੀ, ਅੱਗ ਲੱਗਣ ਕਾਰਨ ਹਾਈਵੇਅ ਠੱਪ



ਸਸਕਾਟੂਨ, 9 ਦਸੰਬਰ (ਪੋਸਟ ਬਿਊਰੋ) : ਕੱਚਾ ਤੇਲ ਲਿਜਾ ਰਹੀ ਕੈਨੇਡੀਅਨ ਪੈਸੇਫਿਕ (ਸੀਪੀ) ਮਾਲ ਗੱਡੀ ਦੇ ਲੀਹ ਤੋਂ ਉਤਰ ਜਾਣ ਕਾਰਨ ਜਿੱਥੇ ਤੇਲ ਨੂੰ ਅੱਗ ਲੱਗ ਗਈ ਉੱਥੇ ਹੀ ਸਸਕੈਚਵਨ ਹਾਈਵੇਅ ਦਾ ਵੱਡਾ ਹਿੱਸਾ ਸੋਮਵਾਰ ਸਵੇਰੇ ਬੰਦ ਹੋ ਗਿਆ।

ਅਜੇ ਵੀ ਕਾਲੇ ਤੇ ਸੰਘਣੇ ਧੂੰਏ ਦੇ ਬੱਦਲ ਗੱਡੀ ਦੇ ਮਲਬੇ ਵਿੱਚੋਂ ਉੱਠਦੇ ਵੇਖੇ ਜਾ ਸਕਦੇ ਹਨ। ਲੈਨੀਗਨ ਦੇ ਪੱਛਮ ਵਿੱਚ ਹਾਈਵੇਅ 16 ਦੇ ਕੁੱਝ ਹਿੱਸੇ ਉੱਤੇ ਜਾਣ ਤੋਂ ਡਰਾਈਵਰਾਂ ਨੂੰ ਮਨ੍ਹਾਂ ਕੀਤਾ ਗਿਆ ਹੈ। ਸੀਪੀ ਤੋਂ ਇੱਕ ਨਿਊਜ਼ ਰਲੀਜ਼ ਅਨੁਸਾਰ ਰੇਲਗੱਡੀ ਅੱਧੀ ਰਾਤ ਸਮੇਂ ਲੀਹ ਤੋਂ ਲੱਥੀ ਤੇ ਕਿਸੇ ਦੇ ਜ਼ਖ਼ਮੀ ਹੋਣ ਦੀ ਕੋਈ ਖਬਰ ਨਹੀਂ ਹੈ। ਘਟਨਾ ਵਾਲੀ ਥਾਂ ਤੋਂ ਥੋੜ੍ਹੀ ਦੂਰੀ ਉੱਤੇ ਰਹਿਣ ਵਾਲੀ ਮਿਲੇਨੀ ਲੋਏਸਲ ਨੇ ਆਖਿਆ ਕਿ ਅੱਗ ਦੀਆਂ ਲਪਟਾਂ ਉਸ ਨੂੰ ਆਪਣੇ ਘਰ ਦੇ ਡਰਾਈਵਵੇਅ ਤੋਂ ਨਜ਼ਰ ਆ ਰਹੀਆਂ ਸਨ। ਉਸ ਨੇ ਦੱਸਿਆ ਕਿ ਜਦੋਂ ਉਸ ਨੇ ਆਪਣੀ ਖਿੜਕੀ ਵਿੱਚੋਂ ਬਾਹਰ ਵੇਖਿਆ ਤਾਂ ਅੱਗ ਦੀਆਂ ਲਪਟਾਂ ਧੂ ਧੂ ਕਰਕੇ ਬਲ ਰਹੀਆਂ ਸਨ ਤੇ ਸਾਰਾ ਕੁੱਝ ਹੀ ਅੱਗ ਦੀ ਲਪੇਟ ਵਿੱਚ ਸੀ। ਉਨ੍ਹਾਂ ਆਖਿਆ ਕਿ ਇੰਜ ਲੱਗ ਰਿਹਾ ਸੀ ਕਿ ਉਨ੍ਹਾਂ ਦੀ ਧੀ ਦਾ ਘਰ ਵੀ ਇਸ ਅੱਗ ਦੀ ਲਪੇਟ ਵਿੱਚ ਆ ਗਿਆ ਕਿਉਂਕਿ ਉਹ ਇੱਕੋ ਡਰਾਈਵਵੇਅ ਉੱਤੇ ਰਹਿੰਦੇ ਹਨ। ਉਹ ਆਪਣੇ ਘਰ ਵਿੱਚੋਂ ਬਾਹਰ ਨਿਕਲਣ ਤੋਂ ਅਸਮਰੱਥ ਸੀ ਕਿਉਂਕਿ ਐਮਰਜੰਸੀ ਕ੍ਰਿਊ ਨੇ ਉਸ ਦਾ ਰਾਹ ਰੋਕਿਆ ਹੋਇਆ ਸੀ।

ਲੋਏਸਲ ਨੇ ਆਖਿਆ ਕਿ ਫਾਇਰਫਾਈਟਰਜ਼ ਨੇ ਉਨ੍ਹਾਂ ਦੇ ਘਰ ਆ ਕੇ ਰੇਲਗੱਡੀ ਦੇ ਲੀਹ ਤੋਂ ਉਤਰ ਜਾਣ ਦੀ ਜਾਣਕਾਰੀ ਦਿੱਤੀ ਤੇ ਚੇਤਾਵਨੀ ਦਿੱਤੀ ਕਿ ਉਨ੍ਹਾਂ ਨੂੰ ਘਰ ਖਾਲੀ ਵੀ ਕਰਨਾ ਪੈ ਸਕਦਾ ਹੈ। ਰੇਲਵੇ ਨੇ ਦੱਸਿਆ ਕਿ ਸ਼ੁਰੂਆਤੀ ਰਿਪੋਰਟਾਂ ਅਨੁਸਾਰ ਸਥਾਨਕ ਪਾਣੀ ਵਾਲੀਆਂ ਥਾਂਵਾਂ ਉੱਤੇ ਇਸ ਦਾ ਕੋਈ ਅਸਰ ਨਹੀਂ ਪਿਆ ਹੈ। ਉਨ੍ਹਾਂ ਇਹ ਵੀ ਆਖਿਆ ਕਿ ਇਹ ਇਲਾਕਾ ਚੰਗੀ ਤਰ੍ਹਾਂ ਸਾਫ ਹੋ ਗਿਆ ਤੇ ਇੱਥੇ ਕੰਮਕਾਜ ਬਹਾਲ ਹੋ ਜਾਣ ਬਾਰੇ ਕ੍ਰਿਊ ਕੰਮ ਕਰੇਗਾ।

ਅਜੇ ਤੱਕ ਇਸ ਸਬੰਧ ਵਿੱਚ ਕੋਈ ਜਾਣਕਾਰੀ ਨਹੀਂ ਮਿਲੀ ਹੈ ਕਿ ਕਿੰਨੀਆਂ ਰੇਲ ਕਾਰਜ਼ ਨੂੰ ਨੁਕਸਾਨ ਪਹੁੰਚਿਆ ਹੈ। ਸੀਪੀ ਨੇ ਦੱਸਿਆ ਕਿ ਗੱਡੀ ਦੇ ਲੀਹ ਤੋਂ ਉਤਰਨ ਦੇ ਕਾਰਨਾਂ ਦਾ ਪਤਾ ਲਾਉਣ ਸਬੰਧੀ ਜਾਂਚ ਚੱਲ ਰਹੀ ਹੈ।

...ਬਾਕੀ ਪੰਨਾ 6 'ਤੇ

## ਭਾਈ ਲਾਲੋ ਦੀ ਖੂਹੀ



ਕੈਨੇਡੀਅਨ ਪੰਜਾਬੀ ਪੋਸਟ ਵੱਲੋਂ ਪਾਕਿਸਤਾਨੀ ਸਕਾਲਰ ਅਤੇ ਖੋਜੀ ਮੁਹੰਮਦ ਇਕਬਾਲ ਕੈਸਰ ਦੀ ਪੁਸਤਕ 'ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ' ਲੜੀਵਾਰ ਛਾਪੀ ਜਾ ਰਹੀ ਹੈ। ਲੜੀ ਨੂੰ ਜੋੜਨ ਲਈ ਪਿਛਲੇ ਅੰਕ ਦੇਖੇ ਜਾ ਸਕਦੇ ਹਨ। ਪਾਠਕ ਇਸ ਲੜੀ ਨੂੰ ਸਾਡੀ ਵੈੱਬਸਾਈਟ punjabipost.ca 'ਤੇ ਦੇਸ਼ ਤੇ ਦੁਨੀਆਂ ਵਾਲੇ ਕੱਲਮ 'ਚ ਪੜ੍ਹ ਸਕਦੇ ਹਨ। ਅੱਜ ਦੀ ਇਤਿਹਾਸਿਕ ਤਸਵੀਰ ਗੁਰ-ਦੁਆਰਾ ਭਾਈ ਲਾਲੋ ਦੀ ਖੂਹੀ, ਐਮਬਾਆਬਾਦ, ਗੁੱਜਰਾਵਾਲਾ ਦੀ ਹੈ।

..... ਪੂਰੀ ਜਾਣਕਾਰੀ ਪੰਨਾ 8 'ਤੇ ਪੜ੍ਹੋ।

## ਨਵੀਂ ਨਾਫਟਾ ਡੀਲ ਨੂੰ ਅੰਤਿਮ ਛੋਹਾਂ ਦੇਣ ਲਈ ਫਰੀਲੈਂਡ ਮੈਕਸਿਕੋ ਰਵਾਨਾ



ਓਟਵਾ, 9 ਦਸੰਬਰ (ਪੋਸਟ ਬਿਊਰੋ) : ਡਿਪਟੀ ਪ੍ਰਧਾਨ ਮੰਤਰੀ ਕ੍ਰਿਸਟੀਆ ਫਰੀਲੈਂਡ ਮੰਗਲਵਾਰ ਨੂੰ ਨਵੀਂ ਨੌਰਥ ਅਮੈਰੀਕਨ ਫਰੀ ਟਰੇਡ ਡੀਲ ਦੇ ਸਬੰਧ ਵਿੱਚ ਮੰਗਲਵਾਰ ਨੂੰ ਅਮਰੀਕੀ ਤੇ ਮੈਕਸਿਕਨ ਅਧਿਕਾਰੀਆਂ ਨਾਲ ਮੁਲਾਕਾਤ ਕਰੇਗੀ। ਇਸ ਡੀਲ ਦਾ ਮੁਲਾਂਕਣ ਕੀਤੇ ਜਾਣ ਦੀਆਂ ਖਬਰਾਂ ਮਿਲੀਆਂ ਹਨ।

ਫਰੀਲੈਂਡ ਦੇ ਇਸ ਅਚਨਚੇਤੀ ਦੌਰੇ ਦਾ ਖੁਲਾਸਾ ਸੋਮਵਾਰ ਨੂੰ ਫੈਡਰਲ ਸਰਕਾਰ ਵੱਲੋਂ ਕੀਤਾ ਗਿਆ। ਇਸ ਡੀਲ ਦੀ ਹੋਣੀ ਨੂੰ ਲੈ ਕੇ ਪ੍ਰਗਟਾਈਆਂ ਜਾ ਰਹੀਆਂ ਕਿਆਸਅਰਾਈਆਂ ਤੋਂ ਇਲਾਵਾ ਕੈਨੇਡਾ ਦੇ ਐਲੂਮੀਨੀਅਮ ਖੇਤਰ ਵੱਲੋਂ ਇਸ ਸਮਝੌਤੇ ਦੇ ਇੰਡਸਟਰੀ ਤੇ ਵਰਕਰਾਂ ਨੂੰ ਹੋਣ ਵਾਲੇ ਨਫੇ ਨੁਕਸਾਨ ਬਾਰੇ ਪ੍ਰਗਟਾਈ ਗਈ ਚਿੰਤਾ ਤੋਂ ਬਾਅਦ ਹੀ ਫਰੀਲੈਂਡ

...ਬਾਕੀ ਪੰਨਾ 6 'ਤੇ

## ਲਿਬਰਲਾਂ ਵੱਲੋਂ ਮੱਧ ਵਰਗ ਲਈ ਟੈਕਸਾਂ ਵਿੱਚ ਕਟੌਤੀ ਸਬੰਧੀ ਮਤਾ ਪੇਸ਼



ਓਟਵਾ, 9 ਦਸੰਬਰ (ਪੋਸਟ ਬਿਊਰੋ) : ਵਿੱਤ ਮੰਤਰੀ ਬਿੱਲ ਮੌਰਨਿਊ ਵੱਲੋਂ ਹਾਊਸ ਆਫ ਕਾਮਨਜ਼ ਵਿੱਚ ਇੱਕ ਮਤਾ ਪੇਸ਼ ਕਰਕੇ ਮੱਧ ਵਰਗ ਲਈ ਟੈਕਸਾਂ ਵਿੱਚ ਕਟੌਤੀ ਸਬੰਧੀ ਲਿਬਰਲਾਂ ਦੇ ਚੋਣ ਵਾਅਦੇ ਨੂੰ ਪੂਰਾ ਕਰਨ ਲਈ ਕਦਮ ਚੁੱਕਿਆ ਗਿਆ ਹੈ।

ਜ਼ਿਕਰਯੋਗ ਹੈ ਕਿ ਚੋਣ ਕੈਂਪੇਨ ਦੌਰਾਨ ਲਿਬਰਲਾਂ ਨੇ ਇਹ ਵਾਅਦਾ ਕੀਤਾ ਸੀ ਤੇ ਪਿਛਲੇ ਹਫਤੇ ਦਿੱਤੇ ਗਏ ਰਾਜ ਭਾਸ਼ਣ ਵਿੱਚ ਇਹ ਦੋਹਰਾਇਆ ਗਿਆ ਸੀ ਕਿ ਪਾਰਲੀਆਮੈਂਟ ਦੀ ਕਾਰਵਾਈ ਸ਼ੁਰੂ ਹੁੰਦੇ ਸਾਰ ਹੀ ਮੱਧ ਵਰਗ ਲਈ ਟੈਕਸਾਂ ਵਿੱਚ ਕਟੌਤੀ ਦਾ ਮੁੱਦਾ ਉਠਾਇਆ ਜਾਵੇਗਾ, ਜਿਵੇਂ ਕਿ ਉਨ੍ਹਾਂ ਵੱਲੋਂ 2015 ਵਿੱਚ ਕੀਤਾ ਗਿਆ ਸੀ। ਹਾਲਾਂਕਿ ਇਹ ਲੱਗ ਰਿਹਾ ਸੀ ਕਿ ਇਸ ਸਬੰਧ ਵਿੱਚ ਸਰਕਾਰ ਵੱਲੋਂ ਕੋਈ ਬਿੱਲ ਪੇਸ਼ ਕੀਤਾ ਜਾਵੇਗਾ ਪਰ ਸਰਕਾਰ ਨੇ ਬੇਸਿਕ ਨਿਜੀ ਇਨਕਮ ਟੈਕਸ ਵਿੱਚ 2000 ਡਾਲਰ

...ਬਾਕੀ ਪੰਨਾ 6 'ਤੇ

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

NOW HIRING !!! ALLKIND INSURANCE
Life Insurance • Critical Illness Ins • Travel & Visitor Ins • RESP & TFSA & RRSP
Super Visa Insurance • Mortgage Insurance • Disability Insurance • Funeral Insurance
SIMRAN SAINI 416.994.7272
www.allkindinsurance.com

INSURANCE
Home • Auto • Business • Trucking • Life Insurance • Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance • Life & Disability • Critical illness • RESP • Visitor & Travel insurance
(416-845-1382) Manwinder Mangat
Aaxel Insurance Brokers Ltd.

HELPING YOUR PLAN TODAY......FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration • Real Estate / Commercial Law • Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

ਰੈਨੋਵੇਸ਼ਨ, ਡਿਜ਼ਾਇਨ ਜਾਂ ਕੰਸਟ੍ਰੱਕਸ਼ਨ ਲਈ ANGLECON CONSTRUCTION
Fully Insured | Team of licensed trades | Quality work & on-time insured
RESIDENTIAL • ਕਸਟਮ ਮੇਡ ਘਰ • ਘਰਾਂ ਦੀ ਪੂਰੀ ਤਸਲੀਬਖ਼ਸ਼ ਰੈਨੋਵੇਸ਼ਨ • ਲੀਗਲ ਬੈਸਮੈਂਟ
COMMERCIAL • New store design & build • Lease hold Improvements • Medical, offices, retail, restaurants & salon
FAST TRACK PERMIT & CONSTRUCTION 437.219.5009 info@anglecon.ca
BRAMPTON • MISSISSAUGA • ETOBICOKE • OAKVILLE
ਬਰੈਂਪਟਨ • ਮਿਸੀਸਾਗਾ • ਇਟੋਬੀਕੋਕ • ਓਕਵਿਲ

INSURANCE
Auto | Home | Business | Trucking | Life
ਇੰਸ਼ੋਰੈਂਸ ਦੇ ਵਧੀਆ ਰੇਟ Best rates & Best Coverage
RAJESH SOOD (RAJ) CAIB (hons.), MBA (finance), RIBO
ਸੰਪਰਕ ਕਰੋ: 416-908-6237
Unit 1, 30 Topflight dr., Mississauga

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ 905.796.7500
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ? • ਗਾਰਨਿਸ਼ਮੈਂਟ? • ਬੈਂਕ ਵਲੋਂ ਪੈਸੇ ਦੀ ਮੰਗ ? • ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
• Custom Kitchen Cabinets • Completly Furnished • Legal Basement • Painting & Flooring
ਵਾਜਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

Law Office of Aman Sharma
Real Estate • Commercial Lease • Business Purchase & Sale • Notarizations & Affidavits • Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma Open Saturday
Providing excellent quality legal services to our clients

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre AvonFinancial Inc. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

SNOW PLOWING & SALTING SERVICES
WE SERVICE ALL KINDS OF PROPERTIES
- Truck & Trailer parking yards - Plazas & Industrial buildings - Banquet halls & restaurants - Gas stations & repair shops - Offices & Clinics
We are Professional, Reliable & Experienced
AAA LANDSCAPING | 647-784-1213

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Punjab Insurance Inc
•Super Visa Insurance •Visitor Visa Insurance •Travel Insurance •Student Insurance •New Immigrant 90 Days Med. Insurance
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

CN Forklift Training Center
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001 NC Dhawan Certified Instructor

KELLEY LAW OFFICE
Immigration • Family Law • Corporate • Real Estate • Business Closing • Wills & Estate • Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

Royal Pest Control
Residential Commercial Industrial
Specialist in Bedbugs Service
All Pest Control : •Mouse & Rats •Spiders & Fleas •Bedbugs •Wasps •Cockroaches •Carpenter Ants •Silver Fish •Racoons
Call : PARESH PATEL 416 938 4598

MANN LAW FIRM
• Real Estate Law • Business Law • Wills & Estates • Family Law • Power of Attorney • Civil Litigation • Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

PEST PROBLEM ?
Residential & Commercial
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
100% Customer Satisfaction
KSG Pest Control Inc. 647.990.3205 www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


Data everywhere.
No surprise charges
anywhere.
NEW
NATION-WIDE. NO ZONES.
TALK, TEXT & DATA PLANS
$35/MO.
chatr
AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

AMAN TRAVEL
SPECIAL FARES TO DELHI & AMRITSAR | LAST MINUTE DEALS AVAILABLE
ਅਮਨ ਟਰੈਵਲ
Gaurav Gupta
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr., Brampton, ON L6Y 4X4

## ਅੱਜ ਨਾਮਾ

ਲਾਏ ਦੂਸ਼ਣ ਕਈ ਪਹਿਲਾਂ ਅਕਾਲੀਆਂ ਸੀ,
ਗੁੰਡਿਆਂ ਨਾਲ ਹੈ ਕਾਂਗਰਸ ਦਾ ਜੋੜ ਬੇਲੀ।
ਫਸ ਜਾਣ ਗੁੰਡੇ ਤਾਂ ਇਹੋ ਨੇ ਮਦਦ ਕਰਦੇ,
ਕਰਨ ਕਾਂਗਰਸ ਦੀ ਉਹ ਪੂਰੀ ਲੋੜ ਬੇਲੀ।
ਕਾਂਗਰਸ ਟੀਮ ਦਾ ਬੋਲਿਆ ਅੱਜ ਕੈਪਟਨ,
ਹਮਲਾ ਭਰਵਾਂ ਗਿਆ ਕੀਤੜਾ ਮੋੜ ਬੇਲੀ।
ਫੋਟੋ ਕਰ'ਤੀਆਂ ਪੇਸ਼, ਫਿਰ ਕਹਿਣ ਲੱਗਾ,
ਅਕਾਲੀਆਂ ਵੰਨੀਂ ਵੀ ਕੋਈ ਨਾ ਥੋੜ ਬੇਲੀ।
ਗੱਲ ਇਹ ਸੱਚੀ ਬਦਮਾਸ਼ ਹਨ ਦੋਹ ਪਾਸੀਂ,
ਸਿਆਸਤ ਉਨ੍ਹਾਂ ਦੇ ਸਿੰਗਾਂ 'ਤੇ ਖੜੀ ਬੇਲੀ।
ਟੱਕਰ ਦੋਵਾਂ ਦੀ, ਭੁਗਤਣ ਜੀ ਆਮ ਲੋਕੀਂ,
ਸ਼ਰਮ ਵਾਲੀ ਇਹ ਹਾਲਤ ਆ ਬੜੀ ਬੇਲੀ।

**ਤੀਸ ਮਾਰ ਖਾਂ**

# ਰਾਜ ਭਾਸ਼ਣ ਦਾ ਸਮਰਥਨ ਕਰਨ ਵਾਲਾ ਬਲਾਕ ਕਿਊਬਿਕੁਆ ਸਰਕਾਰ ਨੂੰ ਕਦੇ ਚੁਣੌਤੀ ਨਹੀਂ ਦੇਵੇਗਾ : ਜਗਮੀਤ ਸਿੰਘ

ਓਟਵਾ, 9 ਦਸੰਬਰ (ਪੋਸਟ ਬਿਊਰੋ) : ਐਨਡੀਪੀ ਆਗੂ ਜਗਮੀਤ ਸਿੰਘ ਦਾ ਕਹਿਣਾ ਹੈ ਕਿ ਬਲਾਕ ਕਿਊਬਿਕੁਆ ਦੇ ਆਗੂ ਯਵੇਸ ਫਰੈਂਕੋਇਸ ਬਲਾਂਸ਼ੇ ਵੱਲੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਰਾਜ ਭਾਸ਼ਣ ਨੂੰ ਸਮਰਥਨ ਦੇਣ ਤੋਂ ਭਾਵ ਇਹ ਹੈ ਕਿ ਕੈਨੇਡੀਅਨ ਹੁਣ ਸਮਝ ਜਾਣ ਕਿ ਉਹ ਸਰਕਾਰ ਨੂੰ ਚੁਣੌਤੀ ਨਹੀਂ ਦੇਣਗੇ।

ਐਤਵਾਰ ਨੂੰ ਇੱਕ ਇੰਟਰਵਿਊ ਵਿੱਚ ਜਗਮੀਤ ਸਿੰਘ ਨੇ ਆਖਿਆ ਕਿ ਉਨ੍ਹਾਂ ਇਹ ਸਪਸ਼ਟ ਕਰ ਦਿੱਤਾ ਹੈ ਕਿ ਉਨ੍ਹਾਂ ਕੋਲ ਸਰਕਾਰ ਨਾਲ ਗੱਲਬਾਤ ਕਰਨ ਲਈ ਕੋਈ ਮਸਲਾ ਨਹੀਂ ਹੈ ਤੇ ਉਹ ਕਿਸੇ ਵੀ ਮਾਮਲੇ ਵਿੱਚ ਸਰਕਾਰ ਉੱਤੇ ਕਿਸੇ ਕਿਸਮ ਦਾ ਕੋਈ ਦਬਾਅ ਨਹੀਂ ਪਾਉਣਗੇ। ਜਗਮੀਤ ਸਿੰਘ ਵੱਲੋਂ ਟਰੂਡੋ ਦੇ ਰਾਜ ਭਾਸ਼ਣ ਦਾ ਵਿਰੋਧ ਕੀਤਾ ਗਿਆ ਤੇ ਇਸੇ ਤਰ੍ਹਾਂ ਹੀ ਕੰਜ਼ਰਵੇਟਿਵ ਆਗੂ ਐਂਡਰਿਊ ਸ਼ੀਅਰ ਨੇ ਵੀ ਟਰੂਡੋ ਦੇ ਭਾਸ਼ਣ ਦਾ ਵਿਰੋਧ ਕੀਤਾ। ਪਰ ਦੂਜੇ ਪਾਸੇ ਬਲਾਂਸ਼ੇ ਦਾ ਕਹਿਣਾ ਹੈ ਕਿ ਉਹ ਇਸ ਲਈ ਰਾਜ ਭਾਸ਼ਣ ਦਾ ਸਮਰਥਨ ਕਰਦੇ ਹਨ ਕਿਉਂਕਿ ਉਨ੍ਹਾਂ ਨੂੰ ਕਈ ਮੌਕੇ ਇਸ ਵਿੱਚ ਨਜ਼ਰ ਆ ਰਹੇ ਹਨ। ਉਨ੍ਹਾਂ ਆਖਿਆ ਕਿ ਯਕੀਨਨ ਕਿਊਬਿਕ ਲਈ ਉਨ੍ਹਾਂ ਨੂੰ ਨਵੀਂ ਆਸ ਬੱਝੀ ਹੈ।



ਐਨਡੀਪੀ ਆਗੂ ਨੇ ਆਖਿਆ ਕਿ ਇਸ ਭਾਸ਼ਣ ਵਿੱਚੋਂ ਦੋ ਮੁੱਖ ਨੁਕਤੇ ਹੀ ਗਾਇਬ ਸਨ। ਉਨ੍ਹਾਂ ਆਖਿਆ ਕਿ ਨੈਸ਼ਨਲ ਫਾਰਮਾਕੇਅਰ ਪ੍ਰੋਗਰਾਮ ਵਿੱਚੋਂ ਯੂਨੀਵਰਸਲ ਸ਼ਬਦ ਹੀ ਗਾਇਬ ਹੈ ਤੇ ਇਸ ਤੋਂ ਇਲਾਵਾ ਸਰਕਾਰ ਦੇ ਚਾਈਲਡ ਵੈੱਲਫੇਅਰ ਸਿਸਟਮ ਤੋਂ ਪ੍ਰਭਾਵਿਤ ਫਰਸਟ ਨੇਸ਼ਨਜ਼ ਪਰਿਵਾਰਾਂ ਨੂੰ ਮੁਆਵਜ਼ਾ ਦੇਣ ਦੇ ਕੈਨੇਡੀਅਨ ਹਿਊਮਨ ਰਾਈਟਸ ਟ੍ਰਿਬਿਊਨਲ ਦੇ ਫੈਸਲੇ ਨੂੰ ਵੀ ਇਸ ਭਾਸ਼ਣ ਵਿੱਚ ਅਣਗੌਲਿਆ ਗਿਆ ਹੈ।

ਜਗਮੀਤ ਸਿੰਘ ਨੇ ਆਖਿਆ ਕਿ ਟਰੂਡੋ ਆਸਾਨੀ ਨਾਲ ਸੱਤਾ ਉੱਤੇ ਕਾਬਜ ਰਹਿ ਸਕਦੇ ਹਨ ਬੱਸ ਉਨ੍ਹਾਂ ਨੂੰ ਬਲਾਕ ਨੂੰ ਆਪਣੇ ਨਾਲ ਰਲਾ ਕੇ ਰੱਖਣਾ ਹੋਵੇਗਾ ਕਿਉਂਕਿ ਉਨ੍ਹਾਂ ਦਾ ਕਿਸੇ ਵੀ ਮੁੱਦੇ ਉੱਤੇ ਟਰੂਡੋ ਨੂੰ ਕਿੰਤੂ ਕਰਨ ਦਾ ਕੋਈ ਮਨ ਨਹੀਂ ਹੈ। ਪਰ ਜੇ ਉਹ ਸਾਡੇ ਨਾਲ ਕੰਮ ਕਰਨਾ ਚਾਹੁੰਦੇ ਹਨ ਤਾਂ ਅਸੀਂ ਰਲ ਕੇ ਕੰਮ ਕਰਨ ਲਈ ਤਿਆਰ ਹਾਂ ਬਸ਼ਰਤੇ ਉਹ ਲੋਕਾਂ ਲਈ ਜੋ ਫਾਇਦੇਮੰਦ ਹੈ ਉਹ ਕਰਨ। ਸਿਰਫ ਲਿਬਰਲਾਂ ਨੂੰ ਸੱਤਾ ਵਿੱਚ ਬਣਾਈ ਰੱਖਣ ਲਈ ਉਨ੍ਹਾਂ ਦੀ ਹਾਂ ਵਿੱਚ ਹਾਂ ਮਿਲਾਉਣਾ ਸਾਡੇ ਵੱਸ ਦੀ ਗੱਲ ਨਹੀਂ।

ਇੱਥੇ ਦੱਸਣਾ ਬਣਦਾ ਹੈ ਕਿ ਬਲਾਕ ਕਿਊਬਿਕੁਆ ਕੋਲ ਪਾਰਲੀਆਮੈਂਟ ਵਿੱਚ ਤੀਜੀ ਧਿਰ ਦਾ ਦਰਜਾ ਹੈ ਤੇ ਇਸ ਲਈ ਜਦੋਂ ਰਾਜ ਭਾਸ਼ਣ ਤੋਂ ਬਾਅਦ ਵੋਟ ਦੀ ਵਾਰੀ ਆਵੇਗੀ ਤਾਂ ਲਿਬਰਲਾਂ ਕੋਲ ਕਾਫੀ ਵੋਟਾਂ ਹੋਣਗੀਆਂ।

# ਪਿੱਕ ਅੱਪ ਟਰੱਕ ਤੋਂ ਟੋਅ ਟਰੱਕ ਉੱਤੇ ਚਲਾਈਆਂ ਗਈਆਂ ਗੋਲੀਆਂ

## *ਮਾਮਲੇ ਦੀ ਜਾਂਚ ਕਰ ਰਹੀ ਹੈ ਪੁਲਿਸ



ਰਿਚਮੰਡ ਹਿੱਲ, 9 ਦਸੰਬਰ (ਪੋਸਟ ਬਿਊਰੋ) : ਰਿਚਮੰਡ ਹਿੱਲ ਵਿੱਚ ਇੱਕ ਗੱਡੀ ਉੱਤੇ ਗੋਲੀਆਂ ਚਲਾਉਣ ਦੇ ਮਾਮਲੇ ਦੀ ਪੁਲਿਸ ਜਾਂਚ ਕਰ ਰਹੀ ਹੈ। ਹਾਈਵੇਅ 404 ਅਤੇ ਮੇਜਰ ਮੈਕੈਂਜ਼ੀ ਡਰਾਈਵ ਉੱਤੇ ਇੱਕ ਪਾਰਕਿੰਗ ਲੌਟ ਵਿੱਚ ਰਾਤੀਂ 8:15 ਉੱਤੇ ਵਾਪਰੀ ਇਸ ਘਟਨਾ ਤੋਂ ਬਾਅਦ ਪੁਲਿਸ ਅਧਿਕਾਰੀਆਂ ਨੂੰ ਮੌਕਾ-ਏ-ਵਾਰਦਾਤ ਉੱਤੇ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਗੋਲੀਆਂ ਇੱਕ ਚਿੱਟੇ ਰੰਗ ਦੇ ਪਿੱਕ ਅੱਪ ਟਰੱਕ ਵੱਲੋਂ ਟੋਅ ਟਰੱਕ ਉੱਤੇ ਚਲਾਈਆਂ ਗਈਆਂ। ਚਿੱਟੇ ਰੰਗ ਦਾ ਪਿੱਕਅੱਪ ਟਰੱਕ ਨੇ ਟੋਅ ਟਰੱਕ ਨੂੰ ਟੱਕਰ ਵੀ ਮਾਰੀ।

ਇਸ ਸਬੰਧ ਵਿੱਚ ਕਿਸੇ ਦੇ ਜ਼ਖ਼ਮੀ ਹੋਣ ਦੀ ਖਬਰ ਨਹੀਂ ਹੈ। ਮਸ਼ਕੂਕ ਆਪਣੀ ਗੱਡੀ ਨੂੰ ਨੁਕਸਾਨ ਹੋਣ ਦੇ ਬਾਵਜੂਦ ਤੇਜ਼ੀ ਨਾਲ ਭਜਾ ਕੇ ਲੈ ਗਿਆ। ਆਖਰੀ ਵਾਰੀ ਇਸ ਗੱਡੀ ਨੂੰ ਹਾਈਵੇਅ 404 ਉੱਤੇ ਦੱਖਣ ਵੱਲ ਜਾਂਦਿਆਂ ਵੇਖਿਆ ਗਿਆ। ਜਾਂਚਕਾਰਾਂ ਨੇ ਆਖਿਆ ਕਿ ਇਹ ਗੋਲੀਕਾਂਡ ਕਿਸੇ ਨੂੰ ਨਿਸ਼ਾਨਾ ਬਣਾ ਕੇ ਅੰਜਾਮ ਦਿੱਤਾ ਗਿਆ ਹੈ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

GNR ਹਰਬਲ ਤੇਲ | 647-853-5800
globalnaturalremedies@yahoo.com
ਦਰਦਾਂ ਵਾਸਤੇ — Pain-Care — Ext. Use Only — $9.99
ਮਰਦਾਂ ਲਈ — He-Oil — Joint Support — $19.99
Stress-Care — For Men Only — $9.99
ਔਰਤਾਂ ਲਈ — Chest Massage Oil — Feel Relaxed — $14.99
GNR Global Natural Remedies
Herbal Products
GLOBAL NATURAL REMEDIES

# ਰਿਜ਼ਰਵ ਬੈਂਕ ਨੇ ਜੀ ਡੀ ਪੀ ਅਨੁਮਾਨ ਘਟਾ ਕੇ ਪੰਜ ਫੀਸਦੀ ਕੀਤਾ

ਮੁੰਬਈ, 9 ਦਸੰਬਰ (ਪੋਸਟ ਬਿਊਰੋ)- ਭਾਰਤੀ ਰਿਜ਼ਰਵ ਬੈਂਕ ਨੇ ਮੌਜੂਦਾ ਵਿੱਤੀ ਸਾਲ ਲਈ ਦੇਸ਼ ਦੀ ਜੀ ਡੀ ਪੀ (ਕੁੱਲ ਘਰੇਲੂ ਉਤਪਾਦ) ਵਿਕਾਸ ਦਰ ਦਾ ਅਨੁਮਾਨ ਕੱਲ੍ਹ ਘਟਾ ਕੇ ਪੰਜ ਫੀਸਦੀ ਕਰ ਦਿੱਤਾ ਹੈ।

ਇਸ ਤੋਂ ਪਹਿਲਾਂ ਦੂਸਰੀ ਤਿਮਾਹੀ ਵਿੱਚ ਜੀ ਡੀ ਪੀ ਛੇ ਸਾਲ ਦੇ ਸਭ ਤੋਂ ਹੇਠਲੇ ਪੱਧਰ 4.5 ਫੀਸਦੀ ਰਹੀ ਅਤੇ ਇਸ ਵਿੱਚ ਅਜੇ ਵੀ ਮੰਦੀ ਰਹਿਣ ਦਾ ਅਨੁਮਾਨ ਹੈ। ਆਪਣੀ ਅਕਤੂਬਰ ਦੀ ਕਰੰਸੀ ਨੀਤੀ ਘੋਖ ਵਿੱਚ ਰਿਜ਼ਰਵ ਬੈਂਕ ਨੇ ਸਾਲ 2019-20 ਵਿੱਚ ਜੀ ਡੀ ਪੀ ਵਾਧਾ ਦਰ ਦੇ 6.1 ਫੀਸਦੀ ਰਹਿਣ ਦਾ ਅਨੁਮਾਨ ਲਾਇਆ ਸੀ। ਕੇਂਦਰੀ ਬੈਂਕ ਨੇ ਕਿਹਾ ਕਿ ਜੁਲਾਈ-ਸੰਤਬਰ ਦੀ ਜੀ ਡੀ ਪੀ ਵਾਧਾ ਅਨੁਮਾਨ ਤੋਂ ਕਾਫੀ ਘੱਟ ਹੋ ਗਿਆ ਹੈ ਤੇ ਵੱਖ-ਵੱਖ ਸੰਕੇਤ ਦੱਸਦੇ ਹਨ ਕਿ ਘਰੇਲੂ ਅਤੇ ਬਾਹਰੀ ਮੰਗ ਦੀ ਸਥਿਤੀ ਲਗਾਤਾਰ ਕਮਜ਼ੋਰ ਬਣੀ ਹੋਈ ਹੈ। ਹਾਲਾਂਕਿ ਆਰ ਬੀ ਆਈ ਦਾ ਅਨੁਮਾਨ ਹੈ ਕਿ ਵਰਤਮਾਨ ਵਿੱਤ ਸਾਲ ਦੀ ਚੌਥੀ ਤਿਮਾਹੀ 'ਚ ਵਪਾਰਕ ਭਾਵਨਾ 'ਚ ਕੁਝ ਸੁਧਾਰ ਵੀ ਹੋਵੇਗਾ। ਉਦਯੋਗ ਅਤੇ ਪੂੰਜੀ ਬਾਜ਼ਾਰ ਦੀਆਂ ਆਸਾਂ ਨੂੰ ਝਟਕਾ ਦਿੰਦਿਆਂ ਰਿਜ਼ਰਵ ਬੈਂਕ ਨੇ ਕੱਲ੍ਹ ਆਪਣੀ ਕਰੰਸੀ ਨੀਤੀ ਦੀ ਸਮੀਖਿਆ 'ਚ ਆਪਣੀਆਂ ਨੀਤੀਗਤ ਵਿਆਜ਼ ਦਰਾਂ 'ਚ ਕੋਈ ਬਦਲਾਅ ਨਹੀਂ ਕੀਤਾ। ਆਰਥਿਕ ਵਾਧੇ ਦੀ ਗਤੀ ਸੁਸਤ ਪੈਣ ਦੇ ਬਾਵਜੂਦ ਕੇਂਦਰੀ ਬੈਂਕ ਨੇ ਮਹਿੰਗਾਈ ਵਧਣ ਦੀ ਚਿੰਤਾ 'ਚ ਰੇਪੋ ਦਰ ਨੂੰ 5.15 ਫੀਸਦੀ ਦੇ ਪੁਰਾਣੇ ਪੱਧਰ 'ਤੇ ਬਰਕਰਾਰ ਰੱਖਿਆ। ਇਸ ਤੋਂ ਪਹਿਲਾਂ ਲਗਾਤਾਰ ਪੰਜ ਵਾਰ ਕੇਂਦਰੀ ਬੈਂਕ ਨੇ ਰੇਪੋ ਦਰ 'ਚ ਕੁੱਲ ਮਿਲਾ ਕੇ 1.35 ਫੀਸਦੀ ਦੀ ਕਟੌਤੀ ਕੀਤੀ। ਰਿਜ਼ਰਵ ਬੈਂਕ ਦੇ ਗਵਰਨਰ ਸ਼ਕਤੀਕਾਂਤ ਦਾਸ ਦੀ ਅਗਵਾਈ ਵਾਲੀ ਛੇ ਮੈਂਬਰੀ ਮੁਦਰਾ ਨੀਤੀ ਕਮੇਟੀ ਨੇ ਰਿਵਰਸ ਰੇਪੋ ਦਰ ਨੂੰ 4.90 ਫੀਸਦੀ ਬਣਾਈ ਰੱਖਣ ਦੇ ਪੱਖ 'ਚ ਸਹਿਮਤੀ ਦਿੱਤੀ।

# ਪ੍ਰਿਯੰਕਾ ਚੋਪੜਾ ਨੂੰ 'ਡੈਨੀ ਕਾਯੇ ਹਿਊਮਨਟੇਰੀਅਨ' ਐਵਾਰਡ



ਮੁੰਬਈ, 9 ਦਸੰਬਰ (ਪੋਸਟ ਬਿਊਰੋ)- ਯੂਨੀਸੈਫ ਦੇ ਗੁਡਵਿਲ ਅੰਬੈਸਡਰ ਫਾਰ ਚਾਈਲਡ ਰਾਈਟਸ ਲਈ ਕੀਤੇ ਗਏ ਭਲਾਈ ਦੇ ਕੰਮਾਂ ਲਈ 'ਡੈਨੀ ਕਾਯੇ ਹਿਊਮਨਟੇਰੀਅਨ' ਐਵਾਰਡ ਬਾਲੀਵੁਡ ਅਦਾਕਾਰਾ ਪ੍ਰਿਯੰਕਾ ਚੋਪੜਾ ਜੋਨਾਸ ਨੂੰ ਦਿੱਤਾ ਗਿਆ ਹੈ। ਉਨ੍ਹਾਂ ਨੂੰ ਇਹ ਐਵਾਰਡ ਇਥੇ 15ਵੇਂ ਸਾਲਾਨਾ ਸਮਾਗਮ ਦੌਰਾਨ ਦਿੱਤਾ ਗਿਆ।

ਪ੍ਰਿਯੰਕਾ ਨੇ ਇੰਸਟਾਗ੍ਰਾਮ ਉਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਲਿਖਿਆ ਕਿ ਮੈਂ ਉਨ੍ਹਾਂ ਲੋਕਾਂ ਦੇ ਅਣਥੱਕ ਯਤਨਾਂ ਤੇ ਕੰਮ ਲਈ ਪ੍ਰਤੀਬੱਧਤਾ ਨੂੰ ਸਮਰਪਿਤ ਹਾਂ, ਜੋ 'ਹੈਸ਼ਟੈਗ ਯੂਨੀਸੇਫ' ਲਈ ਕੰਮ ਕਰਦੇ ਹਨ। ਇਸ ਤੋਂ ਇਲਾਵਾ ਅਦਾਕਾਰਾ ਨੂੰ ਇੱਕ ਹੋਰ ਖੁਸ਼ਖਬਰੀ ਮਿਲੀ ਹੈ। ਆਈ ਐਮ ਡੀ ਬੀ ਵੱਲੋਂ ਭਾਰਤੀ ਸਿਨੇਮਾ ਤੇ ਟੈਲੀਵਿਜ਼ਨ ਦੇ ਚੋਟੀ ਦੇ 10 ਸਟਾਰਜ਼ ਦੀ ਜਾਰੀ ਕੀਤੀ ਗਈ ਸੂਚੀ 'ਚ ਦਿਸ਼ਾ ਪਟਾਨੀ ਦੂਸਰੇ ਸਥਾਨ 'ਤੇ ਹੈ, ਜਿਸ ਪਿੱਛੋਂ ਰਿਤਿਕ ਰੋਸ਼ਨ, ਕਿਆਰਾ ਅਡਵਾਣੀ, ਅਕਸ਼ੈ ਕੁਮਾਰ, ਸਲਮਾਨ ਖਾਨ, ਆਲੀਆ ਭੱਟ, ਕੈਟਰੀਨਾ ਕੈਫ, ਰਕੁਲਪ੍ਰੀਤ ਸਿੰਘ ਅਤੇ ਸ਼ੋਭਿਤਾ ਧੁਲੀਪਾਲਾ ਦੇ ਨਾਂਅ ਸ਼ਾਮਲ ਹਨ। ਪ੍ਰਿਯੰਕਾ ਪਹਿਲੇ ਨੰਬਰ ਉੱਤੇ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

ukttc
UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Counterbalance
Air Brake Classes Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲ੍ਹਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

# 'ਕਰਾਈਮ ਪੋਰਟਲ' ਦੇਖ ਕੇ 4,04,84,00 ਰੁਪਏ ਉਡਾ ਲਏ

ਨੋਇਡਾ, 9 ਦਸੰਬਰ (ਪੋਸਟ ਬਿਊਰੋ)- ਇਥੇ ਲੁੱਟ ਦੀ ਵਾਰਦਾਤ ਕਰਨ ਦੇ ਦੋਸ਼ੀ ਦੋ ਲੋਕਾਂ ਨੂੰ ਪੁਲਸ ਨੇ ਉਤਰ ਪ੍ਰਦੇਸ਼ ਦੇ ਮੈਨਪੁਰੀ ਤੋਂ ਗ੍ਰਿਫਤਾਰ ਕੀਤਾ ਹੈ। ਇਨ੍ਹਾਂ ਦੇ ਦਿਮਾਗ ਵਿੱਚ ਲੁੱਟ ਦਾ ਆਈਡੀਆਂ ਟੀ ਵੀ ਸ਼ੋਅ' ਕ੍ਰਾਇਮ ਪੈਟ੍ਰੋਲ' ਦੇਖ ਕੇ ਆਇਆ ਅਤੇ ਇਨ੍ਹਾਂ ਨੇ ਨੋਇਡਾ ਦੀ ਨਿੱਜੀ ਕੈਸ਼ ਕੰਪਨੀ ਦੇ ਕਸਟੋਡਿਅਨ ਸਾਥੀ ਨਾਲ ਮਿਲ ਕੇ ਉਸ ਕੰਪਨੀ ਦੇ ਕਰੀਬ 4,04,843,000 ਰੁਪਇਆਂ 'ਤੇ ਹੱਥ ਸਾਫ ਕਰ ਦਿੱਤਾ।

ਦੱਸਿਆ ਜਾਂਦਾ ਹੈ ਕਿ 4,04,84,000 ਰੁਪਏ ਗਾਇਬ ਹੋਣ ਉਤੇ ਕੈਸ਼ ਕੰਪਨੀ ਲਾਜੀਕੈਸ਼ ਸਾਲਊਸ਼ਨ ਪ੍ਰਾਈਵੇਟ ਲਿਮਿਟਿਡ ਨੇ ਆਪਣੇ ਕਸਟੋਡੀਅਨ ਧਰਮੇਸ਼ ਦੇ ਖਿਲਾਫ ਪਾਂਡਵ ਨਗਰ ਥਾਣੇ ਵਿੱਚ ਸ਼ਿਕਾਇਤ ਕੀਤੀ। ਕੰਪਨੀ ਨੇ ਪੁਲਸ ਨੂੰ ਦੱਸਿਆ ਕਿ ਕੰਪਨੀ ਦੀ ਕੈਸ਼ ਵੈਨ ਮਊਰ ਵਿਹਾਰ ਫੇਜ-1 ਵਾਲੇ ਐਚ ਡੀ ਐਫ ਸੀ ਬੈਂਕ ਲਈ ਇਹ ਕੈਸ਼ ਲੈ ਕੇ ਆਈ ਸੀ। ਕਸਟੋਡੀਅਨ ਧਰਮਿੰਦਰ ਆਪਣੀ ਸਕੂਟੀ 'ਤੇ ਸਵਾਰ ਸੀ। ਵੈਨ ਚਾਲਕ ਜਸਪਾਲ ਤੇ ਗਨਮੈਨ ਵਿਨੋਦ ਸਿੰਘ ਨੇ ਕੈਸ਼ ਨਾਲ ਭਰਿਆ ਬਕਸਾ ਧਰਮੇਸ਼ ਨੂੰ ਬੈਂਕ ਦੇ ਸਾਹਮਣੇ ਦਿੱਤਾ। ਇਸ ਮਗਰੋਂ ਕੈਸ਼ ਵੈਨ ਚਲੀ ਗਈ। ਫਿਰ ਧਰਮੇਸ਼ ਨੇ ਰਾਸ਼ੀ ਬੈਂਕ ਵਿੱਚ ਨਹੀਂ ਦਿੱਤੀ ਅਤੇ ਉਸ ਨੂੰ ਲੈ ਕੇ ਫਰਾਰ ਹੋ ਗਿਆ। ਇਸ ਉਤੇ ਪੁਲਸ ਨੇ ਸੀ ਸੀ ਟੀ ਵੀ ਫੁਟੇਜ਼ ਖੰਗਾਲੀ ਤਾਂ ਪਤਾ ਚੱਲਿਆ ਕਿ ਧਰਮੇਸ਼ ਵਾਰਦਾਤ ਦੇ ਬਾਅਦ ਆਪਣੇ ਸਾਥੀ ਦੇ ਨਾਲ ਸਕੂਟੀ ਤੋਂ ਮਿਊਰ ਵਿਹਾਰ ਵਿੱਚ ਤੀਸਰਾ ਪੁਸ਼ਤਾ ਉਸਮਾਨਪੁਰ, ਕੈਥਵਾੜਾ ਪਹੁੰਚਿਆ ਸੀ। ਫੁਟੇਜ ਦੀ ਮਦਦ ਨਾਲ ਧਰਮੇਸ਼ ਦੇ ਸਾਥੀ ਅਜੈ ਦੀ ਵੀ ਪਛਾਣ ਹੋ ਗਈ। ਪੁਲਸ ਨੇ ਸਰਵੇਲਾਂਸ ਦੀ ਮਦਦ ਨਾਲ ਯੂ ਪੀ ਦੇ ਮੈਨਪੁਰੀ ਨੇੜਲੇ ਕੁਰਾਵਲੀ ਪਿੰਡ ਤੋਂ ਕੱਲ੍ਹ ਸਵੇਰੇ ਦੋਵਾਂ ਨੂੰ ਦਬੋਚ ਲਿਆ। ਦੋਸ਼ੀ ਕਿਰਾਏ ਦਾ ਕਮਰਾ ਲੈ ਕੇ ਰਹਿ ਰਿਹਾ ਸੀ। ਇਸ ਤੋਂ 5.55 ਲੱਖ ਰੁਪਏ, ਐਲ ਈ ਡੀ ਟੀ ਵੀ, ਸੋਨੇ ਦੀ ਚੇਨ, ਅੰਗੂਠੀ ਅਤੇ ਇੱਕ ਆਈਫੋਨ ਬਰਾਮਦ ਹੋਇਆ ਹੈ।

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates
ਵਨਾਈਲ ਅਤੇ ਐਲੁਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

ShersGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

# ਮਾਰਖ਼ਮ ਬ੍ਰਦਰਹੁੱਡ ਕਲੱਬ ਵੱਲੋਂ ਖਾਲਸਾ ਏਡ ਲਈ ਮਦਦ ਇਕੱਤਰ



ਟੋਰਾਂਟੋ, 9 ਦਸੰਬਰ (ਹੀਰਾ ਰੰਧਾਵਾ)- ਬੀਤੇ ਦਿਨੀਂ ਮਾਰਖ਼ਮ ਬ੍ਰਦਰਹੁੱਡ ਸੀਨੀਅਰਜ਼ ਕਲੱਬ ਵੱਲੋਂ ਇੱਕ ਮਿਲਣੀ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਖਾਲਸਾ ਏਡ ਸੁਸਾਇਟੀ ਵੱਲੋਂ ਭਾਰਤ ਵਿੱਚ ਲੋੜਵੰਦਾਂ ਦੀ ਮਦਦ ਲਈ ਕੀਤੇ ਜਾ ਰਹੇ ਕਾਰਜਾਂ ਦੀ ਸਰਾਹਨਾਂ ਕੀਤੀ ਗਈ। ਇਸ ਇਕੱਤਰਤਾ ਵਿੱਚ ਮੌਜੂਦ ਮੈਂਬਰਾਂ ਵੱਲੋਂ ਪੈਸੇ ਇਕੱਠੇ ਕਰਕੇ ਖਾਲਸਾ ਏਡ ਨੂੰ ਸਹਾਇਤਾ ਭੇਜੀ ਗਈ। ਇਸ ਮੌਕੇ ਭਾਰਤ ਨੂੰ ਜਾ ਰਹੇ ਸੀਨੀਅਰਜ਼ ਨੂੰ ਸ਼ੁਭ ਇਛਾਵਾਂ ਭੇਟ ਕੀਤੀਆਂ ਗਈਆਂ। ਯਾਦ ਰਹੇ ਕਿ ਸੰਸਥਾ ਵੱਲੋਂ ਸੀਨੀਅਰਜ਼ ਦੀ ਫਿਟਨੈੱਸ ਸੰਬੰਧੀ ਕਈ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ ਜਿਨਾਂ ਬਾਰੇ ਮੀਟਿੰਗ ਵਿੱਚ ਚਰਚਾ ਕੀਤੀ ਗਈ। ਇਸ ਮੌਕੇ ਸੰਸਥਾ ਵੱਲੋਂ ਭਵਿੱਖ ਵਿੱਚ ਕੀਤੇ ਜਾਣ ਵਾਲੇ ਪ੍ਰੋਗਰਾਮਾਂ ਬਾਰੇ ਵੀ ਵਿਚਾਰਾਂ ਕੀਤੀਆਂ ਗਈਆਂ। ਸੰਸਥਾ ਬਾਰੇ ਕਿਸੇ ਵੀ ਕਿਸਮ ਦੀ ਜਾਣਕਾਰੀ ਲਈ ਸ੍ਰੀ ਪਿਆਰਾ ਸਿੰਘ ਨੂੰ 416-716-1317 ਜਾਂ ਸ੍ਰੀਮਤੀ ਅਮਨਦੀਪ ਕੌਰ ਨੂੰ 647-771-4910 'ਤੇ ਫੋਨ ਕੀਤਾ ਜਾ ਸਕਦਾ ਹੈ।

# ਨਿਊਜ਼ੀਲੈਂਡ ਦੇ 'ਵਾਈਟ ਆਈਲੈਂਡ' ਅੰਦਰ ਜਵਾਲਾਮੁਖੀ ਫਟਿਆ, ਇਕ ਸੈਲਾਨੀ ਦੀ ਮੌਤ ਦਰਜਨਾਂ ਫੱਟੜ

ਔਕਲੈਂਡ 9 ਦਸੰਬਰ (ਹਰਜਿੰਦਰ ਸਿੰਘ ਬਸਿਆਲਾ)-ਅੱਜ ਬਾਅਦ ਦੁਪਹਿਰ 2 ਵੱਜ ਕੇ 11 ਮਿੰਟ ਉਤੇ ਨਿਊਜ਼ੀਲੈਂਡ ਦੇ 'ਵਾਈਟ ਆਈਲੈਂਡ' ਅੰਦਰ ਇਕ ਕ੍ਰਿਆਸ਼ੀਲ ਜਵਾਲਾਮੁਖੀ ਫਟ ਗਿਆ ਜਿਸ ਕਾਰਨ ਇਕ ਸੈਲਾਨੀ ਦੀ ਮੌਤ ਹੋ ਗਈ ਅਤੇ ਦਰਜਨਾਂ ਦੇ ਜ਼ਖਮੀ ਹੋਣ ਦੀ ਖਬਰ ਹੈ। ਇਸ ਜਵਾਲਾਮੁਖੀ ਦੇ ਵਿਚੋਂ ਸਦੀਆਂ ਤੋਂ ਧੂੰਆਂ ਨਿਕਲਦਾ ਸੀ ਅਤੇ ਬੜੀ ਸਾਵਧਾਨੀ ਦੇ ਨਾਲ ਇਥੇ ਲੋਕ ਵੇਖਣ ਜਾਂਦੇ ਸਨ। 23 ਜ਼ਖਮੀਆਂ ਨੂੰ ਹਸਪਤਾਲ ਪਹੁੰਚਾਇਆ ਗਿਆ ਹੈ। ਕਈ ਹੈਲੀਕਾਪਟਰ ਅਤੇ ਬਚਾਅ ਦੱਲ ਦੇ ਕਰਮਚਾਰੀ ਇਸ ਟਾਪੂ 'ਤੇ ਫਸੇ ਲੋਕਾਂ ਨੂੰ ਵਾਪਿਸ ਲਿਆਉਣ ਲਈ ਆਪ੍ਰੇਸ਼ਨ ਦੇ ਵਿਚ ਹਨ। ਜਵਾਲਾਮੁਖੀ ਫਟਣ ਕਾਰਨ ਇਕ ਹੈਲੀਕਾਪਟਰ ਵੀ ਉਥੇ ਫਸ ਗਿਆ ਹੈ। ਉਚੀ ਉਡੀ ਸੁਆਹ ਨੇ ਸਾਰੇ ਪਾਸੇ ਚਿੱਟੇ ਰੰਗ ਦੀ ਚਾਦਰ ਵਿਛਾ ਦਿੱਤੀ ਹੈ।

ਵਰਨਣਯੋਗ ਹੈ ਕਿ ਇਹ ਟਾਪੂ ਔਕਲੈਂਡ ਤੋਂ 227 ਕਿਲੋਮੀਟਰ ਦੀ ਦੂਰੀ ਤੋਂ ਸ਼ਹਿਰ ਫਾਕਾਰਾਈ ਤੋਂ ਅੱਗੇ ਕਿਸ਼ਤੀ ਜਾਂ ਜਹਾਜ਼ ਵਿਚ ਜਾਣਾ ਪੈਂਦਾ ਹੈ। ਸੈਲਾਨੀਆਂ ਦੇ ਲਈ ਇਹ ਵੱਡੇ ਖਿੱਚ ਦਾ ਕੇਂਦਰ ਹੈ। ਸਮੁੰਦਰ ਦੇ ਵਿਚ ਇਸ ਕੋਨ ਨੁਮਾ ਟਾਪੂ ਦੇ ਅੰਦਰ 1 ਲੱਖ 50 ਹਜ਼ਾਰ ਸਾਲ ਤੋਂ ਵੀ ਪਹਿਲਾਂ ਅਜਿਹਾ ਜਵਾਲਾਮੁਖੀ ਕ੍ਰਿਆਸ਼ੀਲ ਹੈ। ਸਮੁੰਦਰ ਦੇ ਪੈਰਾਂ ਦੇ ਵਿਚੋਂ ਨਿਕਲਦਾ ਚਿੱਟੇ ਰੰਗ ਦਾ ਧੂੰਆ ਅਤੇ ਚਿੱਟਾ ਪੱਥਰ ਇਸ ਨੂੰ ਵਾਈਟ ਆਈਲੈਂਡ ਕਹਾਉਂਦਾ ਹੈ। ਭੂਗੋਲਿਕ ਖੋਜੀ ਜੇਮਜ ਕੁੱਕ ਨੇ ਇਸਨੂੰ 1769 ਦੇ ਵਿਚ ਪਹਿਲੀ ਵਾਰ ਵੇਖਿਆ ਸੀ। ਇਹ ਟਾਪੂ ਲਗਪਗ 2 ਕਿਲੋਮੀਟਰ ਗੋਲਾਕਾਰ ਹੈ ਅਤੇ ਇਸਦੀ ਉਚਾਈ ਸਮੁੰਦਰੀ ਤਲ ਤੋਂ 321 ਮੀਟਰ (1053 ਫੁੱਟ) ਹੈ। ਲਗਪਗ 800 ਖੇਤਰਾਂ ਦੇ ਵਿਚ ਫੈਲਿਆ ਇਹ ਟਾਪੂ ਜਵਾਲਾਮੁਖੀ ਕਰਕੇ ਬਹੁਤ ਪ੍ਰਸਿੱਧ ਹੈ। 1914 ਤੱਕ ਇਥੇ ਸਲਫਰ ਕੱਢਿਆ ਜਾਂਦਾ ਸੀ ਪਰ ਇਕ ਦੁਰਘਟਨਾ ਜਿਸ ਦੇ ਵਿਚ ਸਾਰੇ ਕਾਮੇ ਮਾਰੇ ਗਏ, ਤੋਂ ਬਾਅਦ ਸਲਫਰ ਕੱਢਣਾ ਬੰਦ ਕਰ ਦਿੱਤਾ ਗਿਆ ਸੀ।





*ਨਿਊਜ਼ੀਲੈਂਡ ਦੇ ਵਾਈਟ ਆਈਲੈਂਡ ਦੇ ਵਿਚ ਜਵਾਲਾਮੁਖੀ ਫਟਣ ਦੇ ਬਾਅਦ ਦੀਆਂ ਤਸਵੀਰਾਂ।*

## ਦੋਸਤ ਦੀ ਕਾਰ ਲੈ ਕੇ ਖਾਣਾ ਖਾਣ ਗਏ ਚਾਰ ਨੌਜਵਾਨਾਂ ਦੀ ਹਾਦਸੇ ਵਿੱਚ ਮੌਤ

ਹਿਸਾਰ, 9 ਦਸੰਬਰ (ਪੋਸਟ ਬਿਊਰੋ)- ਹਿਸਾਰ-ਦਿੱਲੀ ਨੈਸ਼ਨਲ ਹਾਈਵੇ-9 ਉੱਤੇ ਪਾਲੀਟੈਕਨਿਕ ਕਾਲਜ ਦੇ ਸਾਹਮਣੇ ਪਰਾਲੀ ਨਾਲ ਭਰੇ ਓਵਰਲੋਡ ਟਰੈਕਟਰ-ਟਰਾਲੀ ਨੂੰ ਐਸ ਐਕਸ 4 ਕਾਰ ਪਿੱਛੋਂ ਜਾ ਵੱਜੀ ਗਈ। ਬੁੱਧਵਾਰ ਤੜਕੇ ਹੋਏ ਇਸ ਹਾਦਸੇ ਵਿੱਚ ਕਾਰ ਸਵਾਰ ਚਾਰ ਜਣੇ, ਚਰਖੀ ਦਾਦਰੀ ਦੇ ਪਿੰਡ ਸਾਹੂਵਾਸ ਦੇ ਪਰਵਿੰਦਰ, ਨਸੀਬ, ਅਟੇਲਾ ਖੁਰਦ ਦੇ ਅੰਕਿਤ ਤੇ ਘਸੋਲਾ ਦੇ ਅੰਕਿਤ ਨੇ ਮੌਕੇ 'ਤੇ ਦਮ ਤੋੜ ਦਿੱਤਾ। ਦੂਸਰੇ ਦੋ ਜ਼ਖਮੀ ਹਨ।

ਮਾਰੇ ਗਏ ਨੌਜਵਾਨਾਂ ਦੀ ਉਮਰ 20-22 ਸਾਲ ਸੀ ਤੇ ਇਹ ਸਾਰੇ ਕੁਆਰੇ ਸਨ। ਨਸੀਬ ਪਰਵਾਰ ਦਾ ਇਕਲੌਤਾ ਬੇਟਾ ਸੀ। ਪੀ ਜੀ ਵਿੱਚ ਰਹਿ ਰਿਹਾ ਪਰਮਿੰਦਰ ਕਿਸੇ ਦੋਸਤ ਦੀ ਕਾਰ ਲੈ ਕੇ ਸਾਰਿਆਂ ਨੂੰ ਹੋਟਲ ਵਿੱਚ ਖਾਣਾ ਖੁਆਉਣ ਲੈ ਗਿਆ ਸੀ। ਮੁੜਦੇ ਸਮੇਂ ਹਾਦਸਾ ਹੋ ਗਿਆ, ਜਿਸ ਦਾ ਮੁੱਖ ਕਾਰਨ ਓਵਰਸਪੀਡ ਅਤੇ ਹਾਈਵੇ ਉਤੇ ਬਿਨਾਂ ਰਿਫਲੈਕਟਰ ਲੱਗੇ ਵਾਹਨ ਦਾ ਖੜ੍ਹਾ ਹੋਣਾ ਦੱਸਿਆ ਜਾ ਰਿਹਾ ਹੈ। ਮਿਲਗੇਟ ਥਾਣੇ ਦੇ ਐੱਸ ਐੱਚ ਓ ਜਗਜੀਤ ਨੇ ਦੱਸਿਆ ਕਿ ਹਾਦਸੇ ਵਾਲੀ ਜਗ੍ਹਾ ਵਾਹਨ ਕਬਜ਼ੇ ਵਿੱਚ ਲੈ ਕੇ ਸਾਹੂਵਾਸ ਦੇ ਧਰਮਿੰਦਰ (ਪਰਵਿੰਦਰ ਦਾ ਚਾਚਾ) ਦੀ ਸ਼ਿਕਾਇਤ 'ਤੇ ਟਰੈਕਟਰ ਚਾਲਕ ਦੇ ਖਿਲਾਫ ਕੇਸ ਦਰਜ ਕੀਤਾ ਗਿਆ ਹੈ।

# ਹਨੀਪ੍ਰੀਤ ਸਵਾ ਦੋ ਸਾਲਾਂ ਬਾਅਦ ਗੁਰਮੀਤ ਰਾਮ ਰਹੀਮ ਨੂੰ ਮਿਲੀ



ਰੋਹਤਕ, 9 ਦਸੰਬਰ, (ਪੋਸਟ ਬਿਊਰੋ)-ਆਪਣੀਆਂ ਦੋ ਸਾਧਵੀਆਂ ਨਾਲਬਲਾਤਕਾਰ ਤੇ ਇੱਕ ਪੱਤਰਕਾਰ ਦੇ ਕਤਲ ਦੇ ਦੋਸ਼ ਵਿੱਚ ਹਰਿਆਣਾ ਦੇ ਰੋਹਤਕ ਦੀ ਸੁਨਾਰੀਆ ਜੇਲ੍ਹ ਵਿੱਚ ਬੰਦ ਕੀਤੇ ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਨਾਲ ਉਸ ਦੀ ਮੂੰਹ-ਬੋਲੀ ਬੇਟੀ ਹਨੀਪ੍ਰੀਤ ਕੌਰ ਦੀ ਮੁਲਾਕਾਤ 835 ਦਿਨਾਂ ਤੋਂ ਬਾਅਦ ਅੱਜ ਹੋਈ। 25 ਅਗਸਤ 2017 ਦੇ ਬਾਅਦ ਤੋਂ ਜੇਲ੍ਹ ਵਿੱਚ ਬੰਦ ਡੇਰਾ ਮੁਖੀ ਦਾ ਬਦਲਿਆ ਰੂਪ ਦੇਖ ਕੇ ਇਕ ਵਾਰਓਹ ਹੱਕੀ-ਬੱਕੀ ਰਹਿ ਗਈ ਤੇ ਜਦੋਂ ਗੱਲਬਾਤ ਸ਼ੁਰੂ ਹੋਈ ਤਾਂ ਫੁਟ-ਫੁਟ ਕੇ ਰੋਣ ਲੱਗ ਪਈ।

ਵਰਨਣ ਯੋਗ ਹੈ ਕਿ ਸੁਰੱਖਿਆ ਕਾਰਨ ਹਨੀਪ੍ਰੀਤ ਦੀ ਡੇਰਾ ਮੁਖੀ ਨਾਲ ਮੁਲਾਕ-ਾਤ ਨੂੰ ਪੂਰੀ ਤਰ੍ਹਾਂ ਗੁਪਤ ਰੱਖਿਆ ਗਿਆ ਸੀ ਤਾਂ ਜੋ ਕਾਨੂੰਨ ਵਿਵਸਥਾ ਨਾ ਵਿਗੜੇ। ਹਨੀਪ੍ਰੀਤ ਸੋਮਵਾਰ ਦੁਪਹਿਰ ਢਾਈ ਵਜੇ ਸੁਨਾਰੀਆ ਜੇਲ੍ਹ ਵਿੱਚ ਪੁੱਜੀ ਤਾਂ ਉਸ ਨਾਲ ਸਿਰਸੇ ਡੇਰੇ ਦੀ ਚੇਅਰਪਰਸਨ ਸ਼ੋਭਾ ਗੇਰਾ, ਚਰਨਜੀਤ ਤੇ ਦੋ ਵਕੀਲ ਸਨ। ਜੇਲ੍ਹ ਕੰਪਲੈਕਸ ਤੋਂ ਪਹਿਲਾਂ ਤਿੰਨ ਥਾਵਾਂ ਉੱਤੇ ਉਨ੍ਹਾਂ ਦੀ ਕਾਰ ਦੀ ਜਾਂਚ ਕੀਤੀ ਗਈ। ਫਿਰ ਰਾਮ ਰਹੀਮ ਨਾਲ ਮੁਲਾਕਾਤ ਦੇ ਕਮਰੇ ਵਿਚ ਜਾਣ ਦਿੱਤਾ ਗਿਆ। ਲੋਹੇ ਦੀ ਗਰਿੱਲ, ਸ਼ੀਸ਼ੇ ਤੇ ਜਾਲੀ ਵਿੱਚੋਂ ਰਾਮ ਰਹੀਮ ਨੂੰ ਦੇਖ ਕੇ ਹਨੀਪ੍ਰੀਤ ਇਕ ਵਾਰ ਹੱਕੀ-ਬੱਕੀ ਰਹਿ ਗਈ, ਕਿਉਂਕਿ ਜੇਲ੍ਹਜਾਣਤੋਂ ਪਹਿਲਾਂ ਡੇਰਾ ਮੁਖੀ ਦਾ ਵਜ਼ਨ ਸੌ ਕਿਲੋਗ੍ਰਾਮ ਤੋਂਵੱਧਅਤੇ ਦਾੜ੍ਹੀ ਪੂਰੀ ਕਾਲੀ ਸੀ। ਅੱਜ ਕੱਲ੍ਹ 15 ਤੋਂ 20 ਕਿਲੋ ਵਜ਼ਨ ਘਟ ਚੁੱਕਾ ਤੇ ਦਾੜ੍ਹੀ ਪੂਰੀ ਚਿੱਟੀ ਹੋ ਗਈ ਹੈ। ਉਸ ਦਾ ਬਦਲਿਆ ਰੂਪ ਦੇਖ ਕੇ ਹਨੀਪ੍ਰੀਤ ਫੁਟ-ਫੁਟ ਕੇ ਰੋਣ ਲੱਗੀ। ਫਿਰ ਉਸ ਨੇ ਖ਼ੁਦ ਨੂੰ ਸੰਭਾਲਿਆ, ਕਿਉਂਕਿ ਮੁਲਾਕਾਤ ਦਾ ਸਮਾਂ ਸੀਮਤ ਰੱਖਿਆ ਗਿਆ ਸੀ।

ਵਰਨਣ ਯੋਗ ਹੈ ਕਿ 25 ਅਗਸਤ 2017 ਨੂੰ ਜਦੋਂਪੰਚਕੂਲਾ ਵਿਚ ਸੀਬੀਆਈ ਦੀ ਵਿਸ਼ੇਸ਼ ਅਦਾਲਤ ਨੇ ਡੇਰਾ ਮੁਖੀ ਨੂੰ ਸਾਧਵੀਆਂ ਨਾਲ ਬਲਾਤਕਾਰ ਦਾ ਦੋਸ਼ੀ ਕਰਾਰ ਦਿੱਤਾ ਤਾਂ ਉਸ ਨੂੰ ਹੈਲੀਕਾਪਟਰ ਰਸਤੇ ਸੁਨਾਰੀਆ ਜੇਲ੍ਹ ਭੇਜਿਆ ਗਿਆ ਸੀ। ਓਦੋਂਰਾਮ ਰਹੀਮ ਦੇ ਨਾਲ ਹੈਲੀਕਾਪਟਰ ਵਿੱਚ ਹਨੀਪ੍ਰੀਤ ਵੀ ਸੁਨਾਰੀਆ ਜੇਲ੍ਹ ਤੱਕ ਪੁੱਜੀ ਸੀ।ਇਸ ਪਿੱਛੋਂ ਦੋਵਾਂ ਦੀ ਕੋਈ ਮੁਲਾਕਾਤ ਨਹੀਂ ਹੋਈ। ਫਿਰ ਪੰਚਕੂਲਾ ਵਿੱਚ ਹਿੰਸਾ ਭੜਕਣ ਦੇ ਕੇਸ ਵਿੱਚ ਹਨੀਪ੍ਰੀਤ ਨੂੰ ਵੀ ਦੇਸ਼ਧ੍ਰੋਹ ਦੇ ਦੋਸ਼ ਹੇਠ ਗ੍ਰਿਫ਼ਤਾਰ ਕਰ ਕੇ ਜੇਲ੍ਹ ਭੇਜ ਦਿੱਤਾ ਗਿਆ ਸੀ। ਦੇਸ਼ਧ੍ਰੋਹ ਦੀ ਧਾਰਾ ਹਟਣ ਪਿੱਛੋਂ ਹਨੀਪ੍ਰੀਤ ਨੂੰ ਜ਼ਮਾਨਤਮਿਲ ਗਈ ਤਾਂ ਉਹ ਡੇਰਾ ਮੁਖੀ ਨੂੰ ਮਿਲਣ ਦੀ ਕੋਸ਼ਿਸ਼ ਵਿੱਚ ਸੀ, ਪਰ ਪੁਲਿਸ ਕਾਨੂੰਨ ਵਿਵਸਥਾ ਵਿਗੜਨ ਦਾ ਹਵਾਲਾ ਦੇ ਕੇ ਮੁਲਾਕਾਤ ਨਾ ਕਰਾਉਣ ਦੀ ਰਿਪੋਰਟ ਦੇ ਰਹੀ ਸੀ। ਫਿਰ ਜੇਲ੍ਹ ਮੈਨੂਅਲ ਮੁਤਾਬਕ ਹਨੀਪ੍ਰੀਤ ਦੀ ਸੋਮਵਾਰ ਨੂੰ ਗੁੱਪਚੁਪ ਤਰੀਕੇ ਨਾਲ ਮੁਲਾਕਾਤ ਕਰਵਾਈ ਗਈ ਹੈ।

## ਹਥਿਆਰ ਸੋਧ ਬਿੱਲ ਪਾਸ, ਖ਼ੁਸ਼ੀ ਮੌਕੇ ਫਾਇਰਿੰਗ ਕਰਨਵਾਲਿਆਂ ਨੂੰ ਜੇਲ ਹੋਵੇਗੀ

ਨਵੀਂ ਦਿੱਲੀ, 9 ਦਸੰਬਰ, (ਪੋਸਟ ਬਿਊਰੋ)-ਭਾਰਤੀ ਪਾਰਲੀਮੈਂਟ ਦੇ ਹੇਠਲੇ ਸਦਨ ਲੋਕ ਸਭਾ ਨੇ ਅੱਜ ਹਥਿਆਰਾਂ ਬਾਰੇ ਸੋਧ ਬਿੱਲ 2019 ਨੂੰ ਪਾਸ ਕਰ ਦਿੱਤਾ ਹੈ। ਇਸ ਬਿੱਲ ਵਿਚ ਅਪਰਾਧਾਂ ਦੀ ਵਿਆਖਿਆ ਕਰਨ ਦੇ ਨਾਲ ਗੈਰ-ਕਾਨੂੰਨੀ ਹਥਿਆਰ ਬਣਾਉਣ, ਵੇਚਣ, ਇੰਪੋਰਟ-ਐਕਸਪੋਰਟ ਦੀ ਸਜ਼ਾ ਵਧਾਈ ਜਾਣੀ ਹੈ।

ਲੋਕ ਸਭਾ ਵਿੱਚ ਚਰਚਾ ਦਾ ਜਵਾਬ ਦਿੰਦੇ ਹੋਏ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ, 'ਸਾਲ 1959 ਦੇ ਐਕਟ ਵਿੱਚ ਕਈ ਖਾਮੀਆਂ ਸਨ ਤੇ ਇਸ ਨਵੇਂ ਬਿੱਲ ਨਾਲ ਉਨ੍ਹਾਂ ਨੂੰ ਦੂਰ ਕੀਤਾ ਜਾਣਾ ਹੈ। ਇਸ ਵਿਚ ਖਾਮੀਆਂ ਖਤਮ ਕਰਨ ਦਾ ਯਤਨ ਹੈ ਤੇ ਖਿਡਾਰੀਆਂ ਨੂੰ ਛੋਟਾਂ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਖਿਡਾਰੀਆਂ ਨੂੰ ਪ੍ਰੈਕਟਿਸ ਲਈ ਹਥਿਆਰਾਂ ਵਿੱਚ ਕਟੌਤੀ ਨਹੀਂ ਕੀਤੀ ਗਈ ਤੇ ਸਾਬਕਾ ਫੌਜੀਆਂ ਦੇ ਹਿੱਤਾਂ ਦਾ ਵੀ ਧਿਆਨ ਵਿੱਚ ਰੱਖਿਆ ਹੈ, ਕਿਉਂਕਿ ਉਹ ਦੇਸ਼ ਦੇ ਜ਼ਿੰਮੇਦਾਰ ਨਾਗਰਿਕ ਹਨ। ਉਨ੍ਹਾਂ ਕਿਹਾ ਕਿ ਪਹਿਲੇ ਕਾਨੂੰਨ ਵਿੱਚ ਗੈਰ-ਕਾਨੂੰਨੀ ਹਥਿਆਰ ਰੱਖਣ ਅਤੇ ਬਣਾਉਣ ਵਾ-ਲਿਆਂ ਦੋਵਾਂ ਲਈ ਬਰਾਬਰ ਸਜ਼ਾ ਸੀ।ਸ਼ਾਹ ਨੇ ਕਿਹਾ ਕਿ ਗੈਰ-ਕਾਨੂੰਨੀ ਹਥਿਆਰ ਵੇਚਣ ਤੇ ਤਸਕਰੀ ਵਾਲਿਆਂ ਨੂੰ ਉਮਰ ਕੈਦ ਦੀ ਸਜ਼ਾ ਰੱਖੀ ਗਈ ਹੈ, ਇਸ ਵਿਚ ਕਿਸੇ ਨੂੰ ਇਤਰਾਜ਼ ਨਹੀਂ ਹੋ ਸਕਦਾ। ਪਾਬੰਦੀਸ਼ੁਦਾ ਗੋਲਾ-ਬਾਰੂਦ ਰੱਖਣ ਵਾਲਿਆਂ ਨੂੰ 7 ਤੋਂ 14 ਸਾਲ ਦੀ ਸਜ਼ਾ ਦੀ ਵਿਵਸਥਾ ਹੈ। ਉਨ੍ਹਾਂ ਨੇ ਕਿਹਾ ਕਿ ਤਿਉਹਾਰਾਂ, ਵਿਆਹ-ਸ਼ਾਦੀਆਂ ਦੇ ਮੌਕੇ ਫਾਇਰਿੰਗ ਕਰਨ ਵਾਲਿਆਂ ਨੂੰ ਜੇਲ ਜਾਣਾ ਪਵੇਗਾ। ਸਾਲ 2016 ਵਿੱਚ ਖ਼ੁਸ਼ੀ ਮੌਕੇ ਫਾਇਰਿੰਗ ਵਿੱਚ169 ਲੋਕਾਂ ਦੀ ਮੌਤ ਹੋਈ ਸੀ। ਬਿੱਲਦੀ ਚਰਚਾ ਦੌਰਾਨ ਕਾਂਗਰਸ ਮੈਂਬਰ ਪ੍ਰਨੀਤ ਕੌਰ ਨੇ ਕਿਹਾ ਕਿ ਗੈਰ-ਕਾਨੂੰਨੀ ਹਥਿਆਰਾਂ ਉੱਤੇ ਰੋਕ ਤੇ ਲੋੜਵੰਦ ਲੋਕਾਂ ਨੂੰ ਹਥਿਆਰਾਂ ਲਾਇਸੈਂਸ ਜਾਰੀ ਕਰਨ ਅਤੇ ਇਕ ਲਾਇਸੈਂਸ ਉੱਤੇ ਤਿੰਨ ਹਥਿਆਰ ਰੱਖਣ ਦੀ ਵਿਵਸਥਾ ਕਾਇਮ ਰੱਖੀ ਜਾਵੇ।

# ਸ਼ਹੀਦੀ ਜੋੜ ਮੇਲੇ ਸੰਬੰਧੀ ਸਮਾਗਮ 25 ਦਸੰਬਰ ਨੂੰ

ਟੋਰਾਂਟੋ, 9 ਦਸੰਬਰ (ਹੀਰਾ ਰੰਧਾਵਾ)-ਸਰਬੰਸ ਦਾਨੀ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪੂਜਨੀਕ ਮਾਤਾ ਗੁਜਰੀ ਜੀ ਅਤੇ ਚਾਰੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਿਹ ਸਿੰਘ ਜੀ ਦੀ ਲਾਸਾਨੀ ਸ਼ਹੀਦੀ ਜੋ ਰਹਿੰਦੀ ਦੁਨੀਆਂ ਤੀਕ ਯਾਦ ਰਹੇਗੀ, ਦੀ ਨਿੱਘੀ ਯਾਦ ਨੂੰ ਵਿਚ ਬਾਬਾ ਜ਼ੋਰਾਵਾਰ ਸਿੰਘ ਬਾਬਾ ਫ਼ਤਿਹ ਸਿੰਘ ਯਾਦਗਾਰੀ ਕਮੇਟੀ ਫ਼ਤਿਹਗੜ੍ਹ ਸਾਹਿਬ ਅਤੇ ਟੋਰਾਂਟੋ ਇਲਾਕਾ ਨਿਵਾਸੀ ਸੰਗਤਾਂ ਵੱਲੋਂ ਓਨਟਾਰੀਓ ਖਾਲਸਾ ਦਰਬਾਰ ਡਿਕਸੀ ਰੋਡ ਗੁਰਦੁਆਰਾ ਸਾਹਿਬ ਦੇ ਹਾਲ ਨੰਬਰ 3 ਅਤੇ 4 ਵਿਚ ਸੋਮਵਾਰ ਮਿਤੀ 23 ਦਸੰਬਰ ਨੂੰ ਸਵੇਰੇ 10.00 ਵਜੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਅਖੰਡ ਪਾਠ ਅਰੰਭ ਹੋਣਗੇ ਜਿਨ੍ਹਾਂ ਦੇ ਭੋਗ 25 ਦਸੰਬਰ ਦਿਨ ਬੁੱਧਵਾਰ ਨੂੰ ਸਵੇਰੇ 10.30 ਵਜੇ ਪਾਏ ਜਾਣਗੇ। ਉਪਰੰਤ, ਰਾਗੀ ਸਿੰਘਾਂ ਅਤੇ ਬੱਚਿਆਂ ਵੱਲੋਂ ਗੁਰਬਾਣੀ ਦਾ ਮਨੋਹਰ ਕੀਰਤਨ ਹੋਵੇਗਾ, ਪ੍ਰਸਿੱਧ ਕਥਾਕਾਰ ਭਾਈ ਗੁਲਜ਼ਾਰ ਸਿੰਘ ਗੁਰੂ ਗੋਬਿੰਦ ਸਿੰਘ ਜੀ ਤੇ ਚਾਰ ਸਾਹਿਬਜ਼ਾਦਿਆਂ ਦੇ ਜੀਵਨ ਅਤੇ ਗੌਰਵਮਈ ਸਿੱਖ ਇਤਿਹਾਸ ਬਾਰੇ ਆਪਣੇ ਵਿਚਾਰ ਪੇਸ਼ ਕਰਨਗੇ ਅਤੇ ਢਾਡੀ-ਸਿੰਘਾਂ ਵੱਲੋਂ ਸੂਰਬੀਰਾਂ ਦੀਆਂ ਵਾਰਾਂ ਦਾ ਗਾਇਨ ਕੀਤਾ ਜਾਏਗਾ। ਪ੍ਰਬੰਧਕਾਂ ਵੱਲੋਂ ਸਮੂਹ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਬੇਨਤੀ ਕੀਤੀ ਗਈ ਹੈ ਕਿ ਆਪ ਪਰਿਵਾਰਾਂ ਸਮੇਤ ਇਸ ਸ਼ਹੀਦੀ ਸਮਾਗਮ ਵਿਚ ਪਹੁੰਚ ਕੇ ਆਪਣੇ ਬੱਚਿਆਂ ਨੂੰ ਸਿੱਖ ਇਤਿਹਾਸ ਨਾਲ ਜੋੜਣ। ਇਸ ਸਮਾਗਮ ਸਬੰਧੀ ਵਧੇਰੇ ਜਾਣਕਾਰੀ ਲਈ ਫ਼ੋਨ ਨੰਬਰਾਂ 647-833-2548 ਜਾਂ 905-670-3311'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਵਿੱਤ ਮੰਤਰੀ ਬੀਬੀ ਕਹਿੰਦੀ, ਮੈਂ ਜ਼ਿਆਦਾ ਲਸਣ-ਪਿਆਜ਼ ਨਹੀਂ ਖਾਂਦੀ, ਮੈਨੂੰ ਵੱਧ ਕੀਮਤਾਂ ਨਾਲ ਫਰਕ ਨਹੀਂ ਪੈਂਦਾ

ਨਵੀਂ ਦਿੱਲੀ, 9 ਦਸੰਬਰ (ਪੋਸਟ ਬਿਊਰੋ)- ਪਾਰਲੀਮੈਂਟ ਦੇ ਸਰਦ ਰੁੱਤ ਸੈਸ਼ਨ ਵਿੱਚ ਕੱਲ੍ਹ ਇੱਕ ਵਾਰ ਫਿਰ ਪਿਆਜ਼ 'ਤੇ ਚਰਚਾ ਕੀਤੀ ਗਈ ਕਿ ਇਸ ਦੀਆਂ ਵਧ ਰਹੀਆਂ ਕੀਮਤਾਂ ਨੇ ਆਮ ਆਦਮੀ ਦੀ ਜੇਬ ਭਾਰੀ ਕਰ ਦਿੱਤੀ ਹੈ। ਲਗਾਤਾਰ ਮਹਿੰਗੇ ਹੋ ਰਹੇ ਪਿਆਜ਼ ਕੇਂਦਰ ਸਰਕਾਰ ਲਈ ਚਿੰਤਾ ਦਾ ਵਿਸ਼ਾ ਹਨ। ਇਸ ਮੌਕੇ ਇੱਕ ਪਾਰਲੀਮੈਂਟ ਮੈਂਬਰ ਨੇ ਪਿਆਜ਼ ਦੀਆਂ ਕੀਮਤਾਂ ਬਾਰੇ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੂੰ ਸਿੱਧਾ ਸਵਾਲ ਕੀਤਾ ਸੀ।

ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਮਜ਼ਾਕ ਨਾਲ ਕਿਹਾ ਕਿ ਪਿਆਜ ਦੀਆਂ ਵੱਧ ਕੀਮਤਾਂ ਨਾਲ ਨਿੱਜੀ ਤੌਰ 'ਤੇ ਉਨ੍ਹਾਂ 'ਤੇ ਕੋਈ ਖਾਸ ਅਸਰ ਨਹੀਂ ਪਿਆ, ਕਿਉਂਕਿ ਉਨ੍ਹਾਂ ਦਾ ਪਰਵਾਰ ਪਿਆਜ਼-ਲੱਸਣ ਆਦਿ ਚੀਜ਼ਾਂ ਖਾਸ ਪਸੰਦ ਨਹੀਂ ਕਰਦਾ। ਨਿਰਮਲਾ ਸੀਤਾਰਮਨ ਦੇ ਇਸ ਬਿਆਨ ਦੀ ਸੋਸ਼ਲ ਮੀਡੀਆ 'ਤੇ ਕਾਫੀ ਆਲੋਚਨਾ ਹੋਈ ਹੈ। ਉਨ੍ਹਾਂ ਕਿਹਾ ਸੀ, ਮੈਂ ਬਹੁਤ ਜ਼ਿਆਦਾ ਪਿਆਜ਼-ਲੱਸਣ ਨਹੀਂ ਖਾਂਦੀ, ਇਸ ਲਈ ਚਿੰਤਾ ਨਾ ਕਰੋ। ਮੈਂ ਅਜਿਹੇ ਪਰਵਾਰ ਤੋਂ ਹਾਂ, ਜਿਸ ਨੂੰ ਪਿਆਜ਼ ਦੀ ਕੋਈ ਖਾਸ ਪ੍ਰਵਾਹ ਨਹੀਂ। ਇਸ ਜਵਾਬ ਦਾ ਕਈ ਲੋਕਾਂ ਨੇ ਬੁਰਾ ਮਨਾਇਆ ਹੈ।

ਪਿਆਜ਼ 'ਤੇ ਚਰਚਾ ਦੌਰਾਨ ਵਿੱਤ ਮੰਤਰੀ ਨੇ ਕਿਹਾ ਕਿ ਸਰਕਾਰ ਨੇ ਦੇਸ਼ ਵਿੱਚ ਪਿਆਜ਼ ਦੇ ਭਾਅ ਨੂੰ ਕਾਬੂ ਕਰਨ ਲਈ ਕਈ ਕਦਮ ਚੁੱਕੇ ਹਨ। ਸਾਲ 2019-20 ਦੀਆਂ ਗਰਾਂਟਾਂ ਲਈ ਸਪਲੀਮੈਂਟਰੀ ਮੰਗਾਂ ਦੇ ਪਹਿਲੇ ਬੈਚ 'ਤੇ ਲੋਕ ਸਭਾ ਵਿੱਚ ਹੋਈ ਚਰਚਾ ਦਾ ਜਵਾਬ ਦਿੰਦੇ ਹੋਏ ਵਿੱਤ ਮੰਤਰੀ ਨੇ ਕਿਹਾ, ਪਿਆਜ਼ ਸਟੋਰ ਨਾਲ ਕੁਝ ਮੁੱਦੇ ਜੁੜੇ ਹਨ ਤੇ ਸਰਕਾਰ ਇਸ ਨਾਲ ਨਜਿੱਠਣ ਲਈ ਕਦਮ ਚੁੱਕ ਰਹੀ ਹੈ। ਉਨ੍ਹਾ ਕਿਹਾ ਕਿ ਪਿਆਜ਼ ਦੀਆਂ ਕੀਮਤਾਂ ਕੰਟਰੋਲ ਕਰਨ ਲਈ ਕੀਮਤ ਸਥਿਰਤਾ ਫੰਡ ਦੀ ਵਰਤੋਂ ਕੀਤੀ ਜਾ ਰਹੀ ਹੈ। ਇਸ ਸੰਬੰਧ ਵਿੱਚ 57 ਹਜ਼ਾਰ ਮੈਟਰਿਕ ਟਨ ਦਾ ਬਫਰ ਸਟਾਕ ਬਣਾਇਆ ਗਿਆ ਅਤੇ ਮਹਾਰਾਸ਼ਟਰ ਅਤੇ ਰਾਜਸਥਾਨ ਦੇ ਅਲਵਰ ਖੇਤਰਾਂ ਤੋਂ ਦੂਜੇ ਰਾਜਾਂ ਵਿੱਚ ਪਿਆਜ਼ ਦੀ ਖੇਪ ਭੇਜੀ ਜਾ ਰਹੀ ਹੈ।








Paramjit Deol Broker

CELL: 416-993-7378

7071 Airport Rd, Suit 201, Mississauga, ON



1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.

Tel:905-405-8484
www.paramjitdeol.com
Email: pdeol3@yahoo.ca


"Your neighborhood broker, Call Paramjit Deol Today"

**Mississauga $134,000**



**17 Tannery St:** Well Established Franchise Pizzeria, Located In Dwntown Of Mississauga (Streetsville) Fantastic Location, Great Clientele, Very Busy Area, Great Exposure, Lots Of Fast Traffic, High Volume Sales Of $8000 Per Week, Low Rent Of $2800 + Hst

**Mississauga $169,900**



**7215 Goreway Dr 70:** Attention Investors!! Great Opportunity To Own A Unit In A Very Busy Plaza, Fully Constructed For Barber Shop Or Hair Salon, 3 Stations, Great Exposure And High Traffic Flow. Close to Amenities

**St. Catharines $189,000**

**198 Glenridge Ave 5:** Turn Key Operation. Be Your Own Boss Today, Well Established Pizzeria, Great Clientele, Prime Location In St. Catherines, Steps Away From Brock University & 2 Major High Schools. There Is A Line Up Everyday At Lunch

**Mississauga $199,900**

Techlogics

**5315 Tomken Rd 5:** Great Investment Opportunity! Well Established Electronics Store In Mississauga W/ Approx. 2100 Sq Ft, Very Low Rent Of $2,100 & Sales Of $80,000-$90,000. Will Not Last Long!

**Mississauga $299,000**

GINO'S PIZZA


**136 Queen St S 2:** Well Established Franchise Pizzeria Business For Sale In Downtown Streetsville. Many Years In Business Weekly Sales Are $13500-14000/Wk. Very Busy Location, Located Beside A Huge And Busy Plaza, Across From Tim Hortons, LCBO & Other Stores

**Mississauga $399,900**

Photo Not Available

**7120 Pacific Circ B :** Well Established Business For Sale, Truck Trailer Repair Shop, Many Years In Business, Well Known & Reputable Service, Long List Of Great Clientele & Repeated Customers, Approx 6,000 Sqft, Hold Upto 6 Trucks At A Time, Fast Sales $900,000 Per Year As

**Shelburne $399,999**



**328 Centre St:** This Beautiful Renovated Home Comes With 3+2 Bedrooms And 2 1/2 Bathrooms. The Large Kitchen Has Lots Of Storage With Built In Pantry And A Dinning Area For Entertaining Friends And Family. The Large Open-Concept Living Space Provides An Unobstructed View Of The

**Toronto $435,000**




**90 Dale Ave 407:** Open Concept 2 Bedroom And 2 Bath Bright And Spacious Unit With Fabulous Floor To Ceiling Windows, Convenient Ensuite Laundry, Gym, Indoor Pool, Sauna, Party Room, Security. Guildwood Go Station Nearby. Steps To Conservation Area Trails, Mins

**Mississauga $449,000**




**2556 Argyle Rd 1104:** Fully Renovated Move-In-Ready Condo, 2 Spacious Bedrooms, 2 Baths In A Very Quiet, Clean & Family Oriented Building In Highly Desirable Area (10 Mins To Square One). Good Layout With Large Living Room, Ensuite Laundry, & Large Balcony (Unobstructed View) With New

**Richmond Hill $560,000**



**8868 Yonge St 222E :** Westwood Gardens At Yonge And Hwy7 In Richmond Hill Rare On The Market! 2 Bdrm South East Facing Unit Open Concept Layout! Great Location In The Heart Of The Richmond Hill, Features 9 Ft Ceilings, Nice Finishes

**Brampton $655,000**



**32 Tollgate St :** Beautiful Townhouse In Prestigious Golf Courses & Park Community! Modern Open Concept. Bright Spacious Model Finished Living Space, 3 Bedroom & 4 Bathroom Featuring A Master Ensuite. Minutes From 410, Mall, Transit, Schools & Hospital.

**Oshawa $659,000**

Photo Not Available


**150 Windfields Farm Dr 86:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Toronto $829,900**




**29 Phillip Ave:** Attention Builders, Renovators & Contractors! Finish To Your Taste! Includes Full Set Of Building Plans & Approved Building Permit For Immediate Development Of A Stunning 2100 Sq Ft Home+Garage, Open Concept Main Floor W/10 Ft Ceilings, 4 Bedroom, 4 Baths, 2 Walk-In Closets &

**Brampton $983,000**



**87 Earlsbridge Blvd:** This Home Feats Traditional European Style & Tasteful Decor. The Open Concept Main Flr Has Hrwd Flrs, Wainscoting, Designer Light Fixtures. Family-Sized Kitchen Is Fitted With Centre Island, Ss Appliances & Marble

**Mississauga $1,100,000**



**785 Craig Carrier Crt:** Gorgeous, Premium Lot, All Brick Detached 3+1 Bdrm In Olde Meadowvale Village. All Hdwd Throughout Main Floor, Custom Kitchen B/S Granite, Display Cabinets, S/S App, Brkfst Area, W/O To Deck & Fenced Yrd, Fam Rm W F/Place, Hdwd

**Brampton $1,900,000**

Photo Not Available

**115 Orenda Rd:** Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller.

*Canadian punjabi post assumes no responsibility for the accuracy of any information shown. Copyright Ppost 2019

# ਦਸੰਬਰ 11 ਨੂੰ ਟੀਚਰਜ਼ ਫੈਡਰੇਸ਼ਨ ਦੌਰਾਨ ਪੀਲ ਦੇ ਸਾਰੇ ਸਕੂਲ ਖੁੱਲ੍ਹੇ ਰਹਿਣਗੇ

ਬਰੈਂਪਟਨ ਦਸੰਬਰ 9: ( ਸੁਰਜੀਤ ਸਿੰਘ ਫਲੋਰਾ)- ਪੀਲ ਡਿਸਟ੍ਰਿਕਟ ਸਕੂਲ ਬੋਰਡ (ਪੀਡੀਐਸਬੀ) ਦੁਆਰਾ ਸੂਚਿਤ ਕੀਤਾ ਗਿਆ ਹੈ ਕਿ 11 ਦਸੰਬਰ ਨੂੰ ਹੋਣ ਜਾ ਰਹੀ ਹੜਤਾਲ ਦੌਰਾਨ ਪੀਲ ਦੇ ਸਾਰੇ ਸਕੂਲ ਖੁੱਲ੍ਹੇ ਰਹਿਣਗੇ ਅਤੇ ਉਨਟਾਰੀਓ ਸੈਕੰਡਰੀ ਸਕੂਲ ਟੀਚਰਜ਼ ਫੈਡਰੇਸ਼ਨ (ਓਐਸਐਸਟੀਐਫ) ਦੁਆਰਾ ਆਯੋਜਿਤ ਇਕ ਰੋਜ਼ਾ ਹੜਤਾਲ ਦਾ ਹਿਸਾ ਨਹੀਂ ਹੋਣਗੇ। ਬੁੱਧਵਾਰ, 4 ਦਸੰਬਰ ਨੂੰ ਪੂਰੇ ਦਿਨ ਦੀ ਹੜਤਾਲ ਤੋਂ ਬਾਅਦ, 60,000 ਤੋਂ ਵੱਧ ਅਧਿਆਪਕਾਂ ਅਤੇ ਸਿੱਖਿਆ ਕਰਮਚਾਰੀਆਂ ਦੀ ਨੁਮਾਇੰਦਗੀ ਕਰਨ ਵਾਲੀ ਯੂਨੀਅਨ ਨੇ ਪਿਛਲੇ ਹਫ਼ਤੇ ਐਲਾਨ ਕੀਤਾ ਸੀ ਕਿ ਕੁਝ

ਹੜਤਾਲ ਦੇ ਬੋਰਡਾਂ ਵਿੱਚ ਸ਼ਾਮਲ ਹਨ:
- ਬ੍ਰੈਂਟ ਹਲਦੀਮੰਡ ਨੋਰਫੋਕ ਕੈਥੋਲਿਕ ਜ਼ਿਲ੍ਹਾ ਸਕੂਲ ਬੋਰਡ
- ਗ੍ਰੈਂਡ ਏਰੀ ਜ਼ਿਲ੍ਹਾ ਸਕੂਲ ਬੋਰਡ
- ਓਸਟ ਹੇਸਟਿੰਗਜ਼ ਅਤੇ ਪ੍ਰਿੰਸ ਐਡਵਰਡ ਜ਼ਿਲ੍ਹਾ ਸਕੂਲ ਬੋਰਡ
- ਨੀਅਰ ਨੌਰਥ ਡਿਸਟ੍ਰਿਕਟ ਸਕੂਲ ਬੋਰਡ
- ਰੇਨੀ ਰਿਵਰ ਡਿਸਟ੍ਰਿਕਟ ਸਕੂਲ ਬੋਰਡ
- ਸਿਮਕੋ ਕਾਉਂਟੀ ਜ਼ਿਲ੍ਹਾ ਸਕੂਲ ਬੋਰਡ
- ਸਿਮਕੋ ਮਸਕੋਕਾ ਕੈਥੋਲਿਕ ਜ਼ਿਲ੍ਹਾ ਸਕੂਲ ਬੋਰਡ
- ਟੋਰਾਂਟੋ ਜ਼ਿਲ੍ਹਾ ਸਕੂਲ ਬੋਰਡ

ਮੈਂਬਰ 11 ਦਸੰਬਰ ਨੂੰ ਇੱਕ ਰੋਜ਼ਾ ਹੜਤਾਲ ਵਿੱਚ ਹਿੱਸਾ ਲੈਣਗੇ। ਇਸ ਤੋਂ ਇਲਾਵਾ, ਫਰੈਂਚ ਦੇ ਕੈਥੋਲਿਕ ਅਤੇ ਫ੍ਰੈਂਚ ਪਬਲਿਕ ਸਕੂਲ ਬੋਰਡਾਂ ਵਿਚ ਓਐਸਐਸਟੀਐੱਫ ਦੁਆਰਾ ਪ੍ਰਸਤੁਤ ਅਧਿਆਪਕ ਅਤੇ ਸਟਾਫ ਜੋ ਟੋਰਾਂਟੋ ਅਤੇ ਗ੍ਰੇਟਰ ਗੋਲਡਨ ਹਾਰਸਸ਼ੀਓ ਦੀ ਸੇਵਾ ਕਰਦੇ ਹਨ 11 ਦਸੰਬਰ ਨੂੰ ਵੀ ਹੜਤਾਲ 'ਤੇ ਹੋਣਗੇ। ਓਐਸਐਸਟੀਐਫ ਦੇ ਪ੍ਰਧਾਨ ਹਾਰਵੇ ਬਿਸ਼ਕੋਫ ਨੇ ਇੱਕ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ, "ਅਸੀਂ ਮਾਪਿਆਂ, ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਜਾਇਜ਼ ਅਤੇ ਸਹੀ ਦਸਤਾਵੇਜ਼ਾਂ ਪ੍ਰਤੀ ਸਰਕਾਰ ਦੀ ਸੌੜੀ ਸੋਚ ਤੋਂ ਨਿਰਾਸ਼ ਹਾਂ।" "ਇਸ ਸੌੜੀ ਸੋਚ ਦੇ ਕਾਰਨ, ਟੇਬਲ ਤੇ ਇਕ ਜੁਟ ਬੈਠਣ 'ਤੇ ਸਾਡੇ ਯਤਨਾਂ ਅਤੇ ਇਸ ਅਵਸਰ ਤਕ ਸਾਡੀ ਨੌਕਰੀ ਦੀਆਂ ਸਹੂਲਤਾਂ ਵਿੱਚ ਅਸਲ ਕੋਈ ਤਰੱਕੀ ਨਹੀਂ ਹੋਈ। ਸਾਡੇ ਕੋਲ ਆਪਣੀ ਕੋਸ਼ਿਸ਼ ਯਾਰੀ ਰੱਖਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਹੈ। ਯੂਨੀਅਨ ਲੀਡਰਸ਼ਿਪ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਦੁਬਾਰਾ ਹੜਤਾਲ ਕਰਨਗੇ ਜਦ ਤਕ ਉਹਨਾਂ ਦੀ ਮੁਆਵਜ਼ੇ ਵਿਚ 1.5 ਬਿਲੀਅਨ ਡਾਲਰ ਵਾਧੇ ਦੀ ਮੰਗ ਨੂੰ ਸਰਕਾਰ ਸਵੀਕਾਰ ਨਹੀਂ ਕਰਦੀ ਜਿਸ ਵਿਚ ਤਨਖਾਹ ਅਤੇ ਲਾਭ ਸ਼ਾਮਲ ਹੁੰਦੇ ਹਨ," ਸਿੱਖਿਆ ਮੰਤਰੀ ਸਟੀਫਨ ਲੇਸੇ ਨੇ 6 ਦਸੰਬਰ ਨੂੰ ਇਕ ਬਿਆਨ ਵਿਚ ਕਿਹਾ, "ਅਸੀਂ ਅਧਿਆਪਕਾਂ ਅਤੇ ਉਨ੍ਹਾਂ ਦੀ ਵਚਨਬੱਧਤਾ ਦੀ ਕਦਰ ਕਰਦੇ ਹਾਂ ਅਤੇ ਸਾਡੇ ਵਿਦਿਆਰਥੀਆਂ ਪ੍ਰਤੀ ਹਾਲਾਂਕਿ, ਓਐਸਐਸਟੀਐਫ ਅਧਿਆਪਕ 92,000 ਪ੍ਰਤੀ ਸਾਲ ਕਮਾਉਂਦੇ ਹਨ ਅਤੇ ਦੇਸ਼ ਵਿੱਚ ਦੂਜੇ ਨੰਬਰ 'ਤੇ ਤਨਖਾਹ ਪ੍ਰਾਪਤ ਕਰ ਰਹੇ ਹਨ"ਜੋ ਬਹੁਤ ਹੀ ਨਹੀਂ ਬੱਲਕੇ ਹਰ ਪਾਸੇ ਤੋਂ ਜਾਇਜ ਹੈ।ਮਨਿਸਟਰ ਨੇ ਅੱਗੇ ਬੋਲਦੇ ਹੋਏ ਕਿਹਾ ਕਿ "ਸਾਡਾ ਉਦੇਸ਼ ਇੱਕ ਵੱਖਰੀ ਸਿਖਿਆ ਪ੍ਰਣਾਲੀ ਹੈ। ਅਸੀਂ ਨਿਰੰਤਰ ਨਿਰਪੱਖ ਅਤੇ ਵਾਜਬ ਰਹੇ ਹਾਂ, ਬੱਚਿਆਂ ਨੂੰ ਕਲਾਸ ਵਿਚ ਰੱਖਣ 'ਤੇ ਕੇਂਦ੍ਰਿਤ, ਅਤੇ ਅਸੀਂ ਜੋ ਵੀ ਸਾਡੀ ਸਰਕਾਰ ਵਲੋਂ ਢਕਵਾਂ ਫੈਸਲਾਂ ਲੈਣ ਦਾ ਸਮਾਂ ਆਇਆ ਤਾਂ ਉਹ ਵੀ ਲੈ ਲਵਾਗੇ।

# ਅਮਰਿੰਦਰ ਸਿੰਘ ਵੱਲੋਂ ਅਕਾਲੀ ਆਗੂਆਂ ਵਿਰੁੱਧ ਬਦਮਾਸ਼ਾਂ ਨਾਲ ਸੰਬੰਧ ਰੱਖਣ ਦਾ ਦੋਸ਼

* ਅਕਾਲੀਆਂ ਦੀ ਦਬਾਅ ਦੀ ਰਾਜਨੀਤੀ ਅੱਗੇ ਨਹੀਂ ਝੁਕਾਂਗਾ : ਕੈਪਟਨ

* ਸੁਖਬੀਰ ਸਿੰਘ ਸਮੇਤ ਕਈ ਆਗੂਆਂ ਦੀਆਂ ਫੋਟੋਆਂ ਜਾਰੀ



ਜਲੰਧਰ, 9 ਦਸੰਬਰ, (ਪੋਸਟ ਬਿਊਰੋ)- ਪੰਜਾਬ ਵਿੱਚ ਸਿਆਸੀ ਆਗੂਆਂ ਅਤੇ ਬਦਮਾਸ਼ਾਂ ਦੇ ਗਠਜੋੜ ਦੇ ਸੰਬੰਧ ਰੱਖਣ ਦੀਆਂ ਮੀਡੀਆ ਰਿਪੋਰਟਾਂ ਦੇ ਬਾਅਦ ਪੰਜਾਬ ਦੇਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜਾਂਚ ਦੇ ਹੁਕਮਜਾਰੀ ਕਰਨਦੇ ਨਾਲ ਹੀ ਅਕਾਲੀ ਦਲ ਵਲੋਂ ਦਿੱਤੀਆਂ ਜਾਂਦੀਆਂ ਧਮਕੀਆਂ ਅੱਗੇ ਕਦੇ ਨਾ ਝੁਕਣ ਦੀ ਗੱਲ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਏਦਾਂ ਦੀ ਰਾਜਨੀਤੀ ਦੇ ਦਬਾਅ ਅੱਗੇ ਉਹ ਕਦੇ ਨਹੀਂ ਝੁਕਣਗੇ ਅਤੇ ਇਸ ਦੀ ਡੂੰਘਾਈ ਨਾਲ ਜਾਂਚ ਹੋਵੇਗੀ ਅਤੇ ਜਿਹੜਾ ਵੀ ਕੋਈ ਦੋਸ਼ੀ ਪਾਇਆ ਗਿਆ, ਉਸ ਨੂੰ ਬਖਸ਼ਿਆ ਨਹੀਂ ਜਾਵੇਗਾ।

ਅਕਾਲੀ ਦਲ ਦੇ ਵੱਡੇ ਆਗੂਆਂ ਵੱਲੋਂ ਗੈਂਗਸਟਰਾਂ ਵਿਰੁੱਧ ਜਾਂਚਬਾਰੇ ਕੀਤੀਆਂ ਟਿੱਪਣੀਆਂ ਅਤੇ ਇਸ ਮੁੱਦੇ ਉੱਤੇ ਪ੍ਰਦਰਸ਼ਨ ਕਰਨ ਦਾ ਵਿਰੋਧ ਕਰਦੇ ਹੋਏ ਅੱਜ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਏਦਾਂ ਦੀਆਂ ਫੋਟੋਜ਼ ਮਿਲਣ ਪਿੱਛੋਂ ਹੀ ਉਨ੍ਹਾਂ ਨੇ ਪੰਜਾਬ ਪੁਲਸ ਦੇ ਮੁਖੀ (ਡੀ ਜੀ ਪੀ) ਨੂੰ ਇਸ ਜਾਂਚ ਕਰਨ ਦੇ ਹੁਕਮ ਦਿੱਤੇ ਹਨ, ਜਿਸ ਵਿੱਚ ਅਕਾਲੀ ਦਲ ਦੇ ਆਗੂਆਂਤੇ ਗੈਂਗਸਟਰਾਂ ਦੇ ਸਬੰਧਾਂ ਦਾ ਸਾਫ ਪਤਾ ਲੱਗਦਾ ਹੈ।ਅਕਾਲੀ ਆਗੂਆਂ ਨੇਜੇਲ੍ਹਾਂ ਬਾਰੇ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਉੱਤੇ ਗੈਂਗਸਟਰਾਂ ਨਾਲ ਸਬੰਧ ਰੱਖਣ ਦੇ ਦੋਸ਼ ਲਾਏ ਸਨ, ਜਿਸ ਪਿੱਛੋਂ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਉਲਟਾ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ, ਹਰਸਿਮਰਤ ਕੌਰ ਬਾਦਲ ਅਤੇ ਹੋਰ ਆਗੂਆਂ ਦੇ ਨਾਲ ਅਪਰਾਧੀਆਂ ਦੀਆਂ ਫੋਟੋ ਪ੍ਰੈਸ ਨੂੰ ਜਾਰੀ ਕਰ ਕੇ ਇਨ੍ਹਾਂ ਅਕਾਲੀ ਆਗੂਆਂ ਨੂੰ ਘੇਰ ਲਿਆ ਹੈ। ਉਨ੍ਹਾਂ ਨੇ ਸਿਆਸੀ ਆਗੂਆਂ ਤੇ ਗੈਂਗਸਟਰਾਂ ਦੀ ਗੰਢਤੁੱਪ ਦੀ ਜਾਂਚ ਦੇ ਹੁਕਮ ਦੇਣ ਵੇਲੇ ਅਕਾਲੀਆਂ ਦੇ ਦਾਬੇ ਅੱਗੇ ਝੁਕਣ ਤੋਂਨਾਂਹ ਕਰਦਿਆਂ ਕਿਹਾ ਕਿ ਅਕਾਲੀ ਦਲ ਦੀ ਸਿਖਰਲੀ ਲੀਡਰਸ਼ਿਪ ਦੇ ਖ਼ਤਰਨਾਕ ਬਦਮਾਸ਼ਾਂ ਨਾਲ ਸਬੰਧਾਂਬਾਰੇ ਸਾਫ ਨਕਸ਼ਾ ਪੇਸ਼ ਕਰਦੀਆਂ ਤਸਵੀਰਾਂ ਮਿਲਣ ਪਿੱਛੋਂ ਹੀ ਉਨ੍ਹਾਂ ਨੇ ਡੀਜੀਪੀ ਨੂੰ ਇਸ ਦੀ ਜਾਂਚ ਦੇ ਹੁਕਮ ਦਿੱਤੇ ਹਨ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਜਾਂਚ ਦੇ ਹੁਕਮ ਦੇਣ ਤੋਂ ਪਹਿਲਾਂ ਉਨ੍ਹਾਂ ਨੇ ਇਨ੍ਹਾਂ ਤਸਵੀਰਾਂ ਬਾਰੇ ਪੰਜਾਬ ਦੇ ਗਵਰਨਰ ਨੂੰ ਪੂਰੀ ਜਾਣਕਾਰੀ ਦੇ ਦਿੱਤੀ ਸੀ। ਜੇ ਇਸ ਵਿੱਚ ਸੱਚਾਈ ਨਿਕਲੀ ਤਾਂ ਇਸ ਨਾਲ ਅਕਾਲੀਆਂ ਦੀ ਭੂਮਿਕਾ ਤੇ ਪ੍ਰਵਿਰਤੀ ਅਤੇ ਉਨ੍ਹਾਂ ਵਲੋਂ ਅਪਰਾਧੀਆਂਤੇ ਬਦਮਾਸ਼ਾਂ ਦੀ ਸੁਰੱਖਿਆ ਕਰਨ ਦਾ ਪਾਜ ਖੁੱਲ੍ਹ ਜਾਵੇਗਾ। ਉਨ੍ਹਾਂ ਕਿਹਾ ਕਿ ਜਿਹੜੀਆਂ ਫੋਟੋ ਮਿਲੀਆਂ, ਉਹ ਗੰਭੀਰ ਹਨ ਤੇ ਉਸ ਦੀ ਡੂੰਘਾਈ ਨਾਲ ਪੁਲਸ ਜਾਂਚ ਜ਼ਰੂਰੀ ਹੈ। ਉਨ੍ਹਾਂ ਨੇ ਡੀ ਜੀ ਪੀ ਨੂੰ ਕਿਹਾ ਹੈ ਕਿ ਸੱਚਾਈ ਲੱਭਣ ਦੀ ਕਸਰ ਨਾ ਛੱਡੀ ਜਾਵੇ। ਉਨ੍ਹਾਂ ਕਿਹਾ ਕਿ ਫੋਟੋ ਅਤੇ ਹੋਰਜਿੰਨੇ ਸਬੂਤ ਅਤੇ ਦਸਤਾਵੇਜ਼ ਮਿਲੇ ਹਨ, ਉਨ੍ਹਾਂਤੋਂ ਸਾਫ ਹੈ ਕਿ ਬਾਦਲਾਂ ਅਤੇ ਹੋਰ ਅਕਾਲੀ ਨੇਤਾਵਾਂ ਵਲੋਂ ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਉੱਤੇ ਨਿਸ਼ਾਨਾ ਸਾਧ ਕੇ ਗੈਂਗਸਟਰਾਂ ਨਾਲ ਆਪਣੇ ਸਬੰਧਾਂ ਤੋਂਲੋਕਾਂ ਦਾ ਧਿਆਨ ਹਟਾਉਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਉਨ੍ਹਾਂ ਕਿਹਾ ਕਿ ਅਕਾਲੀਆਂ ਕੋਲ ਸੁਖਜਿੰਦਰ ਸਿੰਘ ਰੰਧਾਵਾ ਜਾਂ ਕਿਸੇ ਵੀ ਹੋਰ ਕਾਂਗਰਸ ਮੰਤਰੀ ਜਾਂ ਨੇਤਾ ਦੀ ਅਪਰਾਧੀਆਂ ਅਤੇ ਗੈਂਗਸਟਰਾਂ ਨਾਲ ਸ਼ਮੂਲੀਅਤ ਦੇ ਸਬੂਤ ਨਹੀਂ ਹਨ, ਪਰ ਅਕਾਲੀਆਂ ਵਿਰੁੱਧ ਪੂਰੇ ਸਬੂਤ ਹਨ।ਉਨ੍ਹਾਂ ਕਿਹਾ ਕਿ ਦਸ ਸਾਲਾਂ ਦੇ ਅਕਾਲੀ ਰਾਜ ਦੌਰਾਨ ਜਨਤਾ ਗੈਂਗਸਟਰਾਂ ਅਤੇ ਬਦਮਾਸ਼ਾਂ ਦੇ ਡਰ ਹੇਠ ਜੀਅ ਰਹੀ ਸੀ।ਮੁੱਖ ਮੰਤਰੀ ਅਮਰਿੰਦਰ ਸਿੰਘ ਵੱਲੋਂ ਪੇਸ਼ ਫੋਟੋਜ਼ ਵਿੱਚ ਹਰਜਿੰਦਰ ਸਿੰਘ ਉਰਫ ਬਿੱਟੂ ਸਰਪੰਚ, ਅਕਾਲੀ ਦਲ ਦੇ ਸਾਰਿਆਂ ਤੋਂ ਵੱਡੇ ਨੇਤਾ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ, ਹਰਸਿਮਰਤ ਕੌਰ ਬਾਦਲ ਅਤੇ ਬਿਕਰਮ ਮਜੀਠੀਆ ਦਾ ਸੁਆਗਤ ਕਰਦਾ ਵਿਖਾਇਆ ਗਿਆ ਹੈ। ਪੁਲਸ ਰਿਪੋਰਟ ਅਨੁਸਾਰ ਬਿੱਟੂ ਸਰਪੰਚ ਦੇ ਇਕ ਹੋਰਅਕਾਲੀ ਵਿਧਾਇਕ ਨਾਲ ਵੀ ਨੇੜਲੇ ਸਬੰਧ ਹਨ।

# ਵਿਰੋਧੀਆਂ ਦੇ ਇਤਰਾਜ਼ ਅਤੇ ਪ੍ਰਦਰਸ਼ਨਾਂ ਵਿਚਾਲੇ ਨਾਗਰਿਕਤਾ ਸੋਧ ਬਿੱਲ ਪੇਸ਼ ਅਤੇ ਪਾਸ ਹੋਇਆ

ਨਵੀਂ ਦਿੱਲੀ, 9 ਦਸੰਬਰ, (ਪੋਸਟ ਬਿਊਰੋ)-ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਅੱਜ ਲੋਕਸਭਾ ਵਿਚ ਨਾਗਰਿਕਤਾ ਸੋਧ ਬਿੱਲ ਪੇਸ਼ ਕੀਤਾ, ਜਿਸ ਨਾਲ ਪਾਕਿਸਤਾਨ, ਬੰਗਲਾ ਦੇਸ਼ ਤੇ ਅਫ਼ਗਾਨਿਸਤਾਨ ਵਿਚ ਧਾਰਮਿਕ ਵਿਤਕਰੇਦਾ ਸ਼ਿਕਾਰ ਹੋਏ ਗੈਰ ਮੁਸਲਿਮ ਰਫਿਊਜੀਆਂ ਨੂੰ ਭਾਰਤੀ ਨਾਗਰਿਕਤਾ ਦੇਣ ਦਾ ਪ੍ਰਬੰਧ ਕੀਤਾ ਗਿਆ ਹੈ। ਅੱਜ ਸ਼ਾਮ ਇਹ ਬਿੱਲ ਲੋਕ ਸਭਾ ਨੇ ਪਾਸ ਕਰ ਦਿੱਤਾ ਹੈ ਅਤੇ ਅੱਗੋਂ ਰਾਜ ਸਭਾ ਵਿੱਚ ਪੇਸ਼ ਕੀਤਾ ਜਾਵੇਗਾ।

ਇਸ ਸੰਬੰਧ ਵਿੱਚ ਕਾਂਗਰਸ ਦੇ ਆਗੂ ਅਧੀਰ ਰੰਜਨ ਚੌਧਰੀ ਨੇ ਲੋਕ ਸਭਾ ਵਿਚ ਕਿਹਾ ਕਿ ਇਹ ਕੁਝ ਹੋਰ ਨਹੀਂ, ਸਗੋਂ ਦੇਸ਼ ਦੀਆਂ ਘੱਟ-ਗਿਣਤੀਆਂ ਨੂੰ ਨਿਸ਼ਾਨਾ ਬਣਾਉਣ ਲਈ ਲਿਆਂਦਾ ਬਿੱਲ ਹੈ। ਅਮਿਤ ਸ਼ਾਹ ਨੇ ਕਿਹਾ ਕਿ ਇਹ ਬਿੱਲ .001 ਫੀਸਦੀ ਵੀ ਦੇਸ਼ ਦੀਆਂ ਘੱਟ-ਗਿਣਤੀਆਂ ਦੇ ਖ਼ਿਲਾਫ਼ ਨਹੀਂ।ਲੋਕ ਸਭਾ ਵਿਚ ਬਹਿਸ ਦੇ ਦੌਰਾਨ ਅਮਿਤ ਸ਼ਾਹ ਨੇ ਵਿਰੋਧੀਆਂ ਨੂੰ ਕਿਹਾ ਕਿ ਉਹ ਨਾਗਰਿਕਤਾ ਬਿਲ ਬਾਰੇ ਸਭ ਸਵਾਲਾਂ ਦੇ ਜਵਾਬ ਦੇਣਗੇ, ਓਦੋਂ ਵਾਕਆਊਟ ਨਾ ਕਰਨਾ। ਇਸ ਬਿੱਲ ਕਾਰਨ ਉੱਤਰ-ਪੂਰਬੀ ਰਾਜਾਂ ਵਿਚ ਪ੍ਰਦਰਸ਼ਨ ਹੋ ਰਹੇ ਹਨ ਤੇ ਕਾਫ਼ੀ ਗਿਣਤੀ ਵਿਚ ਲੋਕ ਅਤੇ ਸੰਗਠਨ ਇਸ ਦਾ ਵਿਰੋਧ ਕਰਦੇ ਹਨ, ਜਿਨ੍ਹਾਂ ਦਾ ਕਹਿਣਾ ਹੈ ਕਿ ਇਸ ਨਾਲ ਅਸਾਮ ਸਮਝੌਤਾ 1985 ਦੇ ਨਿਯਮ ਰੱਦ ਹੋ ਜਾਣਗੇ, ਜਿਸ ਵਿਚ ਬਿਨ੍ਹਾਂ ਧਾਰਮਿਕ ਵਿਤਕਰੇ ਤੋਂ ਗੈਰਕਾਨੂੰਨੀ ਰਫਿਊਜੀਆਂ ਨੂੰ ਵਾਪਸ ਭੇਜਣ ਦੀ ਆਖਰੀ ਤਰੀਕ 24 ਮਾਰਚ 1971 ਮਿਥੀ ਹੋਈ ਹੈ ਅਤੇ ਨਵੇਂ ਬਿੱਲ ਬਾਰੇ ਕਈ ਮੱਤਭੇਦ ਹਨ।

ਅੱਜ ਪੇਸ਼ ਅਤੇ ਪਾਸ ਹੋਏ ਨਾਗਰਿਕਤਾ ਸੋਧ ਬਿੱਲ ਦੇ ਮੁਤਾਬਕ ਪਾਕਿਸਤਾਨ, ਬੰਗਲਾਦੇਸ਼ ਅਤੇ ਅਫ਼ਗਾਨਿਸਤਾਨ ਵਿਚ ਧਾਰਮਿਕ ਵਿਤਕਰੇ ਕਾਰਨ 31 ਦਸੰਬਰ 2014 ਤੱਕ ਭਾਰਤ ਆਏ ਹਿੰਦੂ,



ਸਿੱਖ, ਬੋਧੀ, ਜੈਨ, ਪਾਰਸੀ ਤੇ ਈਸਾਈ ਭਾਈਚਾਰੇ ਦੇ ਲੋਕਾਂ ਨੂੰ ਗੈਰ ਕਾਨੂੰਨੀ ਰਫਿਊਜੀ ਨਾ ਮੰਨ ਕੇਉਨ੍ਹਾਂ ਨੂੰ ਭਾਰਤੀ ਨਾਗਰਿਕਤਾ ਦੇ ਦਿੱਤੀ ਜਾਵੇਗੀ।ਇਹ ਬਿੱਲ 2014 ਅਤੇ 2019 ਦੀਆਂ ਲੋਕ ਸਭਾ ਚੋਣਾਂ ਵਿਚ ਭਾਜਪਾ ਦੇ ਚੋਣ ਵਾਅਦੇ ਮੁਤਾਬਕ ਹੈ। ਭਾਜਪਾ ਅਗਵਾਈ ਵਾਲੀ ਐਨਡੀਏ ਸਰਕਾਰ ਨੇ ਅਪਣੇ ਪਿਛਲੇ ਰਾਜ ਦੌਰਾਨ ਲੋਕ ਸਭਾ ਵਿਚ ਇਹ ਬਿੱਲ ਪੇਸ਼ ਕੀਤਾ ਤਾਂ ਇਸ ਨੂੰ ਓਦੋਂ ਪਾਸ ਵੀ ਕਰ ਦਿੱਤਾ ਸੀ, ਪਰ ਉੱਤਰ ਪੂਰਬੀ ਰਾਜਾਂ ਵਿਚ ਰੋਸ ਪ੍ਰਦਰਸ਼ਨ ਦੇ ਡਰ ਕਾਰਨਉਨ੍ਹਾਂ ਨੇ ਓਦੋਂ ਰਾਜ ਸਭਾ ਵਿਚ ਪੇਸ਼ ਨਹੀਂਸੀ ਕੀਤਾ। ਫਿਰ ਪਿਛਲੀ ਲੋਕ ਸਭਾ ਦੇ ਭੰਗ ਹੋਣ ਤੋਂ ਬਾਅਦ ਇਸ ਬਿੱਲ ਦੀ ਮਿਆਦ ਖਤਮ ਹੋ ਗਈ ਸੀ।

ਅੱਜ ਜਦੋਂ ਵਿਰੋਧੀਆਂ ਨੇ ਇਸ ਬਿੱਲ ਦੇ ਘੱਟ ਗਿਣਤੀਆਂ ਦਾ ਵਿਰੋਧੀ ਹੋਣ ਦਾ ਦੋਸ਼ ਲਾਇਆ ਤਾਂ ਅਮਿਤ ਸ਼ਾਹ ਨੇ ਕਾਂਗਰਸ ਉੱਤੇ ਹਮਲਾ ਕਰਦੇ ਹੋਏ ਦੇਸ਼ ਦੀ ਵੰਡ ਦਾ ਜ਼ਿਕਰ ਕੀਤਾ ਅਤੇ ਕਿਹਾ ਕਿ ਕਾਂਗਰਸ ਨੇ ਧਰਮ ਦੇ ਅਧਾਰ ਉੱਤੇ ਦੇਸ਼ ਦੀ ਵੰਡ ਕੀਤੀ। ਜੇ ਏਦਾਂ ਨਾ ਕੀਤਾ ਹੁੰਦਾ ਤਾਂ ਸਾਨੂੰ ਅੱਜ ਇਹ ਵੀ ਨਾ ਕਰਨਾ ਪੈਂਦਾ। ਉਨ੍ਹਾ ਕਿਹਾ ਕਿ ਗੁਆਂਢੀ ਦੇਸ਼ਾਂ ਵਿਚ ਮੁਸਲਮਾਨਾਂ ਦੇ ਖ਼ਿਲਾਫ ਧਾਰਮਕ ਅੱਤਿਆਚਾਰ ਨਹੀਂ ਹੁੰਦਾ, ਇਸ ਲਈ ਇਸ ਦਾ ਲਾਭਉਨ੍ਹਾਂ ਨੂੰ ਨਹੀਂ ਮਿਲੇਗਾ। ਜੇ ਏਦਾਂ ਹੋਇਆ ਤਾਂ ਇਹ ਦੇਸ਼ ਉਨ੍ਹਾਂ ਨੂੰ ਇਸ ਦਾ ਲਾਭ ਦੇਣਬਾਰੇ ਵੀ ਸੋਚੇਗਾ।

ਵਿਰੋਧੀ ਧਿਰਾਂ ਨੇ ਕਿਹਾ ਕਿ ਇਸ ਬਿੱਲ ਉੱਤੇ ਸਦਨ ਵਿਚ ਚਰਚਾ ਹੀ ਨਹੀਂ ਹੋ ਸਕਦੀ। ਕਾਂਗਰਸ ਐੱਮ ਪੀਸ਼ਸ਼ੀ ਥਥੂਰ ਨੇ ਕਿਹਾ ਕਿ ਪਾਰਲੀਮੈਂਟ ਨੂੰ ਇਸ ਬਿੱਲ ਉੱਤੇ ਚਰਚਾ ਕਰਨ ਦਾ ਅਧਿਕਾਰ ਨਹੀਂ ਹੈ। ਇਹ ਭਾਰਤੀ ਸੰਵਿਧਾਨ ਦੀ ਉਲੰਘਣਾ ਹੈ।ਕਾਂਗਰਸ ਆਗੂ ਅਧੀਰ ਰੰਜਨ ਚੌਧਰੀ ਨੇ ਇਸ ਨੂੰ ਸੰਵਿਧਾਨ ਦੇ ਖ਼ਿਲਾਫ਼ ਦੱਸਦੇ ਹੋਏ ਕਿਹਾ ਕਿ ਸਰਕਾਰ ਧਾਰਾ-14 ਨੂੰ ਲਾਂਭੇ ਕਰ ਰਹੀ ਹੈ। ਐਮਆਈਐਮ ਦੇ ਮੁਖੀ ਅਸਦੁਦੀਨ ਓਵੈਸੀ ਨੇ ਕਿਹਾ ਕਿ ਧਰਮ ਨਿਰਪੱਖਤਾ ਇਸ ਦੇਸ਼ ਦੇ ਬੁਨਿਆਦੀ ਢਾਂਚੇ ਦਾ ਹਿੱਸਾ ਹੈ। ਇਹ ਬਿੱਲ ਮੁੱਢਲੇ ਅਧਿਕਾਰਾਂ ਦਾ ਉਲੰਘਣ ਕਰਦਾ ਹੈ।

ਅਮਿਤ ਸ਼ਾਹ ਨੇ ਪਲਟਵਾਰ ਕਰਦੇ ਹੋਏ ਕਿਹਾ ਕਿ ਸਦਨ ਦੇ ਨਿਯਮ 72(1) ਦੇ ਹਿਸਾਬ ਨਾਲ ਇਹ ਬਿੱਲ ਕਿਸੇ ਵੀ ਧਾਰਾ ਦਾ ਉਲੰਘਣ ਨਹੀਂ ਕਰਦਾ। ਉਨ੍ਹਾਂ ਕਿਹਾ ਕਿ ਕੁਝ ਮੈਂਬਰਾਂ ਨੂੰ ਲੱਗਦਾ ਹੈ ਕਿ ਇਸ ਨਾਲ ਬਰਾਬਰੀ ਦੇ ਅਧਿਕਾਰ ਦਾ ਉਲੰਘਣ ਹੁੰਦਾ ਹੈ, ਪਰ ਸਾਬਕਾ ਮੰਤਰੀ ਇੰਦਰਾ ਗਾਂਧੀ ਨੇ 1971 ਵਿਚ ਫੈਸਲਾ ਲਿਆ ਸੀ ਕਿ ਬੰਗਲਾਦੇਸ਼ ਤੋਂ ਆਏ ਲੋਕਾਂ ਨੂੰ ਭਾਰਤੀ ਨਾਗਰਿਕਤਾ ਦਿੱਤੀ ਜਾਵੇ ਤਾਂ ਪਾਕਿਸਤਾਨ ਤੋਂ ਆਏ ਲੋਕਾਂ ਨਾਲ ਇਹ ਕਿਉਂ ਨਹੀਂ ਕੀਤਾ ਗਿਆ। ਗ੍ਰਹਿ ਮੰਤਰੀ ਨੇ ਕਿਹਾ ਕਿ ਦੁਨੀਆਂ ਭਰ ਦੇ ਦੇਸ਼ ਵੱਖ-ਵੱਖ ਅਧਾਰਾਂ ਉੱਤੇ ਨਾਗਰਿਕਤਾ ਦਿੰਦੇ ਹਨ।

ਲੋਕ ਸਭਾ ਨੇ ਸੱਤ ਘੰਟੇ ਤਕ ਲੰਮੀ ਚਰਚਾ ਤੋਂ ਬਾਅਦ ਸੋਮਵਾਰ ਅੱਧੀ ਰਾਤ ਨਾਗਰਿਕਤਾ ਸੋਧ ਬਿੱਲ ਨੂੰ ਮਨਜ਼ੂਰੀ ਦੇ ਦਿੱਤੀ। ਇਸ ਦੇ ਪੱਖ ਵਿਚ 311 ਵੋਟਾਂ ਪਈਆਂ ਤੇ 80 ਮੈਂਬਰਾਂ ਨੇ ਇਸ ਦੇ ਵਿਰੁੱਧ ਵੋਟ ਪਾਈ। ਅੱਗੋਂ ਇਸ ਬਿੱਲ ਨੂੰ ਰਾਜ ਸਭਾ ਵਿਚ ਪੇਸ਼ ਕੀਤਾ ਜਾਵੇਗਾ।

## ਵੀਡੀਓ ਕਾਲ ਕਰ ਕੇ ਅਸ਼ਲੀਲ ਹਰਕਤਾਂ ਕਰਨ ਵਾਲਾ ਗ੍ਰਿਫਤਾਰ

ਮੁੰਬਈ, 9 ਦਸੰਬਰ (ਪੋਸਟ ਬਿਊਰੋ)- ਮੁੰਬਈ ਦੀ ਵਡਾਲਾ ਪੁਲਸ ਨੇ 26 ਸਾਲਾ ਵਿਅਕਤੀ ਨੂੰ 100 ਤੋਂ ਵੱਧ ਔਰਤਾਂ ਅਤੇ ਕੁੜੀਆਂ ਨੂੰ ਅਸ਼ਲੀਲ ਵੀਡੀਓ ਕਾਲ ਕਰਨ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਹੈ। ਇਹ ਵਿਅਕਤੀ ਗੰਦੀਆਂ ਗੱਲਾਂ ਦੇ ਨਾਲ ਉਨ੍ਹਾਂ ਨੂੰ ਆਪਣੀਆਂ ਅਸ਼ਲੀਲ ਫੋਟੋਆਂ ਵੀ ਦਿਖਾਉਂਦਾ ਸੀ।

ਪੁਲਸ ਦੇ ਦੱਸਣ ਮੁਤਾਬਕ ਦੋਸ਼ੀ ਸੰਭਾਜੀ ਹੁਸੈਨਕਰ ਵਰਲੀ ਦਾ ਵਸਨੀਕ ਹੈ। ਉਹ ਇੱਕ ਐਪ ਰਾਹੀਂ ਵਟਸਐਪ ਦੀ ਪ੍ਰੋਫਾਈਲ ਫੋਟੋ ਦੇਖਦਾ ਸੀ ਅਤੇ ਗੱਲਬਾਤ ਲਈ ਔਰਤਾਂ ਦੀ ਚੋਣ ਕਰਦਾ ਸੀ। ਦੋਸ਼ੀ ਦੀ ਗ੍ਰਿਫਤਾਰੀ 17 ਸਾਲਾ ਕੁੜੀ ਵੱਲੋਂ ਕੀਤੀ ਸ਼ਿਕਾਇਤ ਉੱਤੇ ਕੀਤੀ ਗਈ ਹੈ। ਬੀ ਕਾਮ ਪਹਿਲੇ ਸਾਲ ਦੀ ਵਿਦਿਆਰਥਣ ਨੂੰ ਬੀਤੇ ਸ਼ਨੀਵਾਰ ਕਾਲ ਆਈ ਸੀ। ਸ਼ੁਰੂ ਵਿੱਚ ਉਸ ਨੇ ਅਣਜਾਣ ਨੰਬਰ ਹੋਣ ਕਾਰਨ ਕਾਲ ਨਜ਼ਰ ਅੰਦਾਜ਼ ਕਰ ਦਿੱਤੀ। ਜਦੋਂ ਉਹ ਵਿਅਕਤੀ ਉਸ ਨੂੰ ਲਗਾਤਾਰ ਕਾਲ ਕਰਨ ਲੱਗਾ ਤਾਂ ਕੁੜੀ ਨੂੰ ਲੱਗਾ ਕਿ ਹੋ ਸਕਦਾ ਹੈ ਕਿ ਇਹ ਕਿਸੇ ਰਿਸ਼ਤੇਦਾਰ ਦਾ ਫੋਨ ਹੋਵੇ ਅਤੇ ਉਸ ਨੇ ਕਾਲ ਰਿਸੀਵ ਕਰ ਲਈ। ਪੁਲਸ ਮੁਤਾ-ਬਕ ਪਹਿਲਾਂ ਉਸ ਨੇ ਨਾਰਮਲ ਗੱਲ ਕੀਤੀ। ਫਿਰ ਉਹ ਅਸ਼ਲੀਲ ਗੱਲਾਂ ਕਰਨ ਲੱਗ ਗਿਆ। ਫੋਨ ਕੱਟਣ ਪਿੱਛੋਂ ਵੀ ਉਸ ਨੇ ਕੁੜੀ ਨੂੰ ਕਈ ਵਾਰ ਵੀਡੀਓ ਕਾਲ ਕੀਤੀ। ਖਿੱਝ ਕੇ ਕੁੜੀ ਨੇ ਮੋਬਾਈਲ ਡਾਟਾ ਬੰਦ ਕਰ ਦਿੱਤਾ ਤੇ ਪੂਰੀ ਜਾਣਕਾਰੀ ਆਪਣੇ ਮਾਤਾ-ਪਿਤਾ ਨੂੰ ਦਿੱਤੀ। ਮਾਤਾ ਪਿਤਾ ਨੇ ਇਸ ਦੀ ਸ਼ਿਕਾਇਤ ਪੁਲਸ ਨੂੰ ਕੀਤੀ। ਪੁਲਸ ਨੇ ਜਾਂਚ ਕਰ ਕੇ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ।

# ਪਾਰਲੀਮੈਂਟ ਦੀ ਕੰਟੀਨ ਵਿੱਚ ਸਬਸਿਡੀ ਬੰਦ, ਹਰ ਸਾਲ 17 ਕਰੋੜ ਬਚਣਗੇ

ਨਵੀਂ ਦਿੱਲੀ, 9 ਦਸੰਬਰ (ਪੋਸਟ ਬਿਊਰੋ)- ਪਾਰਲੀਮੈਂਟ ਦੀ ਕੰਟੀਨ ਵਿੱਚ ਖਾਣੇ ਉਤੇ ਮਿਲਣ ਵਾਲੀ ਸਬਸਿਡੀ ਬੰਦ ਕਰਨ ਦਾ ਫੈਸਲਾ ਕੀਤਾ ਗਿਆ ਹੈ। ਸਾਰੇ ਸਿਆਸੀ ਦਲਾਂ ਨੇ ਲੰਬੇ ਸਮੇਂ ਤੋਂ ਸਵਾਲਾਂ ਦੇ ਘੇਰੇ ਵਿੱਚ ਆਈ ਇਹ ਸਬਸਿਡੀ ਖਤਮ ਕਰਨ ਦੀ ਤਜਵੀਜ਼ ਨੂੰ ਮਨਜ਼ੂਰੀ ਦੇ ਦਿੱਤੀ ਹੈ। ਲੋਕ ਸਭਾ ਸਪੀਕਰ ਓਮ ਬਿਰਲਾ ਦੀ ਅਗਵਾਈ ਵਿੱਚ ਹੋਏ ਇਸ ਫੈਸਲੇ ਤੋਂ ਬਾਅਦ ਪਾਰਲੀਮੈਂਟ ਦੀ ਕੰਟੀਨ ਦਾ ਖਾਣਾ ਮਹਿੰਗਾ ਹੋ ਜਾਵੇਗਾ। ਇਸ ਕਦਮ ਨਾਲ ਸਰਕਾਰੀ ਖਜ਼ਾਨੇ ਦੇ ਸਾਲਾਨਾ 17 ਕਰੋੜ ਰੁਪਏ ਬਚਣਗੇ। ਪਾਰਲੀਮੈਂਟ ਦੀ ਕੰਟੀਨ ਵਿੱਚ ਮਿਲਦੇ ਰਿਆਇਤੀ ਖਾਣੇ ਬਾਰੇ ਨੇਤਾਵਾਂ 'ਤੇ ਅਕਸਰ ਸਵਾਲ ਕੀਤੇ ਜਾਂਦੇ ਸਨ। ਜੇ ਐੱਨ ਯੂ (ਜਵਾਹਰ ਲਾਲ ਨਹਿਰੂ ਯੂਨੀਵਰਸਿਟੀ) ਦੇ ਫੀਸ ਵਿਵਾਦ ਦੌਰਾਨ ਵੀ ਪਾਰਲੀਮੈਂਟ ਮੈਂਬਰਾਂ ਨੂੰ ਰਿਆਇਤੀ ਖਾਣ-ਪੀਣ ਦੀ ਸਹੂਲਤ ਦਾ ਮੁੱਦਾ ਉੱਠਿਆ ਸੀ। ਪਾਰਲੀਮੈਂਟ ਕੰਟੀਨ ਵਿੱਚ ਮਿਲਦੀ ਸਬਸਿਡੀ ਖਤਮ ਕਰਨ ਲਈ ਪਿਛਲੇ ਕੁਝ ਸਮੇਂ ਤੋਂ ਚਰਚਾ ਚੱਲ ਰਹੀ ਸੀ। ਪਿਛਲੀ ਲੋਕ ਸਭਾ ਦੌਰਾਨ 2017 ਵਿੱਚ ਪਾਰਲੀਮੈਂਟ ਕੰਟੀਨ ਵਿੱਚ ਖਾਣ-ਪੀਣ ਦੇ ਰੇਟਾਂ ਵਿੱਚ ਵਾਧਾ ਕਰਦੇ ਹੋਏ ਸਬਸਿਡੀ ਨੂੰ ਕਾਫੀ ਹਦ ਤੱਕ ਘੱਟ ਕਰ ਦਿੱਤਾ ਗਿਆ ਸੀ। ਅੱਗੋਂ ਇੱਕ ਹੋਰ ਕਦਮ ਵਧਾਉਂਦੇ ਹੋਏ ਕਾਰਜ ਵਿਚਾਰ ਕਮੇਟੀ ਵਿੱਚ ਸਾਰੇ ਪ੍ਰਮੁੱਖ ਦਲਾਂ ਦੇ ਆਗੂਆਂ ਨਾਲ ਸਪੀਕਰ ਦੀ ਮੀਟਿੰਗ ਵਿੱਚ ਸਬਸਿਡੀ ਨੂੰ ਪੂਰੀ ਤਰ੍ਹਾਂ ਖਤਮ ਕਰਨ ਦੀ ਤਲਵੀਜ਼ ਨੂੰ ਮਨਜ਼ੂਰੀ ਦੇ ਦਿੱਤੀ ਗਈ। ਮੀਟਿੰਗ ਵਿੱਚ ਸ਼ਾਮਲ ਭਾਜਪਾ ਪਾਰਲੀਮੈਂਟ ਮੈਂਬਰ ਰਾਜੀਵ ਪ੍ਰਤਾਪ ਰੂਡੀ ਨੇ ਕਿਹਾ ਕਿ ਸਾਰੇ ਮੈਂਬਰਾਂ ਦਾ ਮੰਨਣਾ ਸੀ ਕਿ ਸਬਸਿਡੀ ਜਾਰੀ ਰੱਖਣਾ ਠੀਕ ਨਹੀਂ ਹੈ।


ਬਰਾੜ ਗਰਾਜ ਡੋਰ



ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers



We Install
Garage Door Openers

• ਕਾਲ ਕਰੋ: 416-357-4082 •



ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca

Toronto Head Office:
15 wertheim court # 501
Richmond Hill, ON L4B 3H7



ੴ ਸ਼ਹੀਦੀ ਸਮਾਗਮ ੴ

ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ

ਦਸਵੀਂ ਪਾਤਿਸਾਹੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ੍ਰੀ ਮਾਛੀਵਾੜਾ ਸਾਹਿਬ ਦੀ ਧਰਤੀ'ਤੇ ਪਹੁੰਚਣ ਤੇ ਉਹਨਾਂ ਦੀ ਆਮਦ ਨੂੰ ਮੁੱਖ ਰੱਖਦਿਆਂ ਅਤੇ ਚਾਰੇ ਸਾਹਿਬਜ਼ਾਦੇ ਤੇ ਮਾਤਾ ਗੁਜਰ ਕੌਰ ਜੀ ਅਤੇ ਸਭਾ ਵਿੱਚ ਸ਼ਹੀਦ ਹੋਏ ਸਾਰੇ ਸਿੰਘਾਂ ਤੇ ਸਿੰਘਣੀਆਂ ਨੂੰ ਸਮਰਪਿਤ ਪਿਛਲੇ ਸਾਲਾਂ ਦੀ ਤਰ੍ਹਾਂ ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਕੀਤੀ ਜਾ ਰਹੀ ਹੈ। ਇਸ ਸਬੰਧ ਵਿਚ ਮਾਲਟਨ ਗੁਰੂ ਘਰ ਵਿਖੇ ਮਿਤੀ 23 ਦਸੰਬਰ ਦਿਨ ਸੋਮਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਜਿਹਨਾਂ ਦੇ ਭੋਗ 25 ਦਸੰਬਰ ਦਿਨ ਬੁੱਧਵਾਰ ਨੂੰ ਮੇਨ ਹਾਲ ਵਿੱਚ ਪਾਏ ਜਾਣਗੇ। ਕਿਰਪਾ ਕਰਕੇ ਸਭ ਸੰਗਤਾਂ ਨੂੰ ਬੇਨਤੀ ਹੈ ਕਿ ਤਿੰਨ ਦਿਨ ਗੁਰੂ ਘਰ ਦੀਆਂ ਹਾਜਰੀਆਂ ਭਰ ਕੇ ਆਪਣਾ ਜੀਵਨ ਸਫਲਾ ਕਰੋ ਜੀ।

ਹੋਰ ਜਾਣਕਾਰੀ ਲਈ ਗੁਰਪ੍ਰੀਤ ਸਿੰਘ ਉੱਪਲ- 647-207-1887,
ਸਤਪਾਲ ਸਿੰਘ ਗਰੇਵਾਲ ਨੂੰ 519-405-0075, ਜਸਵੰਤ ਸਿੰਘ ਰਜ਼ੂਲ 647-207-1887,
ਉਜਾਗਰ ਸਿੰਘ ਗਿੱਲ 647-203-4090, ਕਾਕਾ ਸਿੰਘ ਤੱਖਰਾ 905-458-6446 ਨੂੰ ਸੰਪਰਕ ਕਰੋ ਜੀ।



KARTAR FURNITURE

ਫਰਨੀਚਰ ਦੀ ਦੁਨੀਆ ਦਾ
ਇੱਕੋ ਇੱਕ ਟਿਕਾਊ ਨਾਮ





ਕਰਤਾਰ ਫਰਨੀਚਰ

- ਅਸੀਂ ਸੋਫ਼ਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੈਬਰਿਕ ਅਤੇ ਡਿਜ਼ਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657
69 Westmore Dr. #20
Etobicoke ON, M9V 3Y6



# ਸੰਪਾਦਕੀ

## ਧਰਮ ਅਤੇ ਸਿਆਸਤ ਦਰਮਿਆਨ ਘੱਟਦੀਆਂ ਦੂਰੀਆਂ ਉੱਤੇ ਉੱਭਰਦੇ ਸੁਆਲ

ਬੀਤੇ ਦਿਨੀਂ ਬਰੈਂਪਟਨ ਕਾਉਂਸਲ ਕੋਲ ਕੁੱਝ ਚਰਚਾਂ ਦੇ ਅਧਿਕਾਰੀ ਮੰਗ ਲੈ ਕੇ ਗਏ ਕਿ ਦਸੰਬਰ ਮਹੀਨੇ ਨੂੰ 'ਕ੍ਰਿਸਚੀਅਨ ਹੈਰੀਟੇਜ ਮੰਥ' ਵਜੋਂ ਮਨਾਇਆ ਜਾਣਾ ਚਾਹੀਦਾ ਹੈ ਕਿਉਂਕਿ ਕ੍ਰਿਸਮਿਸ ਹੋਣ ਕਾਰਣ ਇਹ ਈਸਾਈ ਮੱਤ ਦਾ ਸੱਭ ਤੋਂ ਅਹਿਮ ਮਹੀਨਾ ਹੈ। ਸਮਝਿਆ ਜਾਂਦਾ ਹੈ ਕਿ ਇਸ ਮੰਗ ਪਿੱਛੇ ਇੱਕ ਕਾਰਣ ਕੁੱਝ ਈਸਾਈ ਗਰੁੱਪਾਂ ਵਿੱਚ ਪੈਦਾ ਹੋਈ ਇਹ ਭਾਵਨਾ ਹੈ ਕਿ ਜਦੋਂ ਸਿੱਖ ਹੈਰੀਟੇਜ ਮੰਥ ਜਾਂ ਹਿੰਦੂ ਹੈਰੀਟੇਜ ਮੰਥ ਆਦਿ ਮਨਾਏ ਜਾਂਦੇ ਹਨ ਤਾਂ ਕ੍ਰਿਸੀਚੀਅਨ ਹੈਰੀਟੇਜ ਮੰਥ ਮਨਾਇਆ ਜਾਣਾ ਵੀ ਲਾਜ਼ਮੀ ਗੱਲ ਹੈ। ਬਰੈਂਪਟਨ ਕਾਉਂਸਲ ਨੇ ਸਰਬਸੰਮਤੀ ਨਾਲ ਮਤਾ ਪਾਸ ਕਰਕੇ ਕ੍ਰਿਸਚੀਅਨ ਮੰਥ ਨੂੰ ਆਗਿਆ ਦੇ ਦਿੱਤੀ ਹੈ। ਸਤਹੀ ਪੱਧਰ ਉੱਤੇ ਇਹ ਇੱਕ ਸੁਭਾਵਿਕ ਪ੍ਰਕਿਰਿਆ ਹੈ ਪਰ ਵਾਰਡ ਨੰਬਰ 3 ਅਤੇ 4 ਤੋਂ ਸਿਟੀ ਕਾਉਂਸਲਰ ਮਾਰਟਿਨ ਮੀਡੋਰਿਸ ਦਾ ਆਖਣਾ ਹੈ ਕਿ ਇਸ ਗੱਲ ਉੱਤੇ ਵਿਚਾਰ ਕਰਨੀ ਬਣਦੀ ਹੈ ਕਿ ਕਾਉਂਸਲ ਕਦੋਂ ਤੱਕ ਗਲਤ ਪਹਿਲਤਾਵਾਂ ਉੱਤੇ ਆਪਣਾ ਧਿਆਨ ਕੇਂਦਰਿਤ ਕਰਦੀ ਰਹੇਗੀ।

ਵਿਸ਼ਵਾਸ਼ ਵਜੋਂ ਕੈਥੋਲਿਕ ਈਸਾਈ ਮਾਰਟਿਨ ਮੀਡੋਰਿਸ ਦਾ ਗਲਤ ਪਹਿਲਤਾਵਾਂ ਤੋਂ ਭਾਵ ਸੀ ਕਿ ਸਿਟੀ ਕਾਉਂਸਲ ਦਾ ਮੁੱਖ ਕੰਮ ਸ਼ਹਿਰ ਵਿੱਚ ਮੁੱਢਲੀਆਂ ਸੇਵਾਵਾਂ ਨੂੰ ਪ੍ਰਦਾਨ ਕਰਨਾ ਹੈ ਅਤੇ ਜੇ ਕਾਉਂਸਲ ਧਾਰਮਿਕ ਉਤਸਵਾਂ, ਸੜਕਾਂ ਦੇ ਨਾਮਕਰਣ ਅਤੇ ਅਜਿਹੇ ਹੋਰ ਕੰਮਾਂ ਵਿੱਚ ਉਲਝੀ ਰਹੇਗੀ ਤਾਂ ਪਬਲਿਕ ਦੇ ਕੰਮ ਕੌਣ ਕਰੇਗਾ? ਚੇਤੇ ਰਹੇ ਕਿ ਜਦੋਂ ਗੁਰੂ ਨਾਨਕ ਦੇਵ ਜੀ ਦੇ ਨਾਮ ਉੱਤੇ ਬਰੈਂਪਟਨ ਵਿੱਚ ਸੜਕ ਦਾ ਨਾਮ ਰੱਖਿਆ ਗਿਆ ਸੀ, ਉਸ ਵੇਲੇ ਵੀ ਮਾਰਟਿਨ ਮੀਡੋਰਿਸ ਅਤੇ ਵਾਰਡ ਨੰਬਰ 7 ਅਤੇ 8 ਤੋਂ ਕਾਉਂਸਲਰ ਪੈਟ ਫੋਰਟਿਨੀ ਦੋਵਾਂ ਨੇ ਇਸ ਮੁੱਦੇ ਨੂੰ ਸਿਟੀ ਕਾਉਂਸਲ ਵਿੱਚ ਵੀ ਚੁੱਕਿਆ ਸੀ। ਵਰਨਣਯੋਗ ਹੈ ਕਿ ਪੀਟਰ ਰੌਬਰਟਸਨ ਬੂਲੇਵਾਰਡ ਦੇ ਇੱਕ ਹਿੱਸੇ ਦਾ ਨਾਮ ਸ੍ਰੀ ਗੁਰੂ ਨਾਨਕ ਦੇਵ ਰੱਖਣ ਉੱਤੇ ਹੋਰਾਂ ਦੇ ਨਾਲ 2 ਸਾਬਕਾ ਮੇਅਰ ਪੀਟਰ ਰੌਬਰਟਸਨ ਨੇ ਵੀ ਇਤਰਾਜ ਕੀਤਾ ਸੀ। ਆਪਣੇ ਨਾਮ ਵਿੱਚ ਹੋਈ ਕਟੌਤੀ ਤੋਂ ਖਫ਼ਾ ਰੌਬਰਟਸਨ ਨੇ ਸੜਕ ਦੇ ਨਾਮਕਰਣ ਨੂੰ 'ਸੱਮਸਿਆਪੂਰਣ ਅਤੇ ਖਤਰਨਾਕ' ਰੁਝਾਨ ਕਰਾਰ ਦਿੱਤਾ ਸੀ।

ਧਰਮ ਦਾ ਮਾਮਲਾ ਇੱਕ ਗੰਭੀਰ ਮਸਲਾ ਹੈ ਜਿਸ ਬਾਰੇ ਮਾਰਟਿਨ ਮੀਡੋਰਿਸ ਨੇ ਬਿਆਨ ਦੇ ਕੇ ਬਹਿਸ ਤਾਂ ਛੇੜ ਦਿੱਤੀ ਹੈ ਪਰ ਕੋਈ ਹੱਲ ਤਜਵੀਜ਼ ਕਰਨ ਦੀ ਥਾਂ ਚੁੱਪ ਵੱਟ ਲਈ ਚੁੱਪ ਹੈ। ਐਸੀ ਚੁੱਪ ਕਿ ਉਸਨੇ ਖੁਦ ਇਹ ਆਖ ਕੇ ਦਸੰਬਰ ਨੂੰ ਕ੍ਰਿਸਚੀਅਨ ਮੰਥ ਕਰਾਰ ਦੇਣ ਦੇ ਹੱਕ ਵਿੱਚ ਵੋਟ ਪਾਈ ਹੈ ਕਿ ਉਹ ਬਲੀ ਦਾ ਬੱਕਰਾ ਨਹੀਂ ਬਣਨਾ ਚਾਹੁੰਦਾ। ਇਹ ਕੋਰੀ ਸਿਆਸੀ ਬੂਅ ਮਾਰਨ ਵਾਲੀ ਪਹੁੰਚ ਹੈ। ਮਾੜੀ ਸਿਆ-ਸਤ ਕਰਨ ਵਾਲੇ ਲੋਕ ਵਿਵਾਦਪੂਰਣ ਮੁੱਦੇ ਛੇੜ ਤਾਂ ਦੇਂਦੇ ਹਨ ਜਦੋਂ ਕਿ ਮੁੱਦਿਆਂ ਦੇ ਹੱਲ ਵਿੱਚ ਉਹ ਕੋਈ ਦਿਲਚਸਪੀ ਨਹੀਂ ਰੱਖਦੇ ਹੁੰਦੇ। ਮਾਰਟਿਨ ਦੇ ਬਿਆਨ ਦੇਣ ਦਾ ਇੱਕ ਕਾਰਣ ਇਹ ਹੋ ਸਕਦਾ ਹੈ ਕਿ ਉਸਦੀ ਅੱਖ ਇੱਕ ਖਾਸ ਵਰਗ ਦੀਆਂ ਵੋਟਾਂ ਨੂੰ ਪੱਕਾ ਕਰਨ ਉੱਤੇ ਹੋਵੇ, ਉਹ ਵਰਗ ਜੋ ਧਰਮ ਨੂੰ ਲੈ ਕੇ ਚਿੰਤਾਵਾਂ ਅਤੇ ਖਦਸ਼ਿਆਂ ਨਾਲ ਭਰੇ ਹੁੰਦੇ ਹਨ।

ਧਾਰਮਿਕ ਨੇਤਾਵਾਂ ਅਤੇ ਅਕੀਦਿਆਂ ਨੂੰ ਸਲਾਮ ਕਰਦੇ ਸਕੂਲ, ਕਾਲਜ, ਹਸਪਤਾਲ, ਇਮਾਰਤਾਂ, ਸੜਕਾਂ ਅਤੇ ਸ਼ਹਿਰਾਂ ਦੇ ਨਾਮ ਵਿਸ਼ਵ ਭਰ ਵਿੱਚ ਬਣੇ ਹੋਏ ਹਨ। ਬਹੁਤੀਆਂ ਥਾਵਾਂ ਉੱਤੇ ਇਹ ਧਰਮ ਅਤੇ ਧਰਮ-ਆਗੂਆਂ ਪ੍ਰਤੀ ਪਰੇਮ ਦੇ ਨਤੀਜੇ ਵਜੋਂ ਕੀਤਾ ਜਾਂਦਾ ਹੈ ਪਰ ਹਮਲਾਵਰਾਂ ਵੱਲੋਂ ਆਪਣੀ ਧਾਂਕ ਜਮਾਉਣ ਦੇ ਲਿਹਾਜ਼ ਨਾਲ ਵੀ ਇਹ ਆਮ ਕੀਤਾ ਜਾਂਦਾ ਰਿਹਾ ਹੈ ਅਤੇ ਇਹ ਸਿਲਸਿਲਾ ਅੱਜ ਵੀ ਜਾਰੀ ਹੈ। ਅਸਲ ਵਿੱਚ ਪਰਾਜਿਤ ਕੀਤੀ ਜਨਤਾ ਦੇ ਮਨ-ਮਸਤਕ ਉੱਤੇ ਆਪਣੀ ਹੈਂਕੜ ਦੀ ਛਾਪ ਛੱਡਣ ਦਾ ਇੱਕ ਤਰੀਕਾ ਵਿਦੇਸ਼ੀ ਹਮਲਾਵਰਾਂ ਵੱਲੋਂ ਆਪਣੇ ਧਾਰਮਿਕ ਚਿੰਨਾਂ ਅਤੇ ਸੰਕੇਤਾਂ ਨੂੰ ਉਹਨਾਂ ਉੱਤੇ ਜਬਰੀ ਮੜਨ੍ਹਾ ਰਿਹਾ ਹੈ।

ਇਸ ਸਮੁੱਚੀ ਸਥਿਤੀ ਦੇ ਪਰੀਪੇਖ ਵਿੱਚ ਧਰਮ ਦੇ ਮਨੁੱਖੀ ਜੀਵਨ ਵਿੱਚ ਰੋਲ ਦੇ ਕੇਂਦਰੀ ਸਿਧਾਂਤ ਨੂੰ ਮੁੜ-ਗੌਲਣ ਦੀ ਲੋੜ ਹੈ। ਕੋਈ ਵੀ ਧਰਮ ਹੋਵੇ, ਹਰ ਇੱਕ ਦਾ ਕੇਂਦਰੀ ਸਿਧਾਂਤ 'ਪਰੇਮ' ਹੈ- ਨਿਰਛਲ, ਨਿਰਵੈਰ ਅਤੇ ਨਿਰ-ਸੁਆਰਥ ਪਰੇਮ। ਕੈਨੇਡਾ ਦਾ ਇੱਕ ਮੁਲਕ ਵਜੋਂ ਕੇਂਦਰੀ ਸਿਧਾਂਤ ਧਰਮ-ਨਿਰਪੱਖਤਾ ਅਤੇ ਮਲਟੀਕਲਚਰਜ਼ਿਮ ਹੈ। ਇਹਨਾਂ ਦੋਵਾਂ ਸਿਧਾਂਤਾਂ ਨੂੰ ਮਨੁੱਖਤਾ ਦੀ ਭਲਾਈ ਲਈ ਵਰਤਣ ਦਾ ਇੱਕ ਚੰਗੀ ਮਿਸਾਲ ਕੈਰਾਬਰਾਮ ਜਸ਼ਨਾਂ ਤੋਂ ਲਈ ਜਾ ਸਕਦੀ ਹੈ। ਕੈਰਾਬਰਾਮ ਦੌਰਾਨ ਬਰੈਂਪਟਨ ਵਿੱਚ ਵੱਖੋ ਵੱਖਰੇ ਮੁਲਕਾਂ ਦੇ ਸਟਾਲ ਲਾਏ ਜਾਂਦੇ ਹਨ ਜਿਸਦਾ ਹਰ ਵਰਗ ਦੇ ਲੋਕ ਆਨੰਨ ਮਾਣਦੇ ਹਨ। ਉਸੇ ਤਰਜ਼ ਉੱਤੇ ਸਾਲ ਵਿੱਚ ਇੱਕ ਹਫ਼ਤਾ ਅਜਿਹਾ ਮਨਾਇਆ ਜਾਵੇ ਜਿਸ ਦੌਰਾਨ ਵੱਖੋ ਵੱਖਰੇ ਧਰਮ ਆਪੋ ਆਪਣੇ ਸਟਾਲ ਲਾਉਣ, ਧਾਰਮਿਕ ਸਹਿਣਸ਼ੀਲਤਾ ਦੀ ਭਾਵਨਾ ਨੂੰ ਮਜ਼ਬੂਤ ਕਰਨ ਦਾ ਸੁਨੇਹਾ ਦੇਣ। ਸਿਆਸੀ ਆਗੂ ਸਿਆਸਤ ਦੇ ਤੰਗ ਨੁਕਤੇ-ਨਜ਼ਰ ਤੋਂ ਸਹੀ ਹੋ ਸਕਦੇ ਹਨ ਪਰ ਜਿਹੋ ਜਿਹਾ ਬਰੈਂਟਪਨ ਦਾ ਅੱਜ ਸਰੂਪ ਹੈ, ਉਸਨੂੰ ਹੋਰ ਖੂਬਸੂਰਤ ਬਣਾਉਣ ਲਈ ਧਰਮ ਨੂੰ ਜਨ-ਜੀਵਨ ਵਿੱਚੋਂ ਮਨਫੀ ਨਹੀਂ ਸਗੋਂ ਧਰਮ ਦੇ ਚੰਗੇ ਗੁਣਾਂ ਤੋਂ ਲਾਭ ਲੈਣ ਦੀ ਲੋੜ ਹੈ।

## ਸਸਕੈਚਵਨ ਵਿੱਚ ਕੈਨੇਡੀਅਨ ਪੈਸੇਫਿਕ ਗੱਡੀ ਲੀਹ ਤੋਂ ਉਤਰੀ, ਅੱਗ ਲੱਗਣ ਕਾਰਨ ਹਾਈਵੇਅ ਠੱਪ

...ਪੰਨਾ 1 ਦਾ ਬਾਕੀ

ਪੁਲਿਸ ਨੇ ਦੱਸਿਆ ਕਿ ਇਸ ਘਟਨਾ ਕਾਰਨ ਹੋਰਨਾਂ ਕੁੱਝ ਥਾਂਵਾਂ ਉੱਤੇ ਵੀ ਟਰੈਫਿਕ ਰੋਕਿਆ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਵਾਟਰੱਸ ਵੱਲ ਹਾਈਵੇਅ 365 ਉੱਤੇ ਪਲੰਕੈੱਟ ਦੇ ਦੱਖਣ ਵੱਲ ਇਸ ਦਾ ਬਦਲਵਾਂ ਰੂਟ ਮੌਜੂਦ ਹੈ ਤੇ ਇਸ ਦੇ ਨਾਲ ਹੀ ਉੱਤਰ ਵਿੱਚ ਹਾਈਵੇਅ 668 ਦੇ ਨਾਲ ਗੁਅਰਨ-ਸੇ ਵੱਲ ਵੀ ਰੂਟ ਮੌਜੂਦ ਹੈ। ਆਰਸੀਐਮਪੀ ਵੱਲੋਂ ਡਰਾਈਵਰਾਂ ਨੂੰ ਇਸ ਇਲਾਕੇ ਵੱਲ ਨਾ ਜਾਣ ਦੀ ਸਲਾਹ ਦਿੱਤੀ ਜਾ ਰਹੀ ਹੈ। ਟਰਾਂਸਪੋਰਟੇਸ਼ਨ ਸੇਫਟੀ ਬੋਰਡ ਆਫ ਕੈਨੇਡਾ ਨੇ ਦੱਸਿਆ ਕਿ ਮੌਕੇ ਦਾ ਮੁਆਇਨਾ ਕਰਨ ਲਈ ਉਨ੍ਹਾਂ ਵੱਲੋਂ ਜਾਂਚਕਾਰਾਂ ਦੀ ਟੀਮ ਭੇਜੀ ਜਾ ਰਹੀ ਹੈ। ਸੋਮਵਾਰ ਦੁਪਹਿਰ ਨੂੰ ਭੇਜੇ ਗਈ ਈਮੇਲ ਬਿਆਨ ਵਿੱਚ ਪ੍ਰੋਵਿੰਸ਼ੀਅਲ ਸਰਕਾਰ ਨੇ ਆਖਿਆ ਕਿ ਸਸਕੈਚਵਨ ਪਬਲਿਕ ਸੇਫਟੀ ਏਜੰਸੀ ਵੱਲੋਂ ਅੱਗ ਉੱਤੇ ਕਾਬੂ ਪਾਉਣ ਲਈ ਟੀਮਾਂ ਭੇਜੀਆਂ ਜਾ ਰਹੀਆਂ ਹਨ। ਇੱਕ ਬਿਆਨ ਵਿੱਚ ਆਖਿਆ ਗਿਆ ਕਿ ਇੱਕ ਅੰਦਾਜ਼ੇ ਮੁਤਾਬਕ ਅੱਗ ਉੱਤੇ ਪੂਰੀ ਤਰ੍ਹਾਂ ਕਾਬੂ ਪਾਏ ਜਾਣ ਵਿੱਚ ਅਜੇ ਹੋਰ ਅੱਠ ਤੋਂ ਦਸ ਘੰਟੇ ਦਾ ਸਮਾਂ ਲੱਗੇਗਾ। ਸਸਕੈਚਵਨ ਦਾ ਵਾਤਾਵਰਣ ਮੰਤਰਾਲਾ ਇਲਾਕੇ ਵਿੱਚ ਹਵਾ ਦੇ ਮਿਆਰ ਦੀ ਜਾਂਚ ਕਰ ਰਿਹਾ ਹੈ। ਪ੍ਰੋਵਿੰਸ ਅਨੁਸਾਰ ਹਾਲ ਦੀ ਘੜੀ ਕਿਸੇ ਤਰ੍ਹਾਂ ਦੀ ਕੋਈ ਐਡਵਾਈਜ਼ਰੀ ਜਾਰੀ ਨਹੀਂ ਕੀਤੀ ਗਈ ਹੈ।

## ਨਵੀਂ ਨਾਫਟਾ ਡੀਲ ਨੂੰ ਅੰਤਿਮ ਛੋਹਾਂ ਦੇਣ ਲਈ ਫਰੀਲੈਂਡ ਮੈਕਸਿਕੋ ਰਵਾਨਾ

...ਪੰਨਾ 1 ਦਾ ਬਾਕੀ

ਦੇ ਇਸ ਦੌਰੇ ਦੀ ਖਬਰ ਆਈ। ਜ਼ਿਕਰਯੋਗ ਹੈ ਕਿ ਅਮਰੀਕਾ-ਮੈਕਸਿਕੋ ਤੇ ਕੈਨੇਡਾ ਦਰਮਿਆਨ ਪਿਛਲੇ ਸਾਲ ਇਸ ਸਮਝੌਤੇ ਸਬੰਧੀ ਦਸਤਖ਼ਤ ਕੀਤੇ ਗਏ ਸਨ। ਪਰ ਅਮਰੀਕਾ ਵੱਲੋਂ ਇਸ ਸਮਝੌਤੇ ਦੀ ਪੁਸ਼ਟੀ ਦਾ ਕੰਮ ਪਿਛਲੇ ਕਈ ਮਹੀਨਿਆਂ ਤੋਂ ਰੁਕਿਆ ਹੋਇਆ ਹੈ। ਅਜਿਹਾ ਕਾਂਗਰਸ ਵਿੱਚ ਡੈਮੋਕ੍ਰੈਟਸ ਦੇ ਦਬਦਬੇ ਕਾਰਨ ਤੇ ਆਰਗੇਨਾਈਜ਼ਡ ਅਮਰੀਕੀ ਲੇਬਰ ਵੱਲੋਂ ਲੇਬਰ ਅਧਿਕਾਰਾਂ ਨੂੰ ਲੈ ਕੇ ਮੈਕਸਿਕੋ ਨਾਲ ਜਾਰੀ ਖਟਪਟ ਕਾਰਨ ਹੋ ਰਿਹਾ ਹੈ। ਇਸ ਤੋਂ ਇਲਾਵਾ ਇਸ ਸਮਝੌਤੇ ਦੇ ਸਿਰੇ ਨਾ ਚੜ੍ਹਨ ਪਿੱਛੇ ਸਟੀਲ ਤੇ ਐਲੂਮੀਨੀਅਮ ਦੇ ਖੇਤਰ ਨਾਲ ਇਸ ਸਮਝੌਤੇ ਵਿੱਚ ਕੀਤਾ ਜਾ ਰਿਹਾ ਵਿਵਹਾਰ ਵੀ ਜ਼ਿੰਮੇਵਾਰ ਹੈ।

25 ਸਾਲ ਪੁਰਾਣੇ ਨੌਰਥ ਅਮੈਰੀਕਨ ਫਰੀ ਟਰੇਡ ਅਗਰੀਮੈਂਟ (ਨਾਫਟਾ) ਦੀ ਥਾਂ ਲੈਣ ਲਈ ਤਿਆਰ ਕੀਤੇ ਗਏ ਇਸ ਨਵੇਂ ਸਮਝੌਤੇ ਨੂੰ ਲੈ ਕੇ ਇਹ ਚਿੰਤਾ ਵੀ ਬਣੀ ਹੋਈ ਹੈ ਕਿ ਇਹ ਸਮਝੌਤਾ 2020 ਵਿੱਚ ਕਾਂਗਰਸ ਦੇ ਖਤਮ ਹੋ ਰਹੇ ਕਾਰਜਕਾਲ ਤੋਂ ਪਹਿਲਾਂ ਸ਼ਾਇਦ ਹੀ ਸਿਰੇ ਚੜ੍ਹ ਸਕੇ। ਬਹੁਤਿਆਂ ਦਾ ਮੰਨਣਾ ਹੈ ਕਿ ਅਜਿਹਾ ਹੋਣ ਨਾਲ ਸਾਰਿਆਂ ਦਾ ਧਿਆਨ ਅਗਲੀਆਂ ਰਾਸ਼ਟਰਪਤੀ ਚੋਣਾਂ ਵੱਲ ਹੋ ਜਾਵੇਗਾ। ਇਸ ਸਮਝੌਤੇ ਬਾਰੇ ਸੋਮਵਾਰ ਨੂੰ ਗੱਲ ਕਰਦਿਆਂ ਫਰੀਲੈਂਡ ਨੇ ਆਖਿਆ ਕਿ ਇਸ ਸਮੇਂ ਅਮਰੀਕਾ ਨਾਲ ਸਾਡੇ ਸਬੰਧਾਂ ਨੂੰ ਲੈ ਕੇ ਸ਼ਾਇਦ ਕੋਈ ਹੋਰ ਗੱਲ ਐਨੀ ਮਾਇਨੇ ਨਹੀਂ ਰੱਖਦੀ ਜਿੰਨੀ ਕਿ ਇਹ ਟਰੇਡ ਡੀਲ ਰੱਖਦੀ ਹੈ।

ਫਰੀਲੈਂਡ ਨੇ ਦੱਸਿਆ ਕਿ ਨਵੀਂ ਨਾਫਟਾ ਡੀਲ ਦੀ ਪੁਸ਼ਟੀ ਦਾ ਮੁੱਦਾ ਪਿਛਲੇ ਹਫਤੇ ਪ੍ਰਧਾਨ ਮੰਤਰੀ ਵੱਲੋਂ ਰਾਸ਼ਟਰਪਤੀ ਨਾਲ ਹੋਈ ਮੀਟਿੰਗ ਵਿੱਚ ਉਠਾਇਆ ਗਿਆ ਸੀ ਤੇ ਅਸੀਂ ਇਸ ਸਬੰਧ ਵਿੱਚ ਤੇਜ਼ੀ ਨਾਲ ਕੰਮ ਕਰ ਰਹੇ ਹਾਂ। ਅਸੀਂ ਇਸ ਡੀਲ ਨੂੰ ਫਾਈਨਲ ਕਰਨ ਲਈ ਆਪਣੇ ਅਮਰੀਕੀ ਭਾਈਵਾਲਾਂ ਨਾਲ ਲਗਾਤਾਰ ਰਾਬਤਾ ਕਾਇਮ ਰੱਖੀ ਬੈਠੇ ਹਾਂ। ਇਸ ਦੌਰਾਨ ਸੋਮਵਾਰ ਨੂੰ ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਨੇ ਵੀ ਇਹ ਆਖਿਆ ਕਿ ਇਸ ਡੀਲ ਬਾਰੇ ਯੂਨੀਅਨਾਂ ਤੇ ਹੋਰਨਾਂ ਤੋਂ ਉਨ੍ਹਾਂ ਨੂੰ ਇਹੋ ਸੁਣਨ ਨੂੰ ਮਿਲ ਰਿਹਾ ਹੈ ਕਿ ਇਹ ਕਾਫੀ ਚੰਗੀ ਹੈ। ਟਰੰਪ ਨੇ ਆਖਿਆ ਕਿ ਉਨ੍ਹਾਂ ਨੂੰ ਆਸ ਹੈ ਕਿ ਡੈਮੋਕ੍ਰੈਟਸ ਇਸ ਡੀਲ ਨੂੰ ਅਗਲੇ ਪੜਾਅ ਵਿੱਚ ਭੇਜਣਗੇ ਤੇ ਜੇ ਉਹ ਉੱਥੇ ਜਾਂਦੀ ਹੈ ਤਾਂ ਯਕੀਨਨ ਪਾਸ ਹੋ ਜਾਵੇਗੀ।

## ਲਿਬਰਲਾਂ ਵੱਲੋਂ ਮੱਧ ਵਰਗ ਲਈ ਟੈਕਸਾਂ ਵਿੱਚ ਕਟੌਤੀ ਸਬੰਧੀ ਮਤਾ ਪੇਸ਼

...ਪੰਨਾ 1 ਦਾ ਬਾਕੀ

ਤੋਂ ਲੈ ਕੇ 15000 ਡਾਲਰ ਤੱਕ ਦੀ ਛੋਟ ਵਿੱਚ ਵਾਧਾ ਕਰਨ ਲਈ ਹਾਊਸ ਦੀ ਮਨਜ਼ੂਰੀ ਵਾਸਤੇ ਨਵੇਂ ਢੰਗ ਤਰੀਕਿਆਂ ਲਈ ਮਤਾ ਪੇਸ਼ ਕੀਤਾ ਹੈ। ਸੋਮਵਾਰ ਸਵੇਰੇ ਇਸ ਸਬੰਧ ਵਿੱਚ ਮੌਰਨਿਊ ਤੇ ਉਨ੍ਹਾਂ ਦੀ ਸਹਿਯੋਗੀ ਅਤੇ ਮਨਿਸਟਰ ਫੌਰ ਮਿਡਲ ਕਲਾਸ ਪ੍ਰੌਸਪੈਰਿਟੀ ਮੋਨਾ ਫੋਰਟੀਅਰ ਨੇ ਐਲਾਨ ਕੀਤਾ। ਮੌਰਨਿਊ ਨੇ ਆਖਿਆ ਕਿ ਸੱਭ ਤੋਂ ਪਹਿਲਾ ਕੰਮ ਅਸੀਂ ਮੱਧ ਵਰਗੀ ਕੈਨੇਡੀਅਨਾਂ ਲਈ ਟੈਕਸਾਂ ਵਿੱਚ ਕਟੌਤੀ ਦਾ ਕੰਮ ਕਰਨਾ ਚਾਹੁੰਦੇ ਹਾਂ। ਇਸੇ ਲਈ ਅੱਜ ਸਾਡੇ ਵੱਲੋਂ ਇਸ ਸਬੰਧ ਵਿੱਚ ਮਤਾ ਪੇਸ਼ ਕੀਤਾ ਗਿਆ ਹੈ। ਅਸੀਂ ਜਾਣਦੇ ਹਾਂ ਕਿ ਇਸ ਦਾ ਸਕਾਰਾਤਮਕ ਅਸਰ ਪਵੇਗਾ।

ਇਸ ਮਤੇ ਵਿੱਚ ਇਨਕਮ ਟੈਕਸ ਐਕਟ ਵਿੱਚ ਸੋਧ ਦਾ ਪ੍ਰਸਤਾਵ ਹੈ। ਇਸ ਵਿੱਚ ਅਜਿਹੀ ਸੋਧ ਕਰਨ ਦੀ ਗੱਲ ਕੀਤੀ ਗਈ ਹੈ ਜਿਸ ਨਾਲ 2023 ਤੱਕ ਕੈਨੇਡੀਅਨਾਂ ਨੂੰ ਆਪਣੀ ਕਮਾਈ ਦੇ ਪਹਿਲੇ 15,000 ਡਾਲਰਾਂ ਵਾਸਤੇ ਕੋਈ ਫੈਡਰਲ ਟੈਕਸ ਨਹੀਂ ਦੇਣਾ ਹੋਵ-ੇਗਾ। ਇਸ ਤਬਦੀਲੀ ਅਗਲੇ ਚਾਰ ਸਾਲਾਂ ਵਿੱਚ ਹੌਲੀ ਹੌਲੀ ਲਾਗੂ ਹੋਵੇਗੀ। ਇਸ ਤੋਂ ਭਾਵ ਇਹ ਹੈ ਕਿ 2020 ਵਿੱਚ ਪ੍ਰਸਤਾਵਿਤ ਐਡਜਸਟਮੈਂਟ ਰਕਮ ਬੇਸਿਕ ਪਰਸਨਲ ਇਨਕਮ ਟੈਕਸ ਵਿੱਚ 1000 ਡਾਲਰ ਤੋਂ ਥੋੜ੍ਹਾ ਘੱਟ ਦਾ ਇਜਾਫਾ ਕਰੇਗੀ ਜੋ ਕਿ ਮੌਜੂਦਾ 12,298 ਡਾਲਰ ਦੀ ਥਾਂ 13,229 ਡਾਲਰ ਹੋਵੇਗਾ।

ਸਰਕਾਰ ਦੇ ਅੰਦਾਜ਼ੇ ਮੁਤਾਬਕ ਇਸ ਦੇ ਨਤੀਜੇ ਵਜੋਂ 20 ਮਿਲੀਅਨ ਕੈਨੇਡੀਅਨਾਂ ਦੇ ਟੈਕਸਾਂ ਵਿੱਚ ਕਟੌਤੀ ਹੋਵੇਗੀ। ਇੱਕ ਵਾਰੀ ਇਸ ਦੇ ਪੂਰੀ ਤਰ੍ਹਾਂ ਲਾਗੂ ਹੋਣ ਤੋਂ ਬਾਅਦ ਕੈਨੇਡੀਅਨਾਂ ਨੂੰ ਸਾਲ ਵਿੱਚ 300 ਡਾਲਰ ਤੱਕ ਦੀ ਬਚਤ ਹੋਵੇਗੀ ਤੇ ਪਰਿਵਾਰਾਂ ਨੂੰ ਅੰਦਾਜ਼ਨ 600 ਡਾਲਰ ਦੀ ਬਚਤ ਹੋਵੇਗੀ। ਵੱਧ ਕਮਾਈ ਕਰਨ ਵਾਲੇ ਇੱਕ ਫੀ ਸਦੀ ਕੈਨੇਡੀਅਨਾਂ ਨੂੰ ਇਸ ਵਾਧੇ ਦਾ ਕੋਈ ਲਾਭ ਨਹੀਂ ਹੋਵ-ੇਗਾ ਤੇ ਬੇਸਿਕ ਪਰਸਨਲ ਇਨਕਮ ਰਕਮ ਵਿੱਚ ਇਸ ਵਾਧੇ ਨੂੰ 150,473 ਤੋਂ ਵੱਧ ਡਾਲਰ ਕਮਾਉਣ ਵਾਲਿਆਂ ਲਈ ਹੌਲੀ ਹੌਲੀ ਘਟਾ ਦਿੱਤਾ ਜਾਵੇਗਾ। 2023 ਤੱਕ ਇਸ ਤਬਦੀਲੀ ਕਾਰਨ 1.1 ਮਿਲੀਅਨ ਹੋਰ ਕੈਨੇਡੀਅਨਜ਼ ਕਿਸੇ ਤਰ੍ਹਾਂ ਦਾ ਫੈਡਰਲ ਇਨਕਮ ਟੈਕਸ ਅਦਾ ਨਹੀਂ ਕਰ ਰਹੇ ਹੋਣਗੇ। ਸਰਕਾਰ ਦੇ ਲਿੰਗ ਆਧਾਰਿਤ ਵਿਸ਼ਲੇਸ਼ਣ ਅਨੁਸਾਰ ਇਨ੍ਹਾਂ ਵਿੱਚੋਂ 60 ਫੀ ਸਦੀ ਮਹਿਲਾਵਾਂ ਹੋਣਗੀਆਂ।

ਸਰਕਾਰ ਦੇ ਅੰਦਾਜ਼ੇ ਮੁਤਾਬਕ ਇਸ ਟੈਕਸ ਤਬਦੀਲੀ ਨੂੰ ਲਾਗੂ ਕਰਨ ਦੀ ਲਾਗਤ 2020-21 ਵਿੱਚ ਤਿੰਨ ਬਿਲੀਅਨ ਡਾਲਰ ਤੱਕ ਅੱਪੜ ਜਾਵੇਗੀ ਤੇ 2023-24 ਤੱਕ ਵੱਧ ਕੇ ਛੇ ਬਿਲੀਅਨ ਡਾਲਰ ਹੋ ਜਾਵੇਗੀ।ਮੌਰਨਿਊ ਨੇ ਆਖਿਆ ਕਿ ਉਨ੍ਹਾਂ ਨੂੰ ਪੂਰਾ ਭਰੋਸਾ ਹੈ ਕਿ ਇਸ ਬਿੱਲ ਨੂੰ ਪਾਸ ਕਰਵਾਉਣ ਲਈ ਉਨ੍ਹਾਂ ਨੂੰ ਪੂਰਾ ਸਹਿਯੋਗ ਹਾਸਲ ਹੋਵੇਗਾ ਤੇ ਉਹ ਇਸ ਨੂੰ 2020 ਤੱਕ ਲਾਗੂ ਕਰ ਸਕਣਗੇ। ਇਸ ਤੋਂ ਭਾਵ ਹੈ ਕਿ ਇਸ ਬਿੱਲ ਉੱਤੇ ਅਗਲੇ ਹਫਤੇ ਵੋਟਿੰਗ ਹੋ ਸਕਦੀ ਹੈ। ਇੱਥੇ ਦੱਸਣਾ ਬਣਦਾ ਹੈ ਕਿ ਅਗਲੇ ਸ਼ੁੱਕਰਵਾਰ ਤੋਂ ਐਮਪੀਜ਼ ਕਈ ਹਫਤੇ ਚੱਲਣ ਵਾਲੀਆਂ ਸਰਦ ਰੁੱਤ ਦੀਆਂ ਛੁੱਟੀਆਂ ਉੱਤੇ ਚਲੇ ਜਾਣਗੇ।

## ਹਰ ਸਾਲ 75,000 ਤੋਂ ਵੱਧ ਲੋਕ ਪੈਨਸ਼ਨ ਉਡੀਕਦੇ ਹੀ ਮਰ ਜਾਂਦੇ ਨੇ: ਅਸ਼ੋਕ ਰਾਊਤ




ਨਵੀਂ ਦਿੱਲੀ, 9 ਦਸੰਬਰ (ਪੋਸਟ ਬਿਊਰੋ)- ਸੇਵਾਮੁਕਤ ਕਰਮਚਾਰੀਆਂ ਦੇ ਸੰਗਠਨ 'ਈ ਪੀ ਐਸ 95 ਨੈਸ਼ਨਲ ਐਕਸ਼ਨ ਕਮੇਟੀ' ਨੇ ਕਿਹਾ ਕਿ ਕਰਮਚਾਰੀ ਪ੍ਰਾਵੀਡੈਂਡ ਫੰਡ ਸੰਗਠਨ ਇੱਕ ਧੋਖੇਬਾਜ ਸੰਸਥਾ ਹੈ, ਜਿਸ ਨੇ ਪੈਨਸ਼ਨਰਾਂ ਦੀ ਕਮਾਈ ਨੂੰ ਲੁਟਮਾਰ ਵਾਂਗ ਬਜ਼ੁਰਗਾਂ ਨੂੰ ਮਾਰਨ ਦੇ ਲਈ ਛੱਡ ਦਿੱਤਾ ਹੈ ਅਤੇ ਹਰ ਸਾਲ 75,000 ਤੋਂ ਵੱਧ ਪੈਨਸ਼ਨਰਸ ਆਪਣੀ ਪੈਨਸ਼ਨ ਦਾ ਇੰਤਜ਼ਾਰ ਕਰਦੇ ਹੋਏ ਮਰ ਜਾਂਦੇ ਹਨ। ਇਸ ਸੰਗਠਨ ਦੇ ਕੌਮੀ ਕਨਵੀਨਰ ਕਮਾਂਡਰ ਅਸ਼ੋਕ ਰਾਊਤ (ਸੇਵਾਮੁਕਤ) ਨੇ ਕੱਲ੍ਹ ਜੰਤਰ-ਮੰਤਰ 'ਤੇ ਧਰਨਾ ਦੇ ਰਹੇ ਹਜ਼ਾਰਾਂ ਪੈਨਸ਼ਨਰਾਂ ਨੂੰ ਸੰਬੋਧਿਤ ਕਰਦਿਆਂ ਨੇ ਕਿਹਾ ਕਿ ਪੈਨਸ਼ਨਰਾਂ ਦੇ 6 ਦਸੰਬਰ ਨੂੰ ਭੀਕਾਜੀ ਕਾਮਾ 'ਤੇ ਕੀਤੇ ਜਾ ਰਹੇ ਆਦੋਲਨ 'ਤੇ ਪਟਿਆਲਾ ਹਾਊਸ ਅਦਾਲਤ ਦੇ ਰੋਕ ਲਉਣ ਨਾਲ ਸਾਫ ਹੋ ਗਿਆ ਹੈ ਕਿ ਈ ਪੀ ਐਫ ਓ ਆਪਣੇ ਪੈਨਸ਼ਨਰਾਂ ਦਾ ਸਾਹਮਣਾ ਕਰਨ ਤੋਂ ਡਰਦੀ ਹੈ। ਉਨ੍ਹਾਂ ਕਿਹਾ ਕਿ ਈ ਪੀ ਐਫ ਓ ਕੋਲ ਹਰ ਸਾਲ ਇੱਕ ਲੱਖ ਰੁਪਏ ਜਮ੍ਹਾ ਹੁੰਦੇ ਹਨ ਤੇ ਇਸ ਦੇ ਖਾਤੇ ਤੋਂ ਹਰ ਸਾਲ ਪੈਨਸ਼ਨ 'ਤੇ ਖਰਚ ਹੁੰਦੀ ਰਾਸ਼ੀ 4 ਲੱਖ 12 ਕਰੋੜ ਰੁਪਏ ਹੁੰਦੀ ਹੈ। ਰਾਊਤ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਘੱਟੋ ਘੱਟ ਪੈਨਸ਼ਨ 1,000 ਰੁਪਏ ਦੇਣ ਦਾ ਵਾਅਦਾ ਕੀਤਾ ਸੀ ਪਰ 28 ਲੱਖ ਪੈਨਸ਼ਨਰਾਂ ਨੂੰ ਇਹ ਕਦੀ ਨਹੀਂ ਮਿਲੀ। ਆਪਣੀ ਮੰਗਾਂ ਲਈ ਲੱਖਾਂ ਪੈਨਸ਼ਨਰ 7 ਦਸੰਬਰ ਨੂੰ ਪ੍ਰਧਾਨ ਮੰਤਰੀ ਦਫਤਰ ਵੱਲ ਮੋਰਚਾ ਕਰਨਗੇ ਅਤੇ ਰਾਮਲੀਲਾ ਮੈਦਾਨ 'ਤੇ 'ਰਸਤਾ ਰੋਕੋ ਅਭਿਆਨ' ਦਾ ਆਯੋਜਨ ਕੀਤਾ ਜਾਵੇਗਾ।

## ਵਿਧਾਨ ਸਭਾ ਦੇ ਗੇਟ ਉੱਤੇ ਜਿੰਦਰਾ ਦੇਖ ਕੇ ਗਵਰਨਰ ਭੜਕਿਆ

ਕੋਲਕਾਤਾ, 9 ਦਸੰਬਰ (ਪੋਸਟ ਬਿਊਰੋ)- ਪੱਛਮੀ ਬੰਗਾਲ ਸਰਕਾਰ ਤੇ ਗਵਰਨਰ ਜਗਦੀਪ ਧਨਖੜ ਵਿਚਾਲੇ ਵਿਵਾਦ ਨੇ ਕੱਲ੍ਹ ਨਵਾਂ ਮੋੜ ਲੈ ਲਿਆ, ਜਦੋਂ ਵਿਧਾਨ ਸਭਾ 'ਚ ਦਾਖਲੇ ਵਾਲੇ ਗੇਟ 'ਤੇ ਗਵਰਨਰ ਨੇ ਜਿੰਦਰਾ ਲੱਗਾ ਦੇਖਿਆ। ਗਵਰਨਰ ਜਗਦੀਪ ਧਨਖੜ ਜਿੰਦਰਾ ਲੱਗੇ ਗੇਟ ਅੱਗੇ ਖੜੋ ਕੇ ਕੁਝ ਦੇਰ ਉਡੀਕਣ ਪਿੱਛੋਂ ਦੂਜੇ ਗੇਟ ਰਾਹੀਂ ਵਿਧਾਨ ਸਭਾ 'ਚ ਗਏ। ਇਸ ਦੌਰਾਨ ਵਿਧਾਨ ਸਭਾ ਸਪੀਕਰ ਤੇ ਹੋਰ ਸੀਨੀਅਰ ਮੈਂਬਰ ਉਨ੍ਹਾਂ ਨੂੰ ਮਿਲਣ ਵੀ ਨਹੀਂ ਆਏ।

ਜਗਦੀਪ ਧਨਖੜ ਨੇ ਕਿਹਾ ਕਿ ਵਿਧਾਨ ਸਭਾ ਸਪੀਕਰ ਨੇ ਉਨ੍ਹਾਂ ਨੂੰ ਦੁਪਹਿਰ ਦੇ ਖਾਣੇ ਉੱਤੇ ਸੱਦਿਆ ਸੀ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਦਾ ਸੈਸ਼ਨ ਨਹੀਂ ਚੱਲ ਰਿਹਾ ਤਾਂ ਇਸ ਦਾ ਅਰਥ ਇਹ ਨਹੀਂ ਕਿ ਇਹ ਬੰਦ ਹੈ, ਵਿਧਾਨ ਸਭਾ ਦਾ ਸਕੱਤਰੇਤ ਖੁੱਲ੍ਹਾ ਰਹਿੰਦਾ ਹੈ। ਉਨ੍ਹਾਂ ਕਿਹਾ ਕਿ ਦੁਪਹਿਰ ਦੇ ਖਾਣੇ ਦਾ ਸੱਦਾ ਉਨ੍ਹਾਂ ਦੇ ਵਿਸ਼ੇਸ਼ ਸਕੱਤਰ ਨੂੰ ਵਿਧਾਨ ਸਭਾ ਦੇ ਸਕੱਤਰ ਨੇ ਦਿੱਤਾ ਸੀ। ਉਨ੍ਹਾਂ ਕਿਹਾ ਕਿ ਸਪੀਕਰ ਦੀ ਇਸ ਕਾਰਵਾਈ ਤੋਂ ਲੋਕਤੰਤਰ ਸ਼ਰਮਸਾਰ ਹੋਇਆ ਹੈ, ਉਹ ਇਸ ਬਾਰੇ ਸਪੀਕਰ ਨੂੰ ਲਿਖਣਗੇ। ਉਨ੍ਹਾਂ ਕਿਹਾ ਕਿ ਇਹ ਲੋਕਤੰਤਰ ਦਾ ਸੋਸ਼ਣ ਹੈ, ਉਨ੍ਹਾਂ ਦਾ ਨਹੀਂ। ਇਸ ਤੋਂ ਝਲਕਦਾ ਹੈ ਕਿ ਅਸੀਂ ਲੋਕਤੰਤਤਰ ਨੂੰ ਕੈਦ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ।

## ਕਰਨਾਟਕ ਜ਼ਿਮਨੀ ਚੋਣਾਂ :

## ਕੁੱਲ 15 ਅਸੈਬਲੀ ਸੀਟਾਂ ਦੀ ਚੋਣ ਵਿੱਚ 12 ਉੱਤੇਭਾਜਪਾ ਜੇਤੂ


ਬੈਂਗਲੁਰੂ, 9 ਦਸੰਬਰ, (ਪੋਸਟ ਬਿਊਰੋ)- ਕਰਨਾਟਕ ਵਿੱਚ 15 ਵਿਧਾਨ ਸਭਾ ਸੀਟਾਂਦੀਆਂ ਉੱਪ ਚੋਣਾਂਦੇ ਨਤੀਜੇ ਵਿੱਚ ਭਾਜਪਾ ਨੇ 12 ਸੀਟਾਂ ਉੱਤੇ ਜਿੱਤ ਦਰਜ ਕੀਤੀ ਹੈ। ਕਾਂਗਰਸ ਸਿਰਫ਼ 2 ਸੀਟਾਂ ਜਿੱਤ ਸਕੀ ਅਤੇ ਇਕ ਸੀਟ ਉੱਤੇ ਆਜ਼ਾਦ ਉਮੀਦਵਾਰ ਨੇ ਕਬਜ਼ਾ ਕੀਤਾ ਹੈ। ਖਾਸ ਗੱਲ ਇਹ ਕਿ ਜਨਤਾ ਦਲ ਸੈਕੂਲਰ (ਜੇ ਡੀ ਐੱਸ) ਦਾ ਖਾਤਾ ਵੀ ਨਹੀਂ ਖੁੱਲ੍ਹਿਆ। ਇਸ ਨਤੀਜੇ ਦੇ ਨਾਲ ਯੇਦੀਯੁਰੱਪਾ ਸਰਕਾਰ ਨੂੰ ਵਿਧਾਨ ਸਭਾ ਵਿੱਚ ਬਹੁਮਤ ਮਿਲ ਗਿਆ ਹੈ।

ਅੱਜ ਆਏ ਇਸ ਚੋਣ ਨਤੀਜੇ ਵਿੱਚ ਭਾਜਪਾ ਨੇ ਅਥਾਨੀ, ਕਾਗਵਾੜ, ਗੋਕਕ, ਯੇਲਾਪੁਰ, ਹੀਰੇਕੇਰੂਰ, ਰਾਨੇਬੇਨੂੰਰ, ਵਿਜੇਨਗਰ, ਚਿੱਕਾਬੱਲਾਪੁਰ, ਕੇ ਆਰ ਪੁਰਾ, ਯਸ਼ਵੰਤਪੁਰਾ, ਮਹਾਲਕਸ਼ਮੀ ਲੇਆਊਟ ਅਤੇ ਕ੍ਰਿਸ਼ਨਾਰਾਜਾਪੇਟ ਸੀਟਜਿੱਤੀ ਹੈ। ਕਾਂਗਰਸ ਦੇ ਖਾਤੇ ਵਿੱਚ ਸ਼ਿਵਾਜੀਨਗਰ ਅਤੇ ਹੁਨਾਸੂਰੂ ਦੀ ਸੀਟ ਗਈ ਅਤੇ ਹੋਸਾਕੋਟੇ ਤੋਂ ਆਜ਼ਾਦ ਉਮੀਦਵਾਰ ਸ਼ਰਥ ਕੁਮਾਰ ਬੱਚੇਗੌੜਾ ਜੇਤੂ ਰਿਹਾ ਹੈ। ਬਹੁਤੀਆਂ ਸੀਟਾਂ ਉੱਤੇਦਲਬਦਲੀ ਕਾਰਨ ਵਿਧਾਨ ਸਭਾ ਤੋਂ ਅਯੋਗ ਕਰਾਰ ਦਿੱਤੇ ਗਏ ਵਿਧਾਇਕਾਂ ਨੇ ਭਾਜਪਾ ਵੱਲੋਂ ਵੱਡੇ ਫਰਕ ਨਾਲ ਜਿੱਤ ਦਰਜ ਕੀਤੀ ਹੈ। ਉੱਪ ਚੋਣਾਂ ਦੇ ਨਤੀਜਿਆਂ ਨਾਲ ਭਾਜਪਾ ਨੂੰ ਵਿਧਾਨ ਸਭਾ ਵਿੱਚ ਪੂਰਨ ਬਹੁਮਤ ਮਿਲ ਗਿਆ ਹੈ। ਕੁੱਲ 222 ਮੈਂਬਰੀ ਵਿਧਾਨ ਸਭਾ ਵਿੱ-ਚਅੱਜ ਭਾਜਪਾ ਦੇ 117 ਵਿਧਾਇਕ ਹੋ ਗਏ ਹਨ। ਕਾਂਗਰਸ ਕੋਲ 68 ਅਤੇ ਜਨਤਾ ਦਲ ਐੱਸ ਦੇ 34 ਵਿਧਾਇਕ ਅਤੇ ਤਿੰਨ ਵਿਧਾਇਕ ਆਜ਼ਾਦ ਹਨ। ਬਹੁਮਤ ਲਈ 112 ਵਿਧਾਇਕਾਂ ਦੀ ਲੋੜ ਹੈ।


Visions of Punjab



VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com



Natasha Mahal
Co-Host
Iqbal Mahal
Producer & Host
Serving the South Asian Community Since 1976



BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
BEST CANADIAN TRUCK & FORKLIFT TRAINING CENTRE



ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ ਦਿਤੀ ਜਾਂਦੀ ਹੈ
Open Seven Days
- AZ Tractor trailer program
- Manual transmission & backup training everyday
- We welcome welfare workers & compensation clients

Forklift Re-Certification Only $69.00/-



Karnail Singh
416.670.3173 | 905.799.7333
27 Edvac Dr, Brampton, ON L6S 5X8



ਪੰਜਾਬੀ ਪੋਸਟ
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |


Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.


A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ




ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ








Aikam MEDIA GROUP



Amarjit S Rai
Radio Punjab
Monday to Friday
2:00PM to 3:00PM on 89.5 FM
Aikam TV
Every Saturday on Vision TV
Canada Wide
10:00PM to 11:00PM EST
7:00PM to 8:00PM PST
Aikam Arts Academy
Learn Indian Classical Music
Instruments
Folk Dances
www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com



PUNJABI RANG RADIO



CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com



GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

# ਪਸ਼ੂਆਂ ਦੀ ਢੋਆ-ਢੁਆਈ ਲਈ ਹੁਣ ਡਿਪਟੀ ਕਮਿਸ਼ਨਰ ਤੋਂ ਇਤਰਾਜ਼ਹੀਣਤਾ ਸਰਟੀਫਿਕੇਟ ਲੈਣ ਦੀ ਲੋੜ ਨਹੀ ਰਹੇਗੀ

***ਪਸ਼ੂ ਪਾਲਣ ਮੰਤਰੀ ਵੱਲੋਂ ਵੈਟਰਨਰੀ ਅਫ਼ਸਰਾਂ ਨੂੰ ਸਰਟੀਫਿਕੇਟ ਜਾਰੀ ਕਰਨ ਦਾ ਅਧਿਕਾਰ ਦੇਣ ਦਾ ਐਲਾਨ**

***ਪਸ਼ੂ-ਪਾਲਕਾਂ ਦੀ ਖੱਜਲ-ਖੁਆਰੀ ਘੱਟੇਗੀ ਅਤੇ ਮਾਰਕੀਟਿੰਗ ਵਧੇਗੀ - ਤ੍ਰਿਪਤ ਰਜਿੰਦਰ ਸਿੰਘ ਬਾਜਵਾ**

ਲੁਧਿਆਣਾ, 9 ਦਸੰਬਰ - ਸੂਬੇ ਵਿੱਚ ਪਸ਼ੂ ਪਾਲਕਾਂ ਦੀ ਖੱਜਲ ਖੁਆਰੀ ਨੂੰ ਘਟਾਉਣ ਅਤੇ ਪਸ਼ੂ ਪਾਲਣ ਧੰਦੇ ਨੂੰ ਉਤਸ਼ਾਹਿਤ ਕਰਨ ਲਈ ਪੰਜਾਬ ਸਰਕਾਰ ਨੇ ਪਸ਼ੂਆਂ ਦੀ ਢੋਆ-ਢੁਆਈ ਸਬੰਧੀ ਇਤਰਾਜ਼ਹੀਣਤਾ ਸਰਟੀਫਿਕੇਟ ਦੀ ਸ਼ਰਤ ਨੂੰ ਨਰਮ ਕਰਨ ਦਾ ਫੈਸਲਾ ਕੀਤਾ ਹੈ। ਪਸ਼ੂਆਂ ਦੀ ਢੋਆ-ਢੁਆਈ ਸਬੰਧੀ ਹੁਣ ਇਤਰਾਜ਼ਹੀਣਤਾ ਸਰਟੀਫਿਕੇਟ ਡਿਪਟੀ ਕਮਿਸ਼ਨਰਾਂ ਦੀ ਬਜਾਏ ਵੈਟਰਨਰੀ ਅਫ਼ਸਰਾਂ ਨੂੰ ਜ਼ਾਰੀ ਕਰਨ ਲਈ ਅਧਿਕਾਰਤ ਕੀਤਾ ਜਾ ਰਿਹਾ ਹੈ। ਇਹ ਐਲਾਨ ਪੰਜਾਬ ਦੇ ਪਸ਼ੂ ਅਤੇ ਮੱਛੀ ਪਾਲਣ ਅਤੇ ਡੇਅਰੀ ਵਿਕਾਸ ਮੰਤਰੀ ਸ੍ਰ. ਤ੍ਰਿਪਤਾ ਰਜਿੰਦਰ ਸਿੰਘ ਵਾਜਵਾ ਨੇ ਸਥਾਨਕ ਪਸ਼ੂ ਮੰਡੀ ਵਿਖੇ ਪ੍ਰੋਗਰੈਸਿਵ ਡੇਅਰੀ ਫਾਰਮਰਜ਼ ਵੱਲੋਂ ਆਯੋਜਿਤ ਕੀਤੇ ਮੇਲੇ ਦੌਰਾਨ ਕੀਤਾ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ•ਾਂ ਕਿਹਾ ਕਿ ਸੂਬੇ ਵਿੱਚ ਪਸ਼ੂ ਪਾਲਕਾਂ ਨੂੰ ਆਪਣੇ ਹੀ ਪਸ਼ੂਆਂ ਦੀ ਢੋਆ-ਢੁਆਈ ਲਈ ਡਿਪਟੀ ਕਮਿਸ਼ਨਰ ਤੋਂ ਇਤਰਾਜ਼ਹੀਣਤਾ ਸਰਟੀਫਿਕੇਟ ਲੈਣਾ ਪੈਂਦਾ ਸੀ ਜਿਸ ਨਾਲ ਉਨਾਂ ਨੂੰ ਕਾਫੀ ਖੱਜਲ-ਖੁਆਰੀ ਦਾ ਸਾਹਮਣਾ ਕਰਨਾ ਪੈਂਦਾ ਸੀ। ਪਸ਼ੂ ਪਾਲਕਾ ਦੀ ਇਸ ਖੱਜਲ-ਖੁਆਰੀ ਨੂੰ ਦੂਰ ਕਰਨ ਲਈ ਇਹ ਇਤਰਾਜ਼ਹੀਣਤਾ ਸਰਟੀਫਿਕੇਟ ਜਾਰੀ ਕਰਨ ਦੇ ਅਧਿਕਾਰ ਵੈਟਰਨਰੀ ਅਫ਼ਸਰਾਂ ਨੂੰ ਦਿੱਤੇ ਜਾ ਰਹੇ ਹਨ। ਗੁਆਂਢੀ ਸੂਬਾ ਹਰਿਆਣਾ ਦੀ ਤਰਜ਼ @ਤੇ ਲਏ ਗਏ ਇਸ ਫੈਸਲੇ ਬਾਰੇ ਨੋਟੀਫਿਕੇਸ਼ਨ ਜਲਦ ਜਾਰੀ ਕਰ ਦਿੱਤਾ ਜਾਵੇਗਾ। ਸ੍ਰ. ਬਾਜਵਾ ਨੇ ਕਿਹਾ ਕਿ ਇਸ ਫੈਸਲੇ ਨਾਲ ਨਾ ਕੇਵਲ ਪਸ਼ੂ ਪਾਲਕਾਂ ਦੀ ਖੱਜਲ-ਖੁਆਰੀ ਘੱਟੇਗੀ ਸਗੋਂ ਸੂਬੇ ਵਿੱਚ ਪਸ਼ੂਆਂ ਦੇ ਵਪਾਰ ਵਿੱਚ ਵੀ ਵਾਧਾ ਹੋਵੇਗਾ।

ਉਨ•ਾਂ ਕਿਹਾ ਕਿ ਸਰਕਾਰ ਵੱਲੋਂ ਪੰਜਾਬ ਨੂੰ ਪਸ਼ੂਆਂ ਦੀ ਬੀਮਾਰੀ ਮੁਕਤ ਏਰੀਆ ਬਨਾਉਣ ਲਈ ਮੂੰਹ ਖੁਰ ਤੇ ਗਲ-ਘੋਟੂ ਦੇ ਮੁਫ਼ਤ ਟੀਕੇ ਲਾਏ ਜਾ ਰਹੇ ਹਨ ਤਾਂ ਜੋ ਕਿ ਅਸੀਂ ਆਪਣੇ ਦੁੱਧ ਤੇ ਮੀਟ ਬਾਹਰਲੇ ਮੁਲਕ ਨੂੰ ਭੇਜ ਸਕੀਏ।

ਉਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਹਰੇਕ ਜ਼ਿਲੇ ਦੇ 100-100 ਪਿੰਡ ਚੁਣਕੇ ਮੁਫ਼ਤ ਬਨਾਉਟੀ ਗਰਭਾਦਾਨ ਟੀਕੇ ਲਾਏ ਜਾ ਰਹੇ ਹਨ। ਪਸ਼ੂਆਂ ਦੀ ਨਸਲ ਸੁਧਾਰ ਲਈ ਮਾਝੇ ਵਿੱਚ ਨੀਲੀ ਰਾਵੀ, ਬਾਰਡਰ ਏਰੀਏ ਵਿੱਚ ਸਾਹੀਵਾਲ ਅਤੇ ਮਾਲਵੇ ਵਿੱਚ ਮੁਰਾ ਨਸਲ ਦੇ ਵਧੀਆ ਪਸ਼ੂ ਤਿਆਰ ਕਰਨ ਲਈ ਨਵੀਂ ਸਕੀਮ ਆਰੰਭੀ ਗਈ ਹੈ। ਉਨਾ ਕਿਹਾ ਕਿ ਪੰਜ ਸੂਰਾਂ ਦੇ ਸਰਕਾਰੀ ਫਾਰਮਾਂ ਤੋਂ ਰਿਆਇਤੀ ਦਰਾਂ 'ਤੇ ਸੂਰਾਂ ਦੇ ਬੱਚੇ ਦਿੱਤੇ ਜਾ ਰਹੇ ਹਨ। ਬੱਕਰੀਆਂ ਲਈ ਬੀਟਲ ਨਸਲ ਦੇ ਨਰ ਬੱਚੇ ਪਸ਼ੂ ਪਾਲਕਾਂ ਨੂੰ ਮੁਫ਼ਤ ਦਿੱਤੇ ਜਾ ਰਹੇ ਹਨ।

ਉਨ੍ਹਾਂ ਕਿਹਾ ਕਿ ਸੂਬੇ ਵਿੱਚ ਡੇਅਰੀ ਧੰਦੇ ਨੂੰ ਉਤਸ਼ਾਹਿਤ ਕਰਨ ਲਈ ਡੇਅਰੀ ਵਿਕਾਸ ਦੇ ਨੌਂ ਸਿਖਲਾਈ ਕੇਂ-ਦਰਾਂ 'ਤੇ ਹਰ ਸਾਲ 6000 ਤੋਂ ਵੱਧ ਨੌਜਵਾਨਾਂ ਨੂੰ ਸਿਖਲਾਈ ਦੇ ਕੇ ਡੇਅਰੀ ਧੰਦੇ ਨਾਲ ਜੋੜਿਆ ਜਾਂਦਾ ਹੈ। ਲਗਭਗ 3000 ਬੱਚਿਆਂ ਨੂੰ ਬੈਂਕਾਂ ਤੋਂ ਅਸਾਨ ਦਰਾਂ 'ਤੇ ਕਰਜ਼ੇ ਦਵਾ ਕੇ ਨਵੇਂ ਡੇਅਰੀ ਯੂਨਿਟ ਸਥਾਪਤ ਕੀਤੇ ਜਾਂਦੇ ਹਨ। ਦੁੱਧਾਰੂ ਪਸ਼ੂਆ ਦੀ ਖਰੀਦ ਤੋਂ ਲੈ ਕੇ ਦੁੱਧ ਚੁਆਈ ਮਸ਼ੀਨਾਂ, ਪੱਠੇ ਵੱਢਣ ਵਾਲੀਆਂ ਮਸ਼ੀਨਾਂ, ਦੁੱਧ ਠੰਡਾ ਕਰਨ ਵਾਲੇ ਯੰਤਰ ਅਤੇ ਦੁੱਧ ਤੋਂ ਦੁੱਧ ਪਦਾਰਥ ਬਨਾਉਣ ਵਾਲੇ ਪਿੰਡ ਪੱਧਰ ਦੇ ਕਾਰਖ਼ਾਨੇ ਤੇ 25 ਪ੍ਰਤੀਸ਼ਤ ਤੋਂ 33ਪ੍ਰਤੀਸ਼ਤ ਤੱਕ ਸਬਸਿਡੀ ਦਿੱਤੀ ਜਾਂਦੀ ਹੈ।

ਉਨਾਂ ਕਿਹਾ ਕਿ ਪੰਜਾਬ ਦੇ ਦੱਖਣੀ ਜ਼ਿਲਿਆਂ ਵਿੱਚ ਖਾਰੇ ਪਾਣੀ ਵਿਚ ਝੀਂਗਾ ਪਾਲਣ ਦੇ ਕੰਮ ਵਿੱਚ ਤੇਜ਼ੀ ਆਈ ਹੈ ਅਤੇ ਨਵਾਂ ਰਕਬਾ ਮੱਛੀ ਪਾਲਣ ਹੇਠ ਲਿਆਂਦਾ ਜਾ ਰਿਹਾ ਹੈ। ਅੱਗੇ ਵੀ ਸਰਕਾਰ ਵੱਲੋਂ ਇਨਾਂ ਧੰਦਿਆਂ ਨੂੰ ਉਤਸ਼ਾਹਿਤ ਕੀਤਾ ਜਾਂਦਾ ਰਹੇਗਾ। ਉਨਾਂ ਪੀ.ਡੀ.ਐਫ.ਏ. ਨੂੰ ਵਧਾਈ ਦਿੰਦਿਆਂ ਨਵੀਂ ਪੀੜੀ ਨੂੰ ਕਿਹਾ ਕਿ ਆਪਣੇ ਘਰ ਵਿੱਚ ਆਪਣੇ ਮੁਲਕ ਵਿੱਚ ਰਹਿਕੇ ਅਜਿਹੇ ਕਿੱਤੇ ਸ਼ੁਰੂ ਕੀਤੇ ਜਾਣ ਕਿਉਂਕਿ ਮੁਲਕ ਦੀ ਵੱਧਦੀ ਆਬਾਦੀ ਦੀ ਮੰਗ ਨੂੰ ਪੂਰਾ ਕਰਨ ਲਈ ਦੁੱਧ, ਮੀਟ ਅਤੇ ਆਂਡਿਆਂ ਦੀ ਮੰਗ ਲਗਾਤਾਰ ਵੱਧਦੀ ਰਹਿਣੀ ਹੈ।

ਪ੍ਰੋਗਰੈਸਿਵ ਡੇਅਰੀ ਫਾਰਮਰਜ਼ ਐਸੋਸੀਏਸ਼ਨ ਦੇ ਪ੍ਰਧਾਨ ਸ. ਦਲਜੀਤ ਸਿੰਘ, ਸਾਰੇ ਜ਼ਿਲਾ ਪ੍ਰਧਾਨ ਅਤੇ ਮੈਂਬਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਪੀ.ਡੀ.ਐਫ.ਏ. ਦੇ ਮੈਂਬਰਾਂ ਵੱਲੋਂ ਬਣਾਏ ਗਏ ਡੇਅਰੀ ਫਾਰਮ ਅਤੇ ਵਧੀਆ ਨਸਲ ਦੇ ਪਸ਼ੂਆਂ ਨੂੰ ਦੇਸ਼ ਦੇ ਜਿੱਥੇ ਨਵੀਂ ਪੀੜੀ ਦੇ ਨੌਜਵਾਨਾਂ ਦੇ ਕੰਮ ਕਰਨ ਦੀ ਭਾਵਨਾ ਪੈਦਾ ਹੁੰਦੀ ਹੈ, ਉੱਥੇ ਉਹ ਆਪਣੇ ਆਧੁਨਿਕ ਫਾਰਮ ਵੀ ਬਣਾ ਰਹੇ ਹਨ। ਪੀ.ਡੀ.ਐਫ.ਏ. ਅਜਿਹੀ ਜੱਥੇਬੰਦੀ ਹੈ ਜੋ ਸਰਕਾਰੀ ਨੀਤੀਆਂ ਤੇ ਸਕੀਮਾਂ ਨੂੰ ਕਿਸਾਨਾਂ ਤੱਕ ਪਹੁੰਚਾਉਂਦੀ ਹੈ ਤੇ ਕਿਸਾਨਾਂ ਦੀਆਂ ਮੁਸ਼ਕਿਲਾਂ ਨੂੰ ਸਰਕਾਰ ਤੱਕ ਪਹੁੰਚਾਉਂਦੀ ਹੈ। ਨਵੀਆਂ ਨੀਤੀਆਂ ਘੜਨ ਵਿੱਚ ਪੀ.ਡੀ.ਐਫ.ਏ. ਦਾ ਕਾਫੀ ਯੋਗਦਾਨ ਰਿਹਾ ਹੈ।

ਇਸ ਮੌਕੇ ਵਿਸ਼ੇਸ ਤੌਰ 'ਤੇ ਪੁੱਜੇ ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਸ੍ਰ. ਬਲਬੀਰ ਸਿੱਧੂ ਨੇ ਕਿਹਾ ਕਿ ਜੇਕਰ ਖੇਤੀਬਾੜੀ ਸਾਡੇ ਦੇਸ਼ ਦੀ ਆਰਥਿਕਤਾ ਦੀ ਰੀੜ ਦੀ ਹੱਡੀ ਹੈ ਤਾਂ ਪਸ਼ੂ ਪਾਲਣ ਕਿੱਤਾ ਵੀ ਕਿਸਾਨਾਂ ਦੀ ਰੀੜ ਦੀ ਹੱਡੀ ਹੈ। ਪਸ਼ੂ ਪਾਲਣ ਦੇ ਵਿੱਚ ਮੱਛੀ ਪਾਲਣ, ਬੱਕਰੀ ਪਾਲਣ ਅਤੇ ਹੋਰ ਸਹਾਇਕ ਧੰਦੇ ਕਿਸਾਨੀ ਨੂੰ ਆਰਥਿਕ ਤੌਰ @ਤੇ ਪ੍ਰਫੁੱਲਤ ਕਰਨ ਵਿੱਚ ਅਹਿਮ ਯੋਗਦਾਨ ਪਾ ਰਹੇ ਹਨ। ਉਨਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਵਿੱਚ ਖੇਤੀਬਾੜੀ ਅਤੇ ਪਸ਼ੂ ਪਾਲਣ ਧੰਦਿਆਂ ਨੂੰ ਪ੍ਰਫੁੱਲਤ ਕਰਨ ਲਈ ਮਸ਼ੀਨੀਕਰਨ @ਤੇ ਜ਼ੋਰ ਦੇ ਰਹੀ ਹੈ। ਇਸ ਲਈ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਅਤੇ ਪਸ਼ੂ ਪਾਲਕਾਂ ਨੂੰ ਬਕਾਇਦਾ ਸਬਸਿਡੀ 'ਤੇ ਸੰਦ ਮੁਹੱਈਆ ਕਰਵਾਉਣ ਦੇ ਨਾਲ-ਨਾਲ ਸਸਤੀਆਂ ਦਰਾਂ 'ਤੇ ਕਰਜ਼ੇ ਮੁਹੱਈਆ ਕਰਵਾਏ ਜਾ ਰਹੇ ਹਨ।

ਸੂਬੇ ਵਿੱਚੋਂ ਆਵਾਰਾ ਪਸ਼ੂਆਂ ਦੀ ਸਮੱਸਿਆ 'ਤੇ ਕਾਬੂ ਪਾਉਣ ਬਾਰੇ ਕੇਂਦਰ ਸਰਕਾਰ ਨੂੰ ਅਪੀਲ ਕਰਦਿਆਂ ਸ੍ਰ. ਸਿੱਧੂ ਨੇ ਕਿਹਾ ਕਿ ਕੇਂਦਰ ਸਰਕਾਰ ਨੂੰ ਇਸ ਦਿਸ਼ਾ ਵਿੱਚ ਸੂਬਾ ਸਰਕਾਰਾਂ ਦੀ ਬਾਂਹ ਫੜਨੀ ਚਾਹੀਦੀ ਹੈ। ਸ੍ਰ. ਸਿੱਧੂ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਜੀ.ਐਸ.ਟੀ. ਦੀ ਪਿਛਲੇ ਲੰਬੇ ਸਮੇਂ ਤੋਂ ਕਿਸ਼ਤ ਰੋਕੀ ਹੋਈ ਹੈ ਜਿਸ ਕਾਰਨ ਸੂਬੇ ਦੀ ਆਰਥਿਕ ਸਥਿਤੀ 'ਤੇ ਮਾੜਾ ਅਸਰ ਪੈ ਰਿਹਾ ਹੈ।

ਸਿਹਤ ਵਿਭਾਗ ਦੀ ਕਾਰਜਕੁਸ਼ਲਤਾ ਬਾਰੇ ਪੁੱਛੇ ਸਵਾਲ ਦਾ ਜਵਾਬ ਦਿੰਦਿਆ ਸ੍ਰ. ਸਿੱਧੂ ਨੇ ਕਿਹਾ ਕਿ ਸਰਕਾਰੀ ਹਸਪਤਾਲਾਂ ਦੀ ਕਾਰਗੁਜ਼ਾਰੀ ਵਿੱਚ ਵੱਡੇ ਪੱਧਰ @ਤੇ ਸੁਧਾਰ ਦਰਜ਼ ਕੀਤਾ ਗਿਆ ਹੈ। ਹਸਪਤਾਲਾਂ ਵਿੱਚ ਡਾਕਟਰਾਂ ਦੀ ਕਮੀ ਪੂਰੀ ਕਰਨ ਲਈ ੧੧੯ ਵੈਦਾਂ ਦੀ ਭਰਤੀ ਕੀਤੀ ਗਈ ਹੈ। ਜਦਕਿ ਮਾਹਰ ਡਾਕਟਰਾਂ ਅਤੇ ਪੈਰਾ ਮੈਡੀਕਲ ਸਟਾਫ ਦੀ ਵੀ ਜਲਦ ਭਰਤੀ ਕੀਤੀ ਜਾਵੇਗੀ। ਉਨਾਂ ਕਿਹਾ ਕਿ ਸੂਬੇ ਵਿੱਚ ਸਿਹਤ ਬੀਮਾ ਯੋਜਨਾਂ ਸਫਲਤਾ ਪੂਰਵਕ ਚੱਲ ਰਹੀ ਹੈ। ਹੁਣ ਤੱਕ ਇਸ ਯੋਜਨਾ ਅਧੀਨ 67 ਕਰੋੜ ਰੁਪਏ ਦੀਆਂ ਸਿਹਤ ਸਹੂਲਤਾ ਦਿੱਤੀਆਂ ਜਾ ਚੁੱਕੀਆਂ ਹਨ।

ਇਸ ਮੌਕੇ ਵੱਖ-ਵੱਖ ਮੁਕਾਬਲਿਆਂ ਵਿੱਚ ਜੇਤੂ ਰਹਿਣ ਵਾਲੇ ਪਸ਼ੂ ਪਾਲਕਾਂ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੁੱਖ ਮੰਤਰੀ ਪੰਜਾਬ ਦੇ ਰਾਜਸੀ ਸਕੱਤਰ ਕੈਪਟਨ ਸੰਦੀਪ ਸਿੰਘ ਸੰਧੂ, ਵਿਧਾਇਕ ਮਨਪ੍ਰੀਤ ਸਿੰਘ ਅਯਾਲੀ, ਸਾਬਕਾ ਮੰਤਰੀ ਸ੍ਰ. ਮਲਕੀਤ ਸਿੰਘ ਦਾਖਾ, ਸੀਨੀਅਰ ਕਾਂਗਰਸੀ ਆਗੂ ਸ੍ਰ. ਮੇਜਰ ਸਿੰਘ ਭੈਣੀ, ਡੇਅਰੀ ਵਿਭਾਗ ਦੇ ਡਾਇਰੈਕਟਰ ਸ੍ਰ. ਇੰਦਰਜੀਤ ਸਿੰਘ, ਐਸ.ਐਸ.ਪੀ. ਲੁਧਿਆਣਾ ਦਿਹਾਤੀ ਸ੍ਰੀ ਸੰਦੀਪ ਗੋਇਲ ਅਤੇ ਹੋਰ ਹਾਜ਼ਰ ਸਨ।

# ਸੁਖਬੀਰ ਸਿੰਘ ਬਾਦਲ ਵੱਲੋਂ ਅਮਰਿੰਦਰ ਸਿੰਘ ਉੱਤੇ ਮੋੜਵਾਂ ਵਾਰ

*** ਫੋਟੋ ਦਿਖਾ ਕੇ ਜਾਂਚ ਵਿੱਚ ਆਪਣਾ ਨਾਮ ਸ਼ਾਮਲ ਕਰਾਉਣ ਦੀ ਚੁਣੌਤੀ**



ਚੰਡੀਗੜ੍ਹ, 9 ਦਸੰਬਰ, (ਪੋਸਟ ਬਿਊਰੋ)-ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੱਜ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਆਪਣਾ ਨਾਂ ਉਨ੍ਹਾਂ ਕਾਂਗਰਸੀ ਆਗੂਆਂ ਦੀ ਸੂਚੀ ਵਿਚ ਸ਼ਾਮਲ ਕਰਾਉਣ ਦੀ ਚੁਣੌਤੀ ਪੇਸ਼ ਕਰ ਦਿੱਤੀ ਹੈ, ਜਿਨ੍ਹਾਂ ਵੱਲੋਂ ਗੈਂਗਸਟਰਾਂ ਦੀ ਸਰਪ੍ਰਸਤੀ ਕਰਨ ਬਾਰੇ ਜਾਂਚ ਕੀਤੀ ਜਾ ਰਹੀ ਹੈ।

ਅੱਜ ਏਥੇ ਸੁਖਬੀਰ ਸਿੰਘ ਬਾਦਲ ਨੇ ਸਬੂਤ ਵਜੋਂ ਇਕ ਫੋਟੋ ਵੀ ਜਾਰੀ ਕੀਤੀ, ਜਿਸ ਵਿੱਚਸਾਲ 2017 ਦੀਆਂਵਿਧਾਨ ਸਭਾ ਚੋਣਾਂ ਦੇ ਪ੍ਰਚਾਰ ਵੇਲੇ ਕੈਪਟਨ ਅਮਰਿੰਦਰ ਸਿੰਘ ਗੈਂਗਸਟਰ ਹਰਜਿੰਦਰ ਸਿੰਘ ਬਿੱਟੂ ਦਾ ਸਨਮਾਨ ਕਰਰਹੇ ਹਨ। ਮੁੱਖ ਮੰਤਰੀ ਅਮਰਿੰਦਰ ਸਿੰਘ ਦੇ ਜਵਾਬੀ ਹਮਲੇ ਪਿੱਛੋਂ ਸੁਖਬੀਰ ਸਿੰਘ ਬਾਦਲ ਨੇ ਸੋਮਵਾਰ ਦੇਰ ਸ਼ਾਮ ਗੈਂਗਸਟਰ ਹਰਜਿੰਦਰ ਸਿੰਘ ਬਿੱਟੂ ਨਾਲ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਇਹ ਫੋਟੋ ਜਾਰੀ ਕੀਤੀ ਤੇ ਇਸ ਦੇ ਨਾਲ ਕਿਹਾ ਕਿ ਡੀਜੀਪੀ ਵੱਲੋਂ ਪੁੱਛਗਿੱਛ ਲਈ ਸੱਦਿਆ ਜਾਣਾ ਮੁੱਖ ਮੰਤਰੀ ਨੂੰ ਔਖਾ ਲੱਗੇਗਾ। ਉਨ੍ਹਾਂ ਕਿਹਾ ਕਿ ਅਕਾਲੀ ਦਲ ਪੰਜਾਬ ਦੇਗਵਰਨਰ ਨੂੰ ਬੇਨਤੀ ਕਰੇਗਾ ਕਿ ਉਹ ਸਰਕਾਰ ਨੂੰ ਇਸ ਕੇਸ ਦੀ ਜਾਂਚ ਸੀਬੀਆਈ ਤੋਂ ਕਰਵਾਉਣ ਲਈ ਕਹਿਣ। ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਕੈਪਟਨ ਅਮਰਿੰਦਰ ਵੱਲੋਂ ਬਿੱਟੂ ਨੂੰ ਕਾਂਗਰਸ ਵਿਚ ਸ਼ਾਮਲ ਕਰਾਉਣ ਦੀ ਫੋਟੋਤੋਂ ਇਲਾਵਾ ਅਕਾਲੀ ਦਲ ਇੱਕ ਹੋਰ ਫੋਟੋ ਵੀ ਦੇਵੇਗਾ, ਜਿਸ ਵਿਚ ਮੁੱਖ ਮੰਤਰੀ ਦੀ ਹਾਜ਼ਰੀ ਵਿਚ ਨਾਮੀ ਗੈਂਗਸਟਰ ਪ੍ਰਦੀਪ ਸੰਧੂ ਨੂੰ ਕਾਂਗਰਸ ਵਿਚ ਸ਼ਾਮਿਲ ਕੀਤਾ ਜਾ ਰਿਹਾ ਹੈ।ਇਹ ਫੋਟੋ ਵੀ ਸਾਲ 2017 ਦੀ ਹੈ।

ਇਸ ਮੌਕੇ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਮੁੱਖ ਮੰਤਰੀ ਨੇ ਬਿੱਟੂ ਦੀਆਂ ਅਕਾਲੀ ਆਗੂਆਂ ਨਾਲ ਪੁਰਾਣੀਆਂ ਫੋਟੋ ਜਾਰੀ ਕੀਤੀਆਂ, ਪਰ ਇਹ ਗੱਲ ਭੁੱਲ ਗਿਆ ਕਿ ਉਸ ਨੇ 2017 ਸਰਕਾਰ ਬਣਾਉਣ ਵੇਲੇ ਬਿੱਟੂ ਨੂੰ ਕਾਂਗਰਸ ਵਿਚ ਸ਼ਾਮਲ ਕਰਕੇ ਉਸ ਨੂੰ ਸਿਆਸੀ ਸਰਪ੍ਰਸਤੀ ਦਿੱਤੀ ਸੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਅਮਰਿੰਦਰ ਸਿੰਘ ਦੇ ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦਾ ਬਚਾਅ ਕਰਨ ਤੋਂ ਇਹ ਸਾਫਹੈ ਕਿ ਕਾਂਗਰਸ ਨੇ ਸਿਆਸੀ ਵਿਰੋਧੀਆਂ ਤੋਂ ਬਦਲਾ ਲੈਣ ਲਈ ਗੈਂਗਸਟਰਾਂ ਨਾਲ ਗਠਜੋੜ ਕਰ ਰੱਖਿਆ ਅਤੇ ਸਮਾਜ-ਵਿਰੋਧੀ ਤੱਤਾਂ ਨਾਲ ਸਮਝੌਤੇ ਇਨ੍ਹਾਂ ਦੀ ਸਰਪ੍ਰਸਤੀ ਕਰ ਰਹੀ ਹੈ ਅਤੇ ਇਨ੍ਹਾਂ ਨੂੰ ਜੇਲਾਂ ਅੰਦਰ ਬੈਠ ਕੇ ਅਪਰਾਧਿਕ ਗਤੀਵਿਧੀਆਂ ਕਰਨ ਦੀ ਖੁੱਲ੍ਹ ਦੇ ਰਹੀ ਹੈ।

# ਪੰਮੀ ਬਾਈ ਨਾਲ ਹੋਈ ਠੱਗੀ ਦਾ ਉਸਨੂੰ ਏਅਰਪੋਰਟ ਜਾ ਕੇ ਪਤਾ ਲੱਗਾ!



ਪਟਿਆਲਾ, 9 ਦਸੰਬਰ, (ਪੋਸਟ ਬਿਊਰੋ)-ਪੰਜਾਬੀ ਦੇ ਪ੍ਰਸਿੱਧ ਗਾਇਕ ਪੰਮੀ ਬਾਈ ਦੇ ਨਾਲ ਕੋਕ ਸਟੂਡੀਓ ਵਿੱਚ ਗੀਤ ਗਵਾਉਣ ਦਾ ਝਾਂਸਾ ਦੇ ਕੇ ਲੱਖਾਂ ਦੀ ਠੱਗੀ ਮਾਰਨ ਦਾ ਭੇਦ ਖੁੱਲ੍ਹਾ ਹੈ। ਠੱਗਾਂ ਨੇ ਪੰਮੀ ਬਾਈ ਨੂੰ ਪੂਰੀ ਟੀਮ ਸਮੇਤ ਮੁੰਬਈ ਜਾਣ ਲਈ ਚੰਡੀਗੜ੍ਹ ਹਵਾਈ ਅੱਡੇ ਉੱਤੇ ਵੀ ਸੱਦ ਲਿਆ ਤੇ ਯੂਟਿਊਬ ਰਾਹੀਂ ਉਨ੍ਹਾਂ ਦੇ ਖਾਤੇ ਵਿੱਚਰਕਮ ਪਾਈ ਹੋਣ ਦਾ ਕਹਿ ਕੇ ਇਕ ਲੱਖ ਰੁਪਏ ਤੋਂ ਵੱਧ ਰਕਮ ਵੀ ਹੜੱਪ ਲਈ ਹੈ।

ਇਸ ਸ਼ਹਿਰ ਦੇ ਅਨਾਜ ਮੰਡੀ ਥਾਣੇ ਵਿੱਚਪੁਲਿਸ ਨੇ ਪਰਮਜੀਤ ਸਿੰਘ ਉਰਫ਼ ਪੰਮੀ ਬਾਈ ਵਾਸੀ ਨਾਰਥ ਸਰਹੰਦ ਬਾਈਪਾਸ ਪਟਿਆਲਾ ਦੀ ਸ਼ਿਕਾਇਤ ਉੱਤੇ ਸਾਹਿਲ ਪੀਰਜ਼ਾਦਾ ਵਾਸੀ ਸੈਕਟਰ 88 ਖੇੜੀ ਕਲਾਂ ਫ਼ਰੀਦਾਬਾਦ ਦੇ ਖ਼ਿਲਾਫ਼ ਕੇਸ ਦਰਜ ਕੀਤਾ ਹੈ।ਪੰਮੀ ਬਾਈ ਨੇ ਦੱਸਿਆ ਕਿ 5 ਫਰਵਰੀ 2019 ਨੂੰ ਉਨ੍ਹਾਂ ਨੂੰ ਇਕ ਕੋਕ ਸਟੂਡੀਓ ਨਾਂ ਦੇ ਖਾਤੇ ਤੋਂ ਈਮੇਲ ਰਾਹੀਂ 11 ਫਰਵਰੀ 2019 ਨੂੰ ਗੀਤ ਦੀ ਰਿਹਰਸਲ ਅਤੇ 12 ਫਰਵਰੀ 2019 ਨੂੰ ਕੋਕ ਸਟੂਡੀਓ ਮੁੰਬਈ ਵਿਖੇ ਰਿਕਾਰਡਿੰਗ ਦੀ ਸੂਚਨਾ ਮਿਲੀ ਸੀ। ਮੇਲ ਵਿੱਚ ਪੰਮੀ ਬਾਈ ਤੋਂ ਸਾਰਾ ਵੇਰਵਾ ਮੰਗਿਆ ਗਿਆ ਅਤੇ ਇਹ ਨੰਬਰ ਨਾ ਹੋਣ ਉੱਤੇ ਫੋਨ ਰਾਹੀਂ ਗੱਲਬਾਤ ਸ਼ੁਰੂ ਹੋਈ। ਆਪਣੇ ਆਪ ਨੂੰ ਐਮ ਟੀਵੀ ਦਾ ਪੀਆਰ ਓ ਦੱਸਦੇ ਵਿਅਕਤੀ ਨੇ ਆਈਪੀਆਰ ਐੱਸ ਨੰਬਰ ਲੈਣ ਲਈ 26 ਹਜ਼ਾਰ 400 ਰੁਪਏ ਆਪਣੇ ਖਾਤੇ ਵਿੱਚ ਪੁਆ ਲਏ। ਇਸ ਪਿੱਛੋਂ ਵੀਡੀਓ ਦੇ ਰਾਈਟਸ ਲੈਣ ਲਈ 26 ਹਜ਼ਾਰ 400 ਰੁਪਏ ਹੋਰ ਖਾਤੇ ਵਿੱਚ ਪੁਆਏ ਅਤੇ 10 ਫਰਵਰੀ ਨੂੰ ਨੀਲ ਬਖਸ਼ੀ ਨਾਂ ਦੇ ਆਦਮੀ ਦਾ ਫੋਨ ਆਇਆ ਤੇ ਯੂਟਿਊਬ ਖਾਤੇ ਵਿੱਚ 16 ਲੱਖ ਰੁਪਏ ਜਮ੍ਹਾਂ ਹੋਣ ਦਾ ਕਹਿ ਕੇ ਇਸ ਦਾ 1 ਫੀਸਦੀ ਟੈਕਸ ਦੱਸ ਕੇ ਹੋਰ 16 ਹਜ਼ਾਰ ਰੁਪਏ ਲੈ ਲਏ। ਇਸ ਪਿੱਛੋਂ ਐੱਮਟੀਵੀ ਉੱਤੇ ਆਉਣ ਲਈ 20 ਹਜ਼ਾਰ ਰੁਪਏ ਸਿਕਊਰਟੀ ਉਸ ਵਿਅਕਤੀ ਦੇ ਖਾਤੇ ਵਿੱਚ ਜਮ੍ਹਾਂ ਕਰਾਏ ਗਏ। ਇਸ ਬਦਲੇ ਪੰਮੀ ਬਾਈ ਨੂੰ ਚੰਡੀਗੜ੍ਹ ਤੋਂ ਮੁੰਬਾਈ ਆਉਣ ਲਈ ਟਿਕਟਾਂ ਫੋਨ ਉੱਤੇ ਭੇਜ ਦਿੱਤੀਆਂ ਗਈਆਂ। ਪੰਮੀ ਬਾਈ 11 ਫਰਵਰੀ ਨੂੰ ਪੂਰੀ ਟੀਮ ਨਾਲ ਮੁੰਬਈ ਜਾਣ ਲਈ ਚੰਡੀਗੜ੍ਹ ਏਅਰਪੋਰਟ ਉੱਤੇ ਗਏ ਤਾਂ ਟਿਕਟਾਂ ਬਾਰੇ ਪੁੱਛਣ ਉੱਤੇ ਪਤਾ ਲੱਗਾ ਕਿ ਮੁੰਬਈ ਦੀ ਕੋਈ ਫਲਾਈਟ ਹੀ ਨਹੀਂ ਹੈ।

ਪੰਮੀ ਬਾਈ ਨੇ ਇਸ ਬਾਰੇ ਠੱਗੀ ਮਾਰਨ ਵਾਲਿਆਂ ਨੂੰ ਪੁੱਛਿਆ ਤਾਂ ਉਨ੍ਹਾਂ ਸਾਰੀ ਟੀਮ ਨਾਲ ਚੰਡੀਗੜ੍ਹ ਹੋਟਲ ਵਿੱਚ ਰੁਕਣ ਨੂੰ ਕਹਿ ਦਿੱਤਾ। ਫਿਰ ਰਿਕਾਰਡਿੰਗ ਦੀ ਮਿਤੀ ਬਦਲੀ ਕਹਿ ਕੇ ਟੀਮ ਨੂੰ ਵਾਪਸ ਭੇਜ ਦਿੱਤਾ। 16 ਫਰਵਰੀ ਨੂੰ ਪੰਮੀ ਬਾਈ ਨੂੰ ਫੋਨ ਕਰ ਕੇ ਉਨ੍ਹਾ ਦੇ ਯੂਟਿਊਬ ਖਾਤੇ ਵਿੱਚ 37 ਲੱਖ ਰੁਪਏ ਜਮ੍ਹਾਂ ਹੋਣ ਦੀ ਗੱਲ ਕਹੀ ਅਤੇ ਇਸ ਦਾ 1 ਫੀਸਦੀ ਟੈਕਸ ਭਰਵਾ ਲਿਆ। ਪੰਮੀ ਬਾਈ ਤੋਂ ਵੱਖ-ਵੱਖ ਤਰੀਕਾਂ ਵਿੱਚ 1 ਲੱਖ ਤੋਂ ਵੱਧ ਰਾਸ਼ੀ ਉਨ੍ਹਾਂ ਨੇ ਠੱਗ ਲਈ।

# ਅੰਦਰੂਨੀ ਸੁਰੱਖਿਆ ਤੇ ਅੱਤਵਾਦ ਦੇ ਟਾਕਰੇ ਬਾਰੇ ਉੱਘੇ ਅਮਰੀਕੀ ਮਾਹਿਰ ਬੁੱਧਵਾਰ ਨੂੰ ਦੂਜੇ ਕੇ.ਪੀ.ਐਸ. ਗਿੱਲ ਯਾਦਗਾਰੀ ਭਾਸ਼ਣ ਮੌਕੇ ਆਪਣੇ ਵਿਚਾਰ ਪੇਸ਼ ਕਰਨਗੇ

ਚੰਡੀਗੜ੍ਹ, 9 ਦਸੰਬਰ (ਪੋਸਟ ਬਿਊਰੋ)- ਪੰਜਾਬ ਪੁਲੀਸ ਵੱਲੋਂ ਬੁੱਧਵਾਰ ਨੂੰ ਇੰਡੀਅਨ ਸਕੂਲ ਆਫ਼ ਬਿਜ਼ਨਸ, ਐਸ.ਏ.ਐਸ. ਨਗਰ (ਮੋਹਾਲੀ) ਵਿਖੇ ਕਰਵਾਏ ਜਾ ਰਹੇ ਦੂਜੇ ਕੇ.ਪੀ.ਐਸ. ਗਿੱਲ ਯਾਦਗਾਰੀ ਭਾਸ਼ਣ ਮੌਕੇ ਅੰਦਰੂਨੀ ਸੁਰੱਖਿਆ ਤੇ ਅੱਤਵਾਦ ਨਾਲ ਨਜਿੱਠਣ ਬਾਰੇ ਉੱਘੇ ਅਮਰੀਕੀ ਮਾਹਿਰ ਆਪਣੇ ਵਿਚਾਰ ਪੇਸ਼ ਕਰਨਗੇ।

ਡੀ.ਜੀ.ਪੀ. ਦਿਨਕਰ ਗੁਪਤਾ ਮੁਤਾ-ਬਕ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਇਸ ਪ੍ਰੋਗਰਾਮ ਦੀ ਪ੍ਰਧਾਨਗੀ ਕਰਨਗੇ ਅਤੇ ਮੁੱਖ ਭਾਸ਼ਣ ਦੇਣਗੇ।

ਡੀ.ਜੀ.ਪੀ. ਮੁਤਾਬਕ ਰਾਂਡ ਕਾਰਪੋਰੇਸ਼ਨ, ਅਮਰੀਕਾ ਨਾਲ ਕੰਮ ਕਰਦੇ ਡਾ. ਪੀਟਰ ਚਾਕ ਮੌਜੂਦਾ ਸਮੇਂ 'ਤੇ ਪ੍ਰਸੰਗਿਕ ਵਿਸ਼ੇ 'ਡਿਜ਼ੀਟਲਾਈਜ਼ਡ ਨਫ਼ਰਤ: ਆਨਲਾਈਨ ਕੱਟੜਪੰਥੀ, ਹਿੰਸਕ ਇੰਤਿਹਾਪਸੰਦੀ ਅਤੇ ਅੱਤਵਾਦ' 'ਤੇ ਆਪਣੇ ਵਿਚਾਰ ਰੱਖਣਗੇ।

ਇਸ ਵਿਚਾਰ-ਚਰਚਾ ਰਾਹੀਂ ਸਮਾਕਾਲੀ ਮੁੱਦਿਆਂ ਅਤੇ ਸਵਾਲਾਂ ਬਾਰੇ ਸੰਬੋਧਿਤ ਹੋਣ ਦੀ ਕੋਸ਼ਿਸ਼ ਕੀਤੀ ਜਾਵੇਗੀ ਕਿ 'ਕਿਵੇਂ ਇੰਟਰਨੈੱਟ ਤੇ ਆਨਲਾਈਨ ਸੋਸ਼ਲ ਮੀਡੀਆ ਪਲੇਟਫਾਰਮਾਂ ਦਾ ਦਹਿਸ਼ਤਵਾਦੀ ਕਾਰਵਾਈ 'ਤੇ ਪ੍ਰਭਾਵ ਪੈਂਦਾ ਹੈ, ਕਿਵੇਂ ਅੱਤਵਾਦੀਆਂ ਅਤੇ ਹਿੰਸਕ ਦਹਿਸ਼ਤਗਰਦਾਂ ਵੱਲੋਂ ਅਸਲ ਪਲੇਟਫਾਰਮ ਦੀ ਵਰਤੋਂ ਕੀਤੀ ਗਈ ਤੇ ਸਰਕਾਰਾਂ ਸੁਲਝਾਉਣ ਵਾਲੇ ਕਿਹੜੇ ਕਦਮ ਚੁੱਕ ਸਕਦੀਆਂ ਹਨ ਅਤੇ ਇਸ ਉੱਭਰ ਰਹੇ ਖਤਰੇ ਨਾਲ ਕਾਰਗਰ ਢੰਗ ਨਾਲ ਨਿਪਟਣ ਲਈ ਪ੍ਰਾਈਵੇਟ ਸੈਕਟਰ ਤੇ ਸਿਵਲ ਸੁਸਾਇਟੀ ਕਿਵੇਂ ਸਹਿਣ ਕਰਦੀ ਹੈ।

ਅੰਤਰਰਾਸ਼ਟਰੀ ਸੁਰੱਖਿਆ ਖਤਰਿਆਂ ਬਾਰੇ ਨਾਮਵਰ ਵਿਸ਼ਲੇਸ਼ਕ ਤੇ ਉੱਘੀ ਅਥਾਰਟੀ ਅਤੇ ਵਿਦਰੋਹ, ਅੱਤਵਾਦ, ਹਿੰਸਕ ਦਹਿਸ਼ਤਵਾਦ ਅਤੇ ਲੋਕਾਂ ਦੀ ਨਜਾਇਜ਼ ਤਸਕਰੀ 'ਤੇ ਜ਼ੋਰ ਦਿੰਦਿਆਂ ਡਾ. ਚਾਕ ਨੇ ਆਲਮੀ ਅਧਾਰ 'ਤੇ ਇਨ੍ਹਾਂ ਮੁੱਦਿਆਂ 'ਤੇ ਸੰਬੋਧਨ ਕੀਤਾ ਹੈ, ਭਾਵੇਂ ਕਿ ਉਨ੍ਹਾਂ ਦੀ ਬਹੁਤੀ ਖੋਜ ਤੇ ਅਧਿਐਨ ਦੱਖਣੀ ਏਸ਼ੀਆ 'ਤੇ ਕੇਂਦਰਿਤ ਹੈ।

ਡਾ. ਚਾਕ ਇੰਸਟੀਚਿਊਟ ਫਾਰ ਸਕਿਊਰਿਟੀ ਗਵਰਨੈਂਸ, ਮੌਂਟੇਰੀ (ਕੈਲੇਫੋਰਨੀਆ) ਲਈ ਸਮਰਥਾ ਨਿਰਮਾਣ ਨਾਲ ਨੇੜਿਓਂ ਜੁੜੇ ਹੋਏ ਹਨ।

ਡਾ. ਚਾਕ ਨੇ ਅੱਤਵਾਦ ਅਤੇ ਅੱਤਵਾਦ ਦੇ ਟਾਕਰੇ 'ਤੇ ਥੀਸਿਸ ਲਿਖ ਕੇ ਕੈਨੇਡਾ ਦੇ ਵੈਨਕੂਵਰ ਵਿਖੇ ਸਥਿਤ ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ ਤੋਂ ਡਾਕਟਰੇਟ ਦੀ ਉਪਾਧੀ ਹਾਸਲ ਕੀਤੀ। ਉਨ੍ਹਾਂ ਨੇ ਬ੍ਰਿਸਬੇਨ ਆਸਟਰੇਲੀਆ ਦੀ ਯੂਨੀਵਰਸਿਟੀ ਆਫ਼ ਕਿਊਨਸਲੈਂਡ ਵਿਖੇ ਅੰਤਰਰਾਸ਼ਟਰੀ ਸਬੰਧਾਂ ਦੇ ਸੀਨੀਅਰ ਪ੍ਰੋਫੈਸਰ ਵਜੋਂ ਕੰਮ ਕੀਤਾ, ਜਿੱਥੇ ਉਨ੍ਹਾਂ ਨੇ 4 ਸਾਲ ਪੜ੍ਹਾਇਆ।

ਕੱਟੜਪੰਥੀ ਅਤੇ ਅੱਤਵਾਦ ਕਾਰਵਾਈਆਂ ਦੇ ਫੈਲਾਅ ਸਬੰਧੀ ਇੰਟਰਨੈੱਟ ਅਤੇ ਹੋਰ ਸਬੰਧਤ ਸ਼ੋਸਲ ਮੀਡੀਆ ਪਲੇਟਫਾਰਮਾਂ ਦੀ ਮਹੱਤਤਾ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਪੁਲੀਸ ਨੂੰ ਇਨ੍ਹਾਂ ਗਤੀਸ਼ੀਲ ਸਮਾਜਿਕ ਪ੍ਰਕਿਰਿਆਵਾਂ ਦਾ ਅਧਿਐਨ ਕਰਨਾ ਚਾਹੀਦਾ ਹੈ ।

ਡੀਜੀਪੀ ਨੇ ਅੱਗੇ ਕਿਹਾ ਕਿ ਪੰਜਾਬ ਪੁਲਿਸ ਸਵਰਗਵਾਸੀ ਸ੍ਰੀ ਕੇ.ਪੀ.ਐਸ. ਗਿੱਲ, ਜਿਨ੍ਹਾਂ ਨੇ ਸੂਬੇ 'ਤੇ ਫੈਲੇ ਅੱਤਵਾਦ ਦੇ ਖ਼ਤਰੇ ਵਿਰੁੱਧ ਲੜਨ ਅਤੇ ਇਸਦੇ ਖਾਤਮੇ ਲਈ ਬਹਾਦਰੀ ਨਾਲ ਸੂਬਾ ਪੁਲੀਸ ਦੀ ਅਗਵਾਈ ਕੀਤੀ, ਦੇ ਸਤਿਕਾਰ ਵਜੋਂ ਹਰੇਕ ਸਾਲ ਕੇ.ਪੀ.ਐਸ. ਗਿੱਲ ਯਾਦਗਾਰੀ ਭਾਸ਼ਣ ਕਰਵਾਉਣ ਲਈ ਵਚਨਬੱਧ ਹੈ।

# ਤੰਦਰੁਸਤ ਪੰਜਾਬ ਮਿਸ਼ਨ ਤਹਿਤ ਗੁੜਸ਼ੱਕਰ ਦੀ ਗੁਣਵੱਤਾ ਅਤੇ ਸਾਫ-ਸਫਾਈ ਸੰਬਧੀ ਦਿੱਤੀ ਜਾ ਰਹੀ ਹੈ ਸਿਖਲਾਈ: ਪੰਨੂੰ



ਚੰਡੀਗੜ੍ਹ, 9 ਦਸੰਬਰ (ਪੋਸਟ ਬਿਊਰੋ)- ਪੰਜਾਬ ਵਿਚ ਸਰਦੀਆਂ ਦੇ ਸ਼ੀਜਨ ਦੌਰਾਨ ਸੜਕਾਂ ਦੇ ਕੰਢੇ ਹਜ਼ਾਰਾਂ ਦੀ ਗਿਣਤੀ ਵਿੱਚ ਗੁੜ ਬਣਾਉਣ ਵਾਲੀਆਂ ਘੁਲਾੜੀਆਂ ਲਗਾਈਆਂ ਜਾਂਦੀਆਂ ਹਨ ਜਿਥੇ ਜਾਗਰੂਕਤਾ ਦੀ ਘਾਟ ਕਾਰਨ ਉਤਪਾਦਾਂ ਦੀ ਗੁਣਵੱਤਾ 'ਤੇ ਮਾੜਾ ਪ੍ਰਭਾਵ ਪੈਂਦਾ ਹੈ। ਇਸ ਲਈ ਮਾਰਕਿਟ ਵਿੱਚ ਮਿਆਰੀ ਉਦਪਾਦ ਯਕੀਨੀ ਬਣਾਉਣ ਲਈ ਤੰਦਰੁਸਤ ਪੰਜਾਬ ਮਿਸ਼ਨ ਤਹਿਤ, ਬਿਨ੍ਹਾਂ ਰਸਾਇਣਾ ਦੇ ਜੈਵਿਕ ਤਰੀਕੇ ਨਾਲ ਗੁੜKਸ਼ੱਕਰ ਬਣਾਉਣ ਸਬੰਧੀ ਘੁਲਾੜੀ ਮਾਲਕਾਂ ਨੂੰ ਸੁਝਾਅ ਦਿੱਤੇ ਜਾ ਰਹੇ ਹਨ। ਇਹ ਜਾਣਕਾਰੀ ਤੰਦਰੁਸਤ ਪੰਜਾਬ ਮਿਸ਼ਨ ਦੇ ਡਾਇਰੈਕਟਰ ਸ. ਕਾਹਨ ਸਿੰਘ ਪੰਨੂੰ ਨੇ ਦਿੱਤੀ।

ਉਹਨਾਂ ਦੱਸਿਆ ਕਿ ਉਤਪਾਦਾਂ ਦੇ ਮਿਆਰ ਅਤੇ ਸਾਫ-ਸਫ਼ਾਈ ਨੂੰ ਬਣਾਈ ਰੱਖਣ ਲਈ ਪਿਛਲੇ ਸਾਲ ਦੌਰਾਨ ਵੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਿਖਲਾਈ ਦਿੱਤੀ ਗਈ ਸੀ ਜਿਸ ਵਿੱਚ 600 ਘੁਲਾੜੀ ਮਾਲਕਾਂ ਨੇ ਸਿਖਲਾਈ ਪ੍ਰਾਪਤ ਕੀਤੀ। ਇਸੇ ਤਰ੍ਹਾਂ ਮੌਜੂਦਾ ਸੀਜ਼ਨ ਦੌਰਾਨ ਲਗਭਗ 200 ਘੁਲਾੜੀ ਮਾਲਕਾਂ ਨੂੰ ਸਿਖਲਾਈ ਦਿੱਤੀ ਗਈ ਅਤੇ ਘੁਲਾੜੀ ਮਾਲਕਾਂ ਲਈ ਇਹ ਸਿਖਲਾਈ ਪ੍ਰੋਗਰਾਮ ਲੜੀਵਾਰ ਚੱਲ ਰਹੇ ਹਨ।

ਸ. ਪੰਨੂੰ ਨੇ ਕਿਹਾ ਕਿ ਇਸ ਸਿਖਲਾਈ ਦੌਰਾਨ ਉਤਪਾਦ ਦੀ ਗੁਣਵਤਾ ਅਤੇ ਸਾਫ-ਸਫਾਈ ਵਧਾਉਣ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ ਅਤੇ ਘੁਲਾੜੀ ਮਾਲਕਾਂ ਨੂੰ ਬਿਨ੍ਹਾਂ ਰਸਾਇਣ ਜੈਵਿਕ ਤਰੀਕੇ ਨਾਲ ਗੁੜਸ਼ੱਕਰ ਬਣਾਉਣ ਬਾਰੇ ਸਿਖਲਾਈ ਦਿੱਤੀ ਜਾ ਰਹੀ ਹੈ। ਉਹਨਾਂ ਕਿਹਾ ਕਿ ਇਹ ਵੇਖਣ ਵਿੱਚ ਆਇਆ ਹੈ ਕਿ ਇਹਨਾਂ ਘੁਲਾੜੀਆਂ 'ਤੇ ਜੋ ਗੁੜKਸ਼ੱਕਰ ਦੀ ਵਿਕਰੀ ਕੀਤੀ ਜਾਂਦੀ ਹੈ ਉਹ ਖੁੱਲੇ ਵਿੱਚ ਸੜਕਾਂ ਦੇ ਕਿਨਾਰੇ ਰੱਖ ਕੇ ਕੀਤੀ ਜਾਂਦੀ ਹੈ, ਜਿਥੇ ਗੱਡੀਆਂ ਦਾ ਧੂੰਆਂ ਅਤੇ ਮਿਟੀ-ਘੱਟਾ ਲਗਾਤਾਰ ਇਹਨਾਂ ਉਤਪਾਦਾਂ 'ਤੇ ਪੈਂਦਾ ਰਹਿੰਦਾ ਹੈ। ਇਸ ਤੋਂ ਇਲਾਵਾ ਸਰਦੀਆਂ ਵਿੱਚ ਮਿੱਠੇ ਉਤਪਾਦ 'ਤੇ ਮੱਖੀਆਂ ਦਾ ਪ੍ਰਕੋਪ ਵੀ ਵੱਧ ਜਾਂਦਾ ਹੈ, ਜਿਸ ਨਾਲ ਉਤਪਾਦ ਦੇ ਮਿਆਰ 'ਤੇ ਮਾੜਾ ਅਸਰ ਪੈਂਦਾ ਹੈ। ਇਸ ਲਈ ਸਾਰੇ ਖੇਤੀਬਾੜੀ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਉਹ ਘੁਲਾੜੀ ਮਾਲਕਾਂ ਨੂੰ ਆਪਣੇ ਉਤਪਾਦ ਸੜਕਾਂ ਦੇ ਕਿਨਾਰੇ ਸ਼ੀਸ਼ੇ ਜਾਂ ਪਲਾਸਟਿਕ ਦੇ ਪਾਰਦਰਸ਼ੀ ਹਵਾ ਬੰਦ ਡੱਬਿਆਂ ਵਿੱਚ ਰੱਖਣ ਲਈ ਪ੍ਰੇਰਿਤ ਕਰਨ ਅਤੇ ਸਰਕਾਰ ਵੱਲੋਂ ਉਤਪਾਦਾਂ ਦੇ ਮਿਆਰ ਵਧਾਉਣ ਸਬੰਧੀ ਦਿੱਤੀ ਜਾ ਰਹੀ ਸਿਖਲਾਈ ਪ੍ਰਾਪਤ ਕਰਨ ਲਈ ਉਹਨਾਂ ਨੂੰ ਉਤਸ਼ਾਹਿਤ ਕਰਨ। ਉਹਨਾਂ ਕਿਹਾ ਕਿ ਇਸ ਨਾਲ ਨਾ ਸਿਰਫ ਘੁਲਾੜੀ ਦੇ ਉਤਪਾਦਾਂ ਦੀ ਗੁਣਵਤਾ ਵਧੇਗੀ ਬਲਕਿ ਉਤਪਾਦਾਂ ਦੇ ਬਿਹਤਰ ਮੰਡੀਕਰਨ ਨਾਲ ਘੁਲਾੜੀ ਮਾਲਕਾਂ ਦੀ ਆਮਦਨ ਵਿੱਚ ਵੀ ਵਾਧਾ ਹੋਵੇਗਾ। ਉਨ੍ਹਾਂ ਕਿਹਾ ਕਿ ਅਸੀਂ ਉਮੀਦ ਕਰਦੇ ਹਾਂ ਕਿ ਅੱਗੇ ਜਾ ਕੇ ਇਹ ਰਵਾਇਤੀ ਪੱਧਰ ਦੀ ਗਤੀਵਿਧੀ ਹੁਨਰਮੰਦ ਉੱਦਮ ਵਿੱਚ ਅਪਗ੍ਰੇਡ ਹੋਵੇਗੀ ਤਾਂ ਜੋ ਸੁਰੱਖਿਅਤ ਅਤੇ ਸਾਫ-ਸੁਥਰੇ ਢੰਗ ਨਾਲ ਤਿਆਰ ਕੀਤੇ ਘੁਲਾੜੀ ਉਤਪਾਦ ਖਪਤਕਾਰਾਂ ਲਈ ਉਪਲਬਧ ਕਰਵਾਏ ਜਾ ਸਕਣ।

# ਨੇਪਾਲੀ ਵਫਦ ਵੱਲੋਂ ਪੰਜਾਬ ਵਿਧਾਨ ਸਭਾ ਦਾ ਦੌਰਾ, ਨੇਪਾਲ 'ਚ ਨਵੇਂ ਬਣੇ ਸੂਬੇ ਦੇ ਵਫਦ ਨੇ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਸਮਝੀ

ਚੰਡੀਗੜ੍ਹ, 9 ਦਸੰਬਰ (ਪੋਸਟ ਬਿਊਰੋ)-: ਨੇਪਾਲ ਦੇ ਇਕ 15 ਮੈਂਬਰੀ ਵਫਦ ਵੱਲੋਂ ਪੰਜਾਬ ਵਿਧਾਨ ਸਭਾ ਦਾ ਦੌਰਾ ਕੀਤਾ ਗਿਆ। ਇਹ ਵਫਦ ਨੇਪਾਲ ਵਿਚ ਬਣਾਏ ਨਵੇਂ 7 ਸੂਬਿਆਂ ਵਿਚੋਂ ਇਕ ਸੂਬੇ ਦੀ ਪ੍ਰਤੀਨਿਧਤਾ ਕਰਦਾ ਹੈ ਜੋ ਕਿ ਸੂਬਾ ਨੰਬਰ 5 ਵੱਜੋਂ ਜਾਣਿਆਂ ਜਾਂਦਾ ਹੈ। ਇਸ ਵਫਦ ਦੇ ਮੁਖੀ ਦੀਪੇਂਦਰ ਕੁਮਾਰ ਪਨ ਮਗਰ ਨੇ ਦੱਸਿਆ ਕਿ ਨੇਪਾਲ ਵਿੱਚ ਨਵੇਂ ਸੰਵਿਧਾਨ ਦੇ ਹੋਂਦ ਵਿੱਚ ਆਉਣ ਬਾਅਦ ਦੇਸ਼ ਵਿੱਚ 7 ਨਵੇਂ ਸੂਬੇ ਬਣਾਏ ਗਏ ਹਨ। ਇਨ੍ਹਾਂ ਸੂਬਿਆਂ ਦੇ ਹਾਲੇ ਨਾਂ ਰੱਖੇ ਜਾਣੇ ਹਨ ਅਤੇ ਸਥਾਈ ਰਾਜਧਾਨੀਆਂ ਵੀ ਬਣਾਈਆਂ ਜਾਣੀਆਂ ਹਨ। ਹਾਲ ਦੀ ਘੜੀ ਸੂਬਾ ਨੰਬਰ 5 ਦੀ ਅਸਥਾਈ ਰਾਜਧਾਨੀ ਬੁਟਵਾਲ ਬਣਾਈ ਗਈ ਹੈ। ਸੂਬਾਈ ਵਿਧਾਨ ਸਭਾ ਦੀ ਕਾਰਜਵਿਧੀ ਸਮਝਣ ਲਈ ਸੂਬਾ ਨੰਬਰ 5 ਦੇ ਇਸ ਵਫਦ ਵੱਲੋਂ ਪੰਜਾਬ ਵਿਧਾਨ ਸਭਾ ਦਾ ਦੌਰਾ ਕੀਤਾ ਗਿਆ।

ਇਸ ਮੌਕੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਰਾਣਾ ਕੇ.ਪੀ. ਸਿੰਘ ਨੇ ਵਫਦ ਦਾ ਸਵਾਗਤ ਕੀਤਾ ਅਤੇ ਉਨ੍ਹਾਂ ਨੂੰ ਭਾਰਤੀ ਸੰਵਿਧਾਨ ਬਾਰੇ ਸੰਖੇਪ ਵਿਚ ਜਾਣੂੰ ਕਰਵਾਇਆ। ਉਨ੍ਹਾਂ ਦੱਸਿਆ ਕਿ ਭਾਰਤ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ ਹੈ ਅਤੇ ਭਾਰਤੀ ਸੰਵਿਧਾਨ ਦੁਨੀਆਂ ਦੇ ਕਿਸੇ ਵੀ ਦੇਸ਼ ਦੇ ਲਿਖਤੀ ਸੰਵਿਧਾਨ ਵਿਚ ਸਭ ਤੋਂ ਲੰਬਾ ਸੰਵਿਧਾਨ ਹੈ।ਉਨ੍ਹਾਂ ਦੱਸਿਆ ਕਿ ਭਾਰਤ ਦੇ ਸੰਵਿਧਾਨ ਵਿਚ ਵੱਖ-ਵੱਖ ਦੇਸ਼ਾਂ ਦੇ



ਸੰਵਿਧਾਨਾਂ ਦੀਆਂ ਵਿਸ਼ੇਸ਼ਤਾਈਆਂ ਨੂੰ ਸ਼ਾਮਲ ਕੀਤਾ ਗਿਆ ਹੈ ਇਸ ਲਈ ਇਹ ਇਕ ਵਿਲੱਖਣ ਦਸਤਾਵੇਜ਼ ਹੈ ਅਤੇ ਭਾਰਤ ਵਿਚ ਕਾਨੂੰਨ ਤੋਂ ਉੱਪਰ ਕੋਈ ਨਹੀਂ। ਉਨ੍ਹਾਂ ਨੇਪਾਲ ਦੇ ਸੂਬਾ ਨੰਬਰ 5 ਦੇ ਵਫਦ ਮੈਂਬਰਾਂ ਨੂੰ ਪੰਜਾਬ ਵਿਧਾਨ ਸਭਾ ਦੀ ਨਿਯਮਾਂਵਲੀ ਪ੍ਰਦਾਨ ਕੀਤੀ ਅਤੇ ਵਿਧਾਨ ਸਭਾ ਦੀ ਕਾਰਜਵਿਧੀ ਤੋਂ ਵੀ ਜਾਣੂੰ ਕਰਵ-ਾਇਆ।

ਇਸ ਵਫਦ ਵਿਚ 11 ਵਿਧਾਇਕ ਅਤੇ 4 ਅਧਿਕਾਰੀ ਸ਼ਾਮਲ ਸਨ। ਨੇਪਾਲੀ ਵਫਦ ਨੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਰਾਣਾ ਕੇ.ਪੀ. ਸਿੰਘ ਦਾ ਧੰਨਵਾਦ ਕਰਦਿਆਂ ਕਿਹਾ ਕਿ ਨੇਪਾਲ ਦਾ ਸੰਵਿਧਾਨ ਹਾਲੇ ਮੁੱਢਲੇ ਰੂਪ ਵਿਚ ਹੈ ਅਤੇ ਭਾਰਤ ਕੋਲ 70 ਸਾਲਾਂ ਦਾ ਤਜ਼ਰਬਾ ਹੈ।ਉਨ੍ਹਾਂ ਆਪਣੀ ਇਸ ਫੇਰੀ ਨੂੰ ਕਾਫੀ ਲਾਹੇਵੰਦ ਦੱਸਿਆ ਅਤੇ ਕਿਹਾ ਕਿ ਸੂਬਿਆਂ ਦੀ ਕਾਰਜਪ੍ਰਣਾਲੀ ਬਾਰੇ ਉਨ੍ਹਾਂ ਨੂੰ ਅਹਿਮ ਜਾਣਕਾਰੀ ਪ੍ਰਾਪਤ ਹੋਈ ਹੈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਵਿਧਾਇਕ ਹਰਪ੍ਰਤਾਪ ਸਿੰਘ ਅਜਨ-ਾਲਾ, ਪੰਜਾਬ ਵਿਧਾਨ ਸਭਾ ਦੀ ਸਕੱਤਰ ਸ਼ਸ਼ੀ ਲਖਨਪਾਲ ਮਿਸ਼ਰਾ, ਸਪੀਕਰ ਦੇ ਸਕੱਤਰ ਰਾਮ ਲੋਕ ਅਤੇ ਨੇਪਾਲੀ ਵਫਦ ਵਿਚ ਦੀਪੇਂਦਰ ਕੁਮਾਰ ਪਨ ਮਗਰ ਤੋਂ ਇਲਾਵਾ ਸਾਹਸਰਾਮ ਯਾਦਵ, ਨਿਰਮਲਾ ਸ਼ੇਤਰੀ, ਕਲਪਨਾ ਪਾਂਡੇ, ਤਾਰਾ ਜੀ.ਸੀ., ਤੁਲਸੀ ਪ੍ਰਸਾਦ ਚੌਧਰੀ, ਤੇਜ਼ ਬਹਾਦੁਰ ਵੌਲੀ, ਨਾਰਾਇਣ ਪ੍ਰਸਾਦ ਅਚਾਰਿਆ, ਬਾਬੂਰਾਮ ਗੌਤਮ, ਬੀਰ ਬਹਾਦੁਰ ਰਾਣਾ, ਬਿਸ਼ਨੂੰ ਪ੍ਰਸਾਦ ਪੰਥੀ, ਬੈਜਨਾਥ ਕਾਲਾਵਰ (ਸਾਰੇ ਵਿਧਾਇਕ), ਨੇਪਾਲੀ ਵਿਧਾਨ ਸਭਾ ਦੇ ਸਕੱਤਰ ਦੁਰਲਭ ਕੁਮਾਰ ਪਨ ਮਗਰ, ਸ਼ਿਆਮ ਪ੍ਰਸਾਦ ਸ੍ਰੇਸ਼ਠਾ, ਦਿਨੇਸ਼ ਅਧਿਕਾਰੀ ਅਤੇ ਅਲੋਕ ਅਗਰਹਰੀ ਸ਼ਾਮਲ ਸਨ।



ਗੁਰਦੁਆਰਾ ਭਾਈ ਲਾਲੋ ਦੀ ਖੂਹੀ

ਭਾਈਲਾਲੋ ਸੈਦਪੁਰ ਐਮਨਾਆਬਾਦਨਿਵਾਸੀ ਘਟੌੜਾ ਜਾਤ ਦਾ ਇੱਕ ਤਰਖਾਣ ਸੀ। ਸਤਿਗੁਰ ਨਾਨਕ ਦੇਵ ਜੀ ਜਦ ਐਨਆਬਾਦ ਆਏ ਤਾਂ ਇਸ ਦੇ ਘਰ ਹੀ ਠਹਿਰੇ। ਇੱਥੇ ਹੀ ਮਹਾਰਾਜ ਨੇ "ਜੈਸੀ ਮੈ ਆਵੈ ਖਸਮ ਕੀ ਬਾਣੀ, ਤੈਸੜਾ ਕਰੀ ਗਿਆਨੁ ਵੇ ਲਾਲੋ ॥ ਤਿਲੰਗ ਰਾਗ ਵਿੱਚ ਸ਼ਬਦ ਉਚਾਰਿਆ।। ਮਲਿਕ ਭਾਗੋ ਨਾਮੀ ਇੱਕ ਬੰਦਾ ਜੋ ਐਮਨਾਆਬਾਦ ਦੇ ਹਾਕਿਮ ਦਾ ਅਹਿ-ਲਕਾਰ ਸੀ, ਇੱਕ ਵਾਰ ਉਸਨੇ ਬ੍ਰਹਮਭੋਜ ਕੀਤਾ। ਉਸ ਨੇ ਗੁਰੂ ਜੀ ਨੂੰ ਵੀ ਬੁਲਾਇਆ ਤੇ ਗੁਰੂ ਜੀ ਨੇ ਇਨਕਾਰ ਕਰ ਦਿੱਤਾ। ਇਸ ਉੱਤੇ ਉਸ ਨੂੰ ਗੁੱਸਾ ਆ ਗਿਆ। ਉਸ ਨੇ ਹੁਕਮ ਨਾਲ ਗੁਰੂ ਜੀ ਨੂੰ ਤਲਬ ਕੀਤਾ। ਗੁਰੂ ਸਾਹਿਬ ਨੇ ਭਰੀ ਕਚਿਹਰੀ ਵਿੱਚ ਉਹਦੇ ਮਾਹਲ ਪੂੜਿਆਂ ਨੂੰ ਆਪਣੇ ਇੱਕ ਹੱਥ ਵਿੱਚ ਤੇ ਦੂਜੇ ਹੱਥ ਵਿੱਚ ਲਾਲੋ ਤਰਖਾਣ ਦੀ ਸੁੱਕੀ ਰੋਟੀ ਨੂੰ ਨਿਚੋੜਿਆ ਤਾਂ ਮਲਿਕ ਭਾਗੋ ਦੇ ਮਾਹਲ ਪੂੜਿਆਂ ਵਿੱਚੋਂ ਖੂਨ ਟਪਕਣ ਲੱਗ ਪਿਆ ਤੇ ਭਾਈ ਲਾਲੋ ਦੀ ਸੁੱਕੀ ਰੋਟੀ ਵਿੱਚੋਂ ਦੁੱਧ ਸਿੰਮਣ ਲੱਗ ਪਿਆ। ਆਪ ਜੀ ਨੇ ਫਰਮਾਇਆ ਤੇਰੀ ਕਮਾਈ ਅੰਦਰ ਗਰੀਬਾਂ ਦਾ ਚੂਸਿਆ ਹੋਇਆ ਖੂਨ ਹੈ ਜਦਕਿ ਇਸ ਤਰਖਾਣ ਦੀ ਰੋਟੀ ਵਿੱਚ ਇਸਦੀ ਹਲਾਲ ਦੀ ਮਿਹਨਤ ਦਾ ਦੁੱਧ ਹੈ। ਇਹ ਹੀ ਵਜ੍ਹਾ ਹੈ ਕਿ ਜੋ ਮੈ ਤੇਰੇ ਮਾਲ ਪੂੜਿਆਂ ਨੂੰ ਠੁਕਰਾ ਕੇ ਮਿਹਨਤ ਦੇ ਸੁੱਕੇ ਟੁੱਕਰ ਚੰਗੇ ਜਾਣੇ। ਭਾਈ ਲਾਲੋ ਦੇ ਘਰ ਜਿੱਥੇ ਗੁਰੂ ਸਾਹਿਬ ਠਹਿਰੇ, ਉੱਥੇ ਗੁਰਦੁਆਰਾ ਬਣਾ ਦਿੱਤਾ ਗਿਆ। ਇਸ ਨੂੰ ਗੁਰਦੁਆਰਾ ਭਾਈ ਲਾਲੋ ਦੀ ਖੂਹੀ ਆਖਿਆ ਜਾਂਦਾ ਹੈ । ਉਹ ਖੂਹ ਜਿਸ ਵਿੱਚੋਂ ਗੁਰੂ ਜੀ ਪਾਣੀ ਪੀਦੇ ਰਹੇ, ਉਹ ਖੂਹ ਅੱਜ ਵੀ ਮੌਜੂਦ ਹੈ 1947 ਮਗਰੋਂ।

# ਆਪਣੀ ਦੂਜੀ ਪਾਰੀ ਵਿੱਚ ਲੜਖੜਾ ਗਈ ਮੋਦੀ ਸਰਕਾਰ

-ਵਕੀਲ ਅਹਿਮਦ

ਕੇਂਦਰ ਦੀ ਭਾਜਪਾ ਸਰਕਾਰ ਆਪਣੀ ਦੂਜੀ ਪਾਰੀ 'ਚ ਲੜਖੜਾ ਗਈ ਲੱਗਦੀ ਹੈ। ਮਈ 2019 ਵਿੱਚ ਜਨਤਾ ਨੇ ਭਾਜਪਾ ਨੂੰ ਪਹਿਲਾਂ ਤੋਂ ਵੱਧ ਸੀਟਾਂ ਦਿੱਤੀਆਂ, ਪਰ ਸਿਰਫ ਪੰਜ ਮਹੀਨੇ ਬਾਅਦ ਜਨਤਾ ਆਪਣੇ ਆਪ ਨੂੰ ਠੱਗਿਆ ਜਿਹਾ ਮਹਿਸੂਸ ਕਰਦੀ ਹੈ। ਨਰਿੰਦਰ ਮੋਦੀ ਨੂੰ ਜਨਤਾ ਨੇ ਅਸਲ ਵਿੱਚ 2014 ਵਿੱਚ ਇੱਕ ਚਮਤਕਾਰ ਮੰਨ ਕੇ ਵੋਟਾਂ ਦਿੱਤੀਆਂ ਸਨ, ਉਥੇ ਦੂਜੀ ਪਾਰੀ ਵਿੱਚ ਲੋਕਾਂ ਨੂੰ ਉਨ੍ਹਾਂ ਤੋਂ ਹੋਰ ਵੱਧ ਆਸਾਂ ਹੋ ਗਈਆਂ। ਜਨਤਾ ਨੂੰ, ਜਿਸ ਵਿੱਚ ਗਰੀਬ, ਮਜ਼ਦੂਰ, ਕਿਸਾਨ, ਮੱਧ ਵਰਗ ਕਿਸਾਨ ਹਨ, ਸਭ ਨੂੰ ਲੱਗਦਾ ਸੀ ਕਿ ਨਰਿੰਦਰ ਮੋਦੀ ਉਨਾਂ ਦੇ ਦਿਨ ਬਦਲਣਗੇ। ਇਸ ਦਿਸ਼ਾ ਵਿੱਚ ਨਰਿੰਦਰ ਮੋਦੀ ਨੇ ਪਹਿਲੀ ਪਾਰੀ ਵਿੱਚ ਜੋ ਕੀਤਾ, ਉਹ ਨਾਕਾਫੀ ਸੀ। ਸਿਸਟਮ ਨੂੰ ਬਦਲਿਆ ਗਿਆ, ਜਿਵੇਂ ਨੋਟੀਬੰਦੀ, ਜੀ ਐਸ ਟੀ, ਇਨ੍ਹਾਂ ਦੇ ਨਤੀਜੇ ਦੇਰ ਨਾਲ ਆਉਣੇ ਸਨ। ਮੌਜੂਦਾ ਹਾਲਾਤ ਵਿੱਚ ਅਜਿਹਾ ਲੱਗਦਾ ਹੈ ਕਿ ਇਨ੍ਹਾਂ ਦੋਵਾਂ ਹੀ ਕੰਮਾਂ ਦੇ ਉਲਟ ਨਤੀਜੇ ਮਿਲਦੇ ਹਨ। ਜੀ ਐਸ ਟੀ ਤੋਂ ਪਹਿਲਾਂ ਦੇ ਟੈਕਸ ਉਗਰਾਹੀ ਦੇ ਮੁਕਾਬਲੇ ਘੱਟ ਪ੍ਰਾਪਤੀ ਹੋਈ ਹੈ। ਸੂਬਾ ਸਰਕਾਰਾਂ ਵਿੱਤੀ ਮਾਮਲਿਆਂ ਵਿੱਚ ਕੇਂਦਰ 'ਤੇ ਨਿਰਭਰ ਹੋ ਕੇ ਰਹਿ ਗਈਆਂ ਹਨ, ਜਿਸ ਨਾਲ ਉਨ੍ਹਾਂ ਦੇ ਵਿਕਾਸ ਦੇ ਕੰਮਾਂ ਵਿੱਚ ਰੁਕਾਵਟ ਪੈ ਰਹੀ ਹੈ। ਇਸ ਵਿਵਸਥਾ ਨਾਲ ਛੋਟਾ-ਦਰਮਿਆਨਾ ਵਪਾਰੀ ਪ੍ਰੇਸ਼ਾਨ ਹੈ, ਉਸ ਦੇ ਖਰਚੇ ਵਧੇ ਅਤੇ ਆਮਦਨੀ ਨੂੰ ਝਟਕਾ ਲੱਗਾ। ਜੀ ਐਸ ਟੀ ਨਾਲ ਸੰਬੰਧਤ ਕਾਨੂੰਨਾਂ ਨੇ ਵਪਾਰੀ ਨੂੰ ਜ਼ਿਆਦਾ ਡਰਾ ਦਿੱਤਾ ਅਤੇ ਇਸ ਨਾਲ ਸੰਬੰਧਤ ਨੌਕਰਸ਼ਾਹੀ ਨੂੰ ਸਰਕਾਰ ਵੱਲੋਂ ਦਿੱਤੀ ਗਈ ਆਜ਼ਾਦੀ ਨੇ ਉਸ ਨੂੰ ਤਾਨਾਸ਼ਾਹ ਬਣਾ ਦਿੱਤਾ ਹੈ।

ਕੁੱਲ ਮਿਲਾ ਕੇ ਵਪਾਰੀ ਵਰਗ ਵਿੱਚ ਡਰ ਦਾ ਮਾਹੌਲ ਹੈ। ਰਹਿੰਦੀ ਕਸਰ ਆਰਥਿਕ ਮੰਦੀ, ਜਿਸ ਨੂੰ ਮੰਨਣ ਲਈ ਸਰਕਾਰ ਤਿਆਰ ਨਹੀਂ ਅਤੇ ਇੰਟਰਨੈਟ ਵਪਾਰ ਨੇ ਹੋਰ ਕਸਰ ਪੂਰੀ ਕਰ ਦਿੱਤੀ ਹੈ। ਪੇਂਡੂ ਖੇਤਰਾਂ ਵਿੱਚ ਹਾਲਾਤ ਹੋਰ ਵੀ ਮੁਸ਼ਕਲ ਹੋ ਰਹੇ ਹਨ। ਓਥੋਂ ਦੇ ਜ਼ਿਆਦਾਤਰ ਲੋਕ ਗੈਰ ਸੰਗਠਿਤ ਮਜ਼ਦੂਰ ਬਣ ਕੇ ਛੋਟੀਆਂ-ਵੱਡੀਆਂ ਕੰਪਨੀਆਂ ਵਿੱਚ ਲੱਗੇ ਹੋਏ ਸਨ, ਜਿਨ੍ਹਾਂ ਵਿੱਚੋਂ



ਬਹੁਤੇ ਲੋਕਾਂ ਦੀ ਨੋਟਬੰਦੀ ਤੋਂ ਬਾਅਦ ਛਾਂਟੀ ਕਰ ਹੋ ਗਈ ਤੇ ਉਹ ਆਪਣੇ ਪਿੰਡ ਆ ਗਏ। ਕਿਸਾਨ ਦੀ ਹਾਲਤ ਬੇਹੱਦ ਚਿੰਤਾਜਨਕ ਹੈ। ਉਹ ਉਤਰ ਪ੍ਰਦੇਸ਼ ਜਾਂ ਮਹਾਰਾਸ਼ਟਰ ਦੇ ਗੰਨਾ ਕਿਸਾਨ ਹੋਣ ਜਾਂ ਝੋਨਾ, ਕਪਾਹ ਉਗਾਉਣ ਵਾਲੇ ਕਿਸਾਨ। ਗੰਨੇ ਦੀ ਸਹੀ ਕੀਮਤ ਅਤੇ ਸਮੇਂ 'ਤੇ ਭੁਗਤਾਨ ਨਾ ਹੋਣ ਕਰ ਕੇ ਕਿਸਾਨਾਂ ਦੀ ਜੇਬ ਖਾਲੀ ਹੈ। ਖਾਲੀ ਜੇਬ ਨਾਲ ਕਿਸਾਨ ਕਦੋਂ ਤੱਕ ਉਧਾਰ ਦਾ ਸਾਮਾਨ ਖਰੀਦੇਗਾ ਜਾਂ ਵਪਾਰੀ ਕਦੋਂ ਤੱਕ ਉਸ ਨੂੰ ਉਧਾਰ ਦੇਣਗੇ।

ਕਿਸਾਨ/ ਮਜ਼ਦੂਰ ਦੀ ਖਾਲੀ ਜੇਬ ਨੇ ਪਿੰਡਾਂ ਵਿੱਚ ਛੋਟੇ ਵਪਾਰੀਆਂ ਦੀ ਜੇਬ ਵੀ ਖਾਲੀ ਕਰ ਦਿੱਤੀ ਹੈ। ਉਨ੍ਹਾਂ ਦਾ ਵਪਾਰ ਅੱਧਾ ਵੀ ਨਹੀਂ ਰਿਹਾ ਤੇ ਉਨ੍ਹਾਂ ਦੀ ਰਹਿੰਦੀ ਸਕਰ ਜੀ ਐੱਸ ਟੀ ਨੇ ਤੋੜ ਦਿੱਤੀ ਹੈ। ਭਾਰਤ ਦਾ ਬਹੁਤੇ ਖੇਤਰ ਪੇਂਡੂ ਹੈ। ਪਿੰਡਾਂ ਵਿੱਚ ਖਪਤ ਘਟਣ ਨਾਲ ਅਨੇਕਾਂ ਛੋਟੇ-ਵੱਡੇ ਉਦਯੋਗਾਂ ਦਾ ਉਤਪਾਦਨ ਘੱਟ ਹੋਇਆ। ਇਸ ਨਾਲ ਮੁਲਾਜ਼ਮਾਂ ਦੀ ਹੋਰ ਛਾਂਟੀ ਹੋ ਗਈ ਤੇ ਬੇਰੋਜ਼ਗਾਰੀ ਵਧੀ ਹੈ। ਮੈਂ ਅਰਥਸ਼ਾਸਤਰੀ ਨਹੀਂ, ਪਰ ਇੰਨਾ ਸਮਝਦਾ ਹਾਂ ਕਿ ਜੋ ਚੇਨ ਘੁੰਮਦੀ ਸੀ, ਉਸ ਵਿੱਚ ਭਾਰੀ ਗੜਬੜ ਹੈ, ਜਿਸ ਨੂੰ ਸਸਕਾਰ ਸਮਝਦੀ ਨਹੀਂ ਜਾਂ ਸਮਝਣ ਦੀ ਕੋਸ਼ਿਸ਼ ਵੀ ਨਹੀਂ ਕਰ ਰਹੀ।

ਕੇਂਦਰ ਸਰਕਾਰ ਲੋਕਾਂ ਲਈ ਕਰ ਬਹੁਤ ਕੁਝ ਰਹੀ ਹੈ, ਜਿਵੇਂ ਘਰ ਘਰ ਗੈਸ ਪਹੁੰਚਾਉਣਾ, ਬਿਜਲੀ, ਸੜਕ ਅਤੇ ਕਈ ਘਰਾਂ ਨੂੰ ਪੱਕਾ ਕਰਨ ਵੱਲ ਕੰਮ ਹੋ ਰਿਹਾ ਹੈ, ਪਰ ਜਿਸ ਜਨਤਾ ਲਈ ਸਰਕਾਰ ਇਹ ਸਭ ਕੁਝ ਕਰ ਰਹੀ ਹੈ, ਉਸ ਦੀ ਜੇਬ ਖਾਲੀ ਹੋਣ ਕਾਰਨ ਉਸ ਨੂੰ ਇਹ ਸਭ ਸੁੱਝਦਾ ਨਹੀਂ, ਕਿਉਂਕਿ ਖਰਚਣ ਲਈ ਪੈਸੇ ਨਹੀਂ। ਸਰਕਾਰ ਵੱਲੋਂ ਬਣਾਏ ਪੱਕੇ ਮਕਾਨ ਅਤੇ ਖਾਲੀ ਰੱਖਿਆ ਗੈਸ ਦਾ ਸਿਲੰਡਰ ਖਾਣ ਨੂੰ ਪੈਂਦਾ ਹੈ। ਮੈਂ ਸਮਝਦਾ ਹਾਂ ਕਿ ਇਹੀ ਕਾਰਨ ਹਨ ਕਿ ਕੇਂਦਰ ਸਰਕਾਰ ਦੇ ਰਾਸ਼ਟਰਵਾਦੀ ਕੰਮਾਂ, ਜਿਵੇਂ ਕਸ਼ਮੀਰ 'ਚੋਂ ਧਾਰਾ 370 ਅਤੇ 35 ਏ ਖਤਮ ਕਰਨਾ, ਪਾਕਿ-ਸਤਾਨ ਵਿੱਚ ਹੋਈ ਤੀਸਰੀ ਸਰਜੀਕਲ ਸਟਰਾਈਕ ਵਰਗੀਆਂ ਗੱਲਾਂ ਦਾ ਜਨਤਾ ਵਿੱਚ ਕੋਈ ਉਤਸ਼ਾਹ ਖਾਸ ਨਹੀਂ। ਇਸ ਦਾ ਕਾਰਨ ਉਹੋ ਹੈ, ਭਾਵ ਬੇਰੋਜ਼ਗਾਰਾਂ ਦੀ ਵਧਦੀ ਫੌਜ, ਪ੍ਰੇਸ਼ਾਨ ਕਿਸਾਨ, ਬੇਹਾਲ ਵਪਾਰੀ, ਇਨ੍ਹਾਂ ਨੂੰ ਜੇ ਸੱਚੀ ਖੁਸ਼ੀ ਦੇਣੀ ਹੈ ਤਾਂ ਸਰਕਾਰ ਨੂੰ ਇਨ੍ਹਾਂ 'ਤੇ ਧਿਆਨ ਕੇਂਦਰਿਤ ਕਰਨਾ ਹੀ ਪਵੇਗਾ।

ਮੇਰੇ ਵਿਚਾਰ ਨਾਲ ਨੋਟਬੰਦੀ ਤੋਂ ਬਾਅਦ ਸਰਕਾਰ ਨੇ ਡਿਜੀਟਲ ਲੈਣ ਦੇਣ ਨੂੰ ਉਤਸ਼ਾਹ ਦਿੱਤਾ, ਪਰ ਪੇਂਡੂ ਖੇਤਰਾਂ ਵਿੱਚ ਨਕਦੀ ਨੂੰ ਲੋਕ ਸਭ ਤੋਂ ਉਤੇ ਮੰਨਦੇ ਹਨ। ਸਰਕਾਰ ਨੂੰ ਧਿਆਨ ਦੇਣਾ ਪਵੇਗਾ ਕਿ ਮਜ਼ਦੂਰ ਅਤੇ ਕਿਸਾਨ ਲੈਣ-ਦੇਣ ਨਕਦੀ ਵਿੱਚ ਕਰਦੇ ਨੇ। ਜ਼ਿਆਦਾਤਰ ਭਾਰਤ ਵਿੱਚ ਇਨ੍ਹਾਂ ਹੀ ਦੋਵਾਂ ਤੋਂ ਹਰ ਕਿਸਮ ਦੀ ਚੇਨ ਘੁੰਮਦੀ ਹੈ। ਸਰਕਾਰ ਇਨ੍ਹਾਂ ਖੇਤਰਾਂ ਵਿੱਚ ਘੱਟੋ-ਘੱਟ ਡਿਜੀਟਲ ਲੈਣ-ਦੇਣ 'ਤੇ ਵੱਧ ਜ਼ੋਰ ਨਾ ਦੇਵੇ। ਨੋਟਬੰਦੀ ਪਿੱਛੋਂ ਸਰਕਾਰ ਕਹਿੰਦੀ ਹੈ ਕਿ ਆਮਦਨ ਟੈਕਸ ਦੇਣ ਵਾਲੇ ਵਧੇ ਹਨ ਅਤੇ ਆਮਦਨ ਟੈਕਸ ਰਿਟਰਨ ਭਰਨ ਵਾਲੇ ਵੀ। ਮੇਰਾ ਮੰਨਣਾ ਹੈ ਕਿ ਕੁਝ ਚੋਰ ਟੈਕਸ ਚੋਰੀ ਕਰਦੇ ਸਨ, ਉਨ੍ਹਾਂ 'ਤੇ ਲਗਾਮ ਲੱਗੀ ਹੈ, ਪਰ ਉਨ੍ਹਾਂ ਨੇ ਫਿਰ ਰਸਤੇ ਲੱਭਣੇ ਸ਼ੁਰੂ ਕਰ ਦਿੱਤੇ ਹਨ। ਰਹੀ ਗੱਲ ਵੱਧ ਰਿਟਰਨ ਪੇਸ਼ ਹੋਣ ਦੀ, ਤਾਂ ਨੋਟਬੰਦੀ ਵਿੱਚ ਡਰੇ ਹੋਏ ਲੋਕਾਂ ਨੇ ਤਾਬੜਤੋੜ ਰਿਟਰਨਾਂ ਭਰੀਆਂ, ਉਨ੍ਹਾਂ ਨੂੰ ਡਰ ਸੀ ਕਿ ਕਿਤੇ ਉਨ੍ਹਾਂ ਦਾ ਪੈਸਾ ਜ਼ਬਤ ਨਾ ਹੋ ਜਾਵੇ। ਉਨ੍ਹਾਂ 'ਚੋਂ ਬਹੁਤਿਆਂ ਦਾ ਰਿਟਰਨ ਭਰਨਾ ਬੇਲੋੜਾ ਤੇ ਖਰਚੇ ਵਧਾਉਣ ਵਾਲਾ ਹੈ। ਕੁਝ ਲੋਕਾਂ, ਜੋ ਪ੍ਰਾਈਵੇਟ ਸੈਕਟਰ ਵਿੱਚ 10-15 ਹਜ਼ਾਰ ਰੁਪਏ ਮਹੀਨਾ ਲੈ ਰਹੇ ਹਨ, ਨੇ ਵੀ ਡਰ ਕਾਰਨ ਰਿਟਰਨ ਨਹੀਂ ਭਰੀ। ਹੋ ਸਕਦਾ ਹੈ ਕਿ ਇਸ ਨਾਲ ਸਰਕਾਰ ਨੂੰ ਆਮਦਨ ਟੈਕਸ ਦੀ ਆੜ ਵਿੱਚ ਵੱਧ ਰਕਮ ਹਾਸਲ ਹੋਈ ਹੋਵੇ, ਪਰ ਬੇਰੋਜ਼ਗਾਰੀ ਤੇ ਮੰਦੀ ਨਾਲ ਹੋ ਸਕਦਾ ਹੈ ਕਿ ਸਰਕਾਰ ਨੂੰ ਜੀ ਐੱਸ ਟੀ ਵਰਗੇ ਟੈਕਸਾਂ ਦੀ ਕਮੀ ਸਹਿਣੀ ਪੈ ਰਹੀ ਹੋਵੇ। ਕੁੱਲ ਮਿਲਾ ਕੇ ਕੋਈ ਲਾਭ ਹੁੰਦਾ ਨਹੀਂ ਦਿੱਸਦਾ। ਸਰਕਾਰ ਨੂੰ ਚਾਹੀਦਾ ਹੈ ਕਿ ਮੰਦੀ ਨੂੰ ਮੰਨੇ ਅਤੇ ਉਸ ਦੇ ਕਾਰਨਾਂ ਨੂੰ ਲੱਭੇ ਅਤੇ ਲੋਕਾਂ ਦੇ ਚਿਹਰੇ 'ਤੇ ਸੱਚੀਆਂ ਖੁਸ਼ੀਆਂ ਲਿਆਏ ਕਿਉਂਕਿ ਰਾਸ਼ਟਰਵਾਦੀ ਚੀਜ਼ਾਂ ਵੀ ਖਾਲੀ ਜੇਬ ਨਾਲ ਚੰਗੀਆਂ ਨਹੀਂ ਲੱਗਦੀਆਂ।

# ਪੰਜਾਬੀ ਸਾਹਿਤ ਦਾ ਧਰੂ ਤਾਰਾ ਭਾਈ ਵੀਰ ਸਿੰਘ

-ਡਾ. ਜੋਗਿੰਦਰ ਸਿੰਘ

ਭਾਈ ਵੀਰ ਸਿੰਘ ਦਾ ਜਨਮ ਡਾ. ਚਰਨ ਸਿੰਘ ਤੇ ਬੀਬੀ ਉਤਰ ਕੌਰ ਦੇ ਘਰ 5 ਦਸੰਬਰ 1872 ਈ. ਨੂੰ ਕੱਟੜਾ ਗਰਬਾ ਸਿੰਘ ਅੰਮ੍ਰਿਤਸਰ ਵਿੱਚ ਹੋਇਆ। ਚਰਨ ਸਿੰਘ ਹੋਮਿਓਪੈਥੀ ਦੇ ਮਾਹਰ ਸਨ। ਭਾਈ ਵੀਰ ਸਿੰਘ ਦੇ ਨਾਨਾ ਗਿਆਨੀ ਹਜ਼ਾਰਾ ਸਿੰਘ ਗਿਆਨੀ ਸਕੂਲ ਦੇ ਵਿਦਾਵਾਨ ਸਨ। ਸਿੱਖ ਧਰਮ ਅਤੇ ਇਤਿਹਾਸ ਦੇ ਅਧਿਐਨ ਲਈ ਭਾਈ ਸਾਹਿਬ ਨੇ ਨਿੱਜੀ ਲਾਇਬਰੇਰੀ ਤਿਆਰ ਕੀਤੀ, ਜਿਸ ਵਿੱਚ ਅਨੇਕਾਂ ਭਾਸ਼ਾਵਾਂ ਦੇ ਐਨਸਾਈਕਲੋਪੀਡੀਆ, ਡਿਕਸ਼ਨਰੀਆਂ ਤੇ ਸਾਹਿਤ ਦੀਆਂ ਪੁਸਤਕਾਂ ਇਕੱਠੀਆਂ ਕੀਤੀਆਂ। ਸਮਕਾਲੀ ਵਿਦਵਾਨਾਂ ਦੀ ਸੰਗਤ ਨਾਲ ਉਨ੍ਹਾ ਨੇ ਕਲਾਸੀਕਲ ਭਾਸ਼ਾਵਾਂ (ਸੰਸਕ੍ਰਿਤ, ਫਾਰਸੀ ਤੇ ਬ੍ਰਜ ਭਾਸ਼ਾ) ਦਾ ਗਿਆਨ ਹਾਸਲ ਕੀਤਾ ਅਤੇ ਸਿੱਖ ਗ੍ਰੰਥਾਂ ਦਾ ਅਧਿਐਨ ਕੀਤਾ। ਗਿਆਨੀ ਹਰਭਜਨ ਸਿੰਘ ਨੇ ਇਸ ਅਧਿਐਨ ਵਿੱਚ ਵਿਸ਼ੇਸ਼ ਯੋਗਦਾਨ ਪਾਇਆ।

ਨਵੀਨ ਵਿਦਿਆ ਦੀ ਪੜ੍ਹਾਈ ਦਾ ਆਰੰਭ ਭਾਈ ਸਾਹਿਬ ਨੇ ਚਰਚ ਮਿਸ਼ਨ ਸਕੂਲ ਅੰਮ੍ਰਿਤਸਰ ਵਿੱਚ ਦਾਖਲਾ ਲੈ ਕੇ ਕੀਤਾ। 1891 ਈ. ਵਿੱਚ ਭਾਈ ਸਾਹਿਬ ਨੇ ਦਸਵੀਂ ਦੀ ਪ੍ਰੀਖਿਆ ਜ਼ਿਲ੍ਹੇ ਵਿੱਚੋਂ ਅੱਵਲ ਰਹਿ ਕੇ ਪਾਸ ਕੀਤੀ। ਇਸ ਦੌਰਾਨ ਉਨ੍ਹਾਂ ਪੱਛਮੀ ਸਾਇੰਸ ਤੇ ਸਾਹਿਤ ਦਾ ਗਿਆਨ ਹਾਸਲ ਕੀਤਾ। ਮੁੱਢਲੇ ਜੀਵਨ ਵਿੱਚ ਭਾਈ ਸਾਹਿਬ ਨੂੰ ਸ਼ੱਕ ਹੋ ਗਿਆ ਕਿ ਈਸਾਈ ਧਰਮ ਦੇ ਪ੍ਰਚਾਰ ਦਾ ਪ੍ਰਭਾਵ ਸਿੱਖਾਂ ਦੀ ਨੌਜਵਾਨ ਪੀੜ੍ਹੀ 'ਤੇ ਪੈ ਸਕਦਾ ਹੈ। ਇਸ ਤੋਂ ਬਚਣ ਲਈ ਇਤਿਹਾਸਕ ਸਿੱਖ ਸਾਹਿਤ ਦੀ ਰਚਨਾ ਅਤੇ ਪ੍ਰਚਾਰ ਕਰਨਾ ਬਹੁਤ ਜ਼ਰੂਰੀ ਬਣ ਗਿਆ ਸੀ। ਈਸਾਈ ਮਿਸ਼ਨਰੀਆਂ ਦੀ ਤਰਜ 'ਤੇ ਸਿੱਖ ਸਕੂਲ ਤੇ ਕਾਲਜ ਖੋਲ੍ਹਣੇ ਜ਼ਰੂਰੀ ਸਨ ਤਾਂ ਕਿ ਨੌਜਵਾਨ ਸਿੱਖ ਪੀੜ੍ਹੀ ਨੂੰ ਪੱਛਮੀ ਵਿਦਿਆ ਦੇ ਨਾਲ-ਨਾਲ ਸਿੱਖ ਧਰਮ ਅਤੇ ਇਤਿਹਾਸ ਬਾਰੇ ਜਾਣਕਾਰੀ ਦਿੱਤੀ ਜਾਵੇ।

ਭਾਈ ਸਾਹਿਬ ਆਪਣੀ ਵਿਦਿਅਕ ਯੋਗਤਾ ਅਤੇ ਪਰਿਵਾਰਕ ਮਦਦ ਨਾਲ ਸਰਕਾਰੀ ਨੌਕਰੀ ਸਹਿਜ-ਭਾ ਲੈ ਸਕਦੇ ਸਨ, ਪਰ ਉਨ੍ਹਾਂ ਨੇ ਅਜਿਹਾ ਨਾ ਕੀਤਾ। ਇਸ ਦੀ ਜਗ੍ਹਾ ਉਨ੍ਹਾਂ ਨੇ ਆਪਣਾ ਜੀਵਨ ਪੰਜਾਬੀ ਸਾਹਿਤ ਦੇ ਅਧਿਐਨ ਤੇ ਪਸਾਰ ਲਈ ਸਮਰਪਿਤ ਕੀਤਾ। ਸਾਹਿਤ ਸਿਰਜਣਾ ਦਾ ਕੰਮ ਉਨ੍ਹਾਂ ਨੇ 20 ਸਾਲ ਦੀ ਉਮਰ ਵਿੱਚ ਹੀ ਸ਼ੁਰੂ ਕਰ ਲਿਆ ਸੀ। ਭਾਈ ਸਾਹਿਬ ਵੱਲੋਂ ਪੰਜਾਬੀ ਬੋਲੀ (ਗੁਰਮੁੱਖੀ ਲਿਪੀ) ਨੂੰ ਮਾਧਿਅਮ ਬਣਾਉਣ ਦੇ ਕਈ ਕਾਰਨ ਸਨ। ਪਹਿਲਾ, ਉਨ੍ਹਾਂ ਨੂੰ ਗਿਆਨ ਸੀ ਕਿ ਸਿੱਖਾਂ ਦੀ ਧਾਰਮਿਕ ਅਤੇ ਸਭਿਆਚਾਰਕ ਵਿਰਾਸਤ ਦੇ ਮੁੱਢਲੇ ਸਰੋਤ ਗੁਰਮੁੱਖੀ ਲਿਪੀ ਦੇ ਵਿਕਾਸ ਲਈ ਯਤਨ ਕੀਤੇ। ਦੂਸਰਾ ਕਾਰਨ ਸਿੰਘ ਸਭਾ ਲਹਿਰ ਦਾ ਮੁੱਢਲਾ ਉਦੇਸ਼ ਵੀ ਸਿੱਖ ਗ੍ਰੰਥਾਂ ਦੀ ਸੰਪਾਦਨਾ ਕਰਕੇ ਉਨ੍ਹਾਂ ਨੂੰ ਗੁਰਮੁੱਖੀ ਲਿਪੀ ਵਿੱਚ ਛਾਪਣਾ ਤੇ ਇਸ ਲਈ ਸਿੱਖ ਧਰਮ ਦੇ ਪ੍ਰਚਾਰ ਲਈ ਪੰਜਾਬੀ ਪੱਤਰਕਾਰੀ ਨੂੰ ਮਧਿਅਮ ਬਣਾਉਣਾ ਸੀ। ਇਸ ਪੱਖ ਤੋਂ ਓਰੀਐਂਟਲ ਵਿਦਵਾਨਾਂ ਖਾਸ ਕਰਕੇ ਡਾ. ਜੀ. ਡਬਲਯੂ ਲਾਇਤਨਰ ਨੇ ਵਿਸ਼ੇਸ਼ ਯੋਗਦਾਨ ਪਾਇਆ। ਸਰਦਾਰ ਅਤਰ ਸਿੰਘ ਭਦੌੜ ਅਤੇ ਪ੍ਰੋਫੈਸਰ ਗੁਰਮੁਖ ਸਿੰਘ ਨੇ ਨਵ-ਸਥਾਪਿਤ ਪੰਜਾਬ ਯੂਨੀਵਰਸਿਟੀ ਲਾਹੌਰ ਅਤੇ ਕਾਲਜ ਵਿੱਚ ਪੰਜਾਬੀ ਭਾਸ਼ਾ ਦੀ ਪੜ੍ਹਾਈ ਲਈ ਵਿਸ਼ੇਸ਼ ਪ੍ਰਬੰਧ ਕਰਵਾਉਣ ਲਈ ਯਤਨ ਕੀਤੇ।

ਸਹਿਤਕ ਪ੍ਰਾਪਤੀਆਂ ਦੀ ਸ਼ੁਰੂਆਤ ਭਾਈ ਸਾਹਿਬ ਨੇ ਆਪਣੇ ਪਿਤਾ ਅਤੇ ਉਨ੍ਹਾਂ ਦੇ ਦੋਸਤ ਵਜ਼ੀਰ ਸਿੰਘ ਦੀ ਫਰਮ ਵਜ਼ੀਰ ਹਿੰਦ ਪ੍ਰੈਸ ਵਿੱਚ ਕੰਮ ਕਰਨ ਨਾਲ ਕੀਤੀ। ਸ਼ਾਇਦ ਅੰਮ੍ਰਿਤਸਰ ਵਿੱਚ ਇਹ ਪਹਿਲੀ ਪੱਥਰ ਦੇ ਛਾਪੇ ਨਾਲ ਛਪਾਈ ਕਰਨ ਵਾਲੀ ਪ੍ਰੈਸ ਸੀ। ਭਾਈ ਵੀਰ ਸਿੰਘ ਨੇ ਸਾਧੂ ਸਿੰਘ ਧੂਪੀਏ ਨਾਲ ਰਲ ਕੇ ਸੰਨ 1893 ਈ. ਵਿੱਚ ਖਾਲਸਾ ਟ੍ਰੈਕਟ ਸੁਸਾਇਟੀ ਸਥਾਪਤ ਕੀਤੀ। ਇਸ ਸੁਸਾਇਟੀ ਨੇ ਅੰਮ੍ਰਿਤਸਰ ਸ੍ਰੀ ਗੁਰੂ ਸਿੰਘ ਸਭਾ ਦੇ ਸਿੱਖ ਧਰਮ ਅਤੇ ਇਤਿਹਾਸ ਦੇ ਪ੍ਰਚਾਰ ਦੇ ਉਦੇਸ਼ ਨੂੰ ਬਹੁਤ ਵੱਡਾ ਹੁਲਾਰਾ ਦਿੱਤਾ। ਇਹ ਸਿੰਘ ਸਭਾ ਜੁਲਾਈ 1873 ਈ. ਨੂੰ ਬਣੀ ਸੀ। ਸੰਨ 1897 ਈ. ਵਿੱਚ ਇਸ ਦੇ ਬਰਾਬਰ ਦੀ ਵਿਚਾਰਧਾਰਾ ਵਾਲੀ ਸਿੰਘ ਸਭਾ ਲਾਹੌਰ ਸ਼ਹਿਰ ਵਿੱਚ 1899 ਈ. ਵਿੱਚ ਸੁਰੂ ਹੋਈ। ਸੰਨ 1873 ਤੋਂ 1899 ਈ. ਤੱਕ ਇਨ੍ਹਾਂ ਦੋ ਸਭਾਵਾਂ ਦੇ ਆਗੂਆਂ ਵਿਚਾਲੇ ਗੰਭੀਰ ਵਿਚਾਰਧਾਰਕ ਮੱਤਭੇਦ ਪੈਦਾ ਹੋ ਗਏ, ਪਰ ਭਾਈ ਸਾਹਿਬ ਨੇ ਸਿੰਘ ਸਭਾ ਲਹਿਰ ਦੇ ਬੁਨਿਆਦੀ ਉਦੇਸ਼ ਦਾ ਸਮਰਥਨ ਕੀਤਾ, ਅਰਥਾਤ ਸਿੱਖ ਧਰਮ 'ਚੋਂ ਉਹ ਰੀਤੀ-ਰਿਵਾਜ ਕੱਢਣ ਦਾ ਹੀਲਾ ਕੀਤਾ, ਜਿਹੜੇ ਗੁਰਬਾਣੀ ਦੇ ਆਦੇਸ਼ ਅਨੁਸਾਰ ਨਹੀਂ ਸਨ। ਸਿੱਖ ਧਰਮ ਦੀ ਨਿਵੇਕਲੀ ਪਛਾਣ ਸਥਾਪਿਤ ਕਰਨ ਲਈ ਖਾਲਸਾ ਟ੍ਰੈਕਟ ਸੁਸਾਇਟੀ ਨੇ 'ਨਿਰਗੁਣਿਆਰਾ' ਪੱਤ੍ਰਿਕਾ ਸ਼ੁਰੂ ਕੀਤੀ। ਇਸ ਵਿੱਚ ਸਿੱਖ ਧਰਮ, ਇਤਿਹਾਸ ਤੇ ਸਭਿਆਚਾਰ ਦੇ ਪ੍ਰਚਾਰ ਲਈ ਲੇਖ ਤੇ ਕਹਾਣੀਆਂ ਛਾਪੀਆਂ। 'ਨਿਰ-ਗੁਣਿਆਰਾ' ਦੀ ਜਾਣ-ਬੁਝ ਕੇ ਘੱਟ ਕੀਮਤ ਰੱਖੀ ਤਾਂ ਕਿ ਸਧਾਰਨ ਪਾਠਕ ਇਸ ਨੂੰ ਪੜ੍ਹ ਸਕੇ। ਇਹ ਪੱਤਰ ਥੋੜ੍ਹੀ ਹੀ ਦੇਰ ਚੱਲਿਆ। ਸਿੱਖ ਧਰਮ ਤੇ ਇਸ ਦੇ ਫ਼ਲਸਫ਼ੇ ਦੇ ਪ੍ਰਚਾਰ ਲਈ ਭਾਈ ਸਾਹਿਬ ਨੇ 'ਸੁਧਾਰਕ' ਪਰਚਾ ਸ਼ੁਰੂ ਕੀਤਾ ਪਰ 1888 ਈ. ਵਿੱਚ ਬੰਦ ਹੋ ਗਿਆ।

1899 ਈ. ਵਿੱਚ ਉਨ੍ਹਾਂ ਸਪਤਾਹਕ ਪੰਜਾਬੀ ਅਖ਼ਬਾਰ 'ਖਾਲਸਾ ਸਮਾਚਾਰ' ਸ਼ੁਰੂ ਕੀਤਾ। ਸ਼ੁਰੂ ਵਿੱਚ ਭਾਈ ਵੀਰ ਸਿੰਘ ਪ੍ਰਬੰਧਕ ਤੇ ਉਨ੍ਹਾਂ ਦੇ ਪਿਤਾ ਡਾਕਟਰ ਚਰਨ ਸਿੰਘ ਇਸ ਦੇ ਸੰਪਾਦਕ ਰਹੇ। ਡਾਕਟਰ ਚਰਨ ਸਿੰਘ ਚੀਫ਼ ਖਾਲਸਾ ਦੀਵਾਨ ਦੇ ਮੋਢੀ ਮੈਂਬਰਾਂ 'ਚੋਂ ਸਨ। ਪਿਤਾ ਨਾਲ ਭਾਈ ਵੀਰ ਸਿੰਘ ਵੀ ਇਸ ਦੀ ਸੰਪਾਦਕੀ ਕਰਨ ਲੱਗ ਪਏ। ਕੁਝ ਸਮੇਂ ਲਈ ਧਨੀ ਰਾਮ ਚਾਤ੍ਰਿਕ ਨੇ ਇਸ ਪੱਤਰ ਦੀ ਸੰਪਾਦਕੀ ਕੀਤੀ। ਫਿਰ ਭਾਈ ਸੇਵਾ ਸਿੰਘ ਅਤੇ ਇਨ੍ਹਾਂ ਪਿੱਛੋਂ ਗਿਆਨੀ ਮਹਾਂ ਸਿੰਘ ਨੇ ਸੰਪਾਦਕੀ ਕੀਤੀ। ਇਸ ਦੌਰਾਨ ਭਾਈ ਵੀਰ ਸਿੰਘ ਨੇ ਕਵਿਤਾ (ਦਿਲ ਤਰੰਗ, ਤ੍ਰੇਲ ਤੁਪਕੇ, ਲਹਿਰਾਂ ਦੇ ਹਾਰ, ਮੇਰੇ ਸਾਈਆਂ ਜੀਓ ਤੇ ਰਾਣਾ ਸੂਰਤ ਸਿੰਘ ਨਾਂ ਦਾ ਮਹਾਂਕਾਵਿ), ਨਾਵਲ (ਸੁੰਦਰੀ, ਬਿਜੈ ਸਿੰਘ, ਸਤਵੰਤ ਕੌਰ, ਬਾਬਾ ਨੌਧ ਸਿੰਘ), ਨਾਟਕ (ਰਾਜਾ ਲਖਦਾਤਾ ਸਿੰਘ), ਜੀਵਨੀਆਂ (ਸ੍ਰੀ ਗੁਰੂ ਨਾਨਕ ਚਮਤਕਾਰ, ਸ੍ਰੀ ਅਸ਼ਟ ਗੁਰੂ ਚਮਤਕਾਰ, ਸ੍ਰੀ ਕਲਗੀਧਰ ਚਮਤਕਾਰ) ਨਿਬੰਧ ਆਦਿ ਮੌਲਿਕ ਰਚਨਾਵਾਂ ਸਿਰਜੀਆਂ। ਉਨ੍ਹਾਂ ਦੀਆਂ ਆਰੰਭਕ ਦੌਰ ਦੀਆਂ ਰਚਨਾਵਾਂ ਦਾ ਉਦੇਸ਼ ਅਠਾਰਵੀਂ ਸ਼ਤਾਬਦੀ ਦੇ ਸਿੱਖ ਇਤਿਹਾਸ ਦੇ ਨਾਇਕਾਂ ਦੀ ਪਾਤਰ ਉਸਾਰੀ ਰਾਹੀਂ ਆਪਣੇ ਸਮਕਾਲੀ ਸਿੱਖਾਂ ਅੰਦਰ ਉਤਸ਼ਾਹ, ਸਿਦਕ ਤੇ ਸ੍ਵੈਮਾਣ ਦੀ ਭਾਵਨਾ ਭਰਨਾ ਸੀ। ਇੱਕ ਪਾਸੇ ਸਿੱਖ ਆਗੂਆਂ ਨੂੰ ਸਿੱਖ ਰਾਜ ਦੇ ਖੁੱਸ ਜਾਣ ਦਾ ਹੇਰਵਾ ਸੀ, ਦੂਸਰੇ ਪਾਸੇ ਹਿੰਦੂ, ਮੁਸਲਿਮ ਤੇ ਈਸਾਈ ਸੰਗਠਨਾਂ ਦੇ ਪੰਜਾਬ ਵਿੱਚ ਪਸਾਰ ਨੇ ਸਿੱਖੀ ਨੂੰ ਢਾਹ ਲਾਉਣ ਦੀ ਕੋਸ਼ਿਸ਼ ਸ਼ੁਰੂ ਕਰ ਦਿੱਤੀ ਸੀ। ਅੰਗਰੇਜ਼ ਇਤਿਹਾਸਕਾਰ ਸਿੱਖ ਰਾਜ ਕਾਲ ਨੂੰ ਅਸਭਿਅਕ ਤੇ ਬਰਤਾਨਵੀ ਰਾਜ ਨੂੰ ਆਦਰਸ਼ਕ ਦੱਸ ਰਹੇ ਸਨ। ਜਦੋਂ ਭਾਈ ਸਾਹਿਬ ਨੇ ਅਠਾਰਵੀਂ ਸ਼ਤਾਬਦੀ ਦੇ ਸਿੱਖ ਨਾਇਕਾਂ ਦੀ ਪਾਤਰ ਉਸਾਰੀ ਕੀਤੀ ਤਾਂ ਉਨ੍ਹਾਂ ਦੇ ਮਨ ਵਿੱਚ ਇਹ ਦੋਹਰਾ ਸੰਕਟ ਸੀ। ਭਾਈ ਸਾਹਿਬ ਦੇ ਇਹ ਪਾਤਰ ਸਿੱਖੀ ਸਿਦਕ ਦੇ ਆਸਰੇ ਹਰ ਸੰਕਟ ਨਾਲ ਜੂਝਦੇ ਅਤੇ ਫ਼ਤਹਿ ਪਾਉਂਦੇ ਹਨ। ਭਾਈ ਸਾਹਿਬ ਨੇ ਸਿੱਖੀ ਦੇ ਆਦਰਸ਼ ਪਾਤਰ ਘੜੇ ਤਾਂ ਕਿ ਇਹ ਸਮਕਾਲੀ ਸਿੱਖਾਂ ਲਈ ਉਤਸ਼ਾਹ ਅਤੇ ਸਿਦਕ ਦਾ ਸ੍ਰੋਤ ਬਣ ਸਕਣ। ਉਨ੍ਹਾਂ ਨੇ 'ਖਾਲਸਾ ਸਮਾਚਾਰ' ਤੇ 'ਨਿਰਗੁਣਿਆਰਾ' ਪੱਤ੍ਰਿਕਾਵਾਂ ਦੁਆਰਾ ਜਨ ਸਾਧਾਰਨ ਸਿੱਖਾਂ ਨੂੰ ਅਪੀਲ ਕੀਤੀ ਕਿ ਉਹ ਗੁਰਬਾਣੀ ਦੇ ਆਸ਼ੇ ਅਨੁਸਾਰ ਰੀਤੀ-ਰਿਵਾਜ਼ ਨਿਭਾਉਣ ਤੇ ਸਮਾਜਕ ਕੁਰੀਤੀਆਂ ਜਿਵੇਂ ਕਿ ਬਾਲ-ਵਿਆਹ, ਦਾਜ ਅਤੇ ਜੰਮਦੀਆਂ ਕੁੜੀਆਂ ਨੂੰ ਮਾਰਨ ਵਰਗੀਆਂ ਕੁਰੀਤੀਆਂ ਨੂੰ ਤਿਆਗਣ। ਦੋਨੋਂ ਪੱਤ੍ਰਿਕਾਵਾਂ ਨੇ 'ਇਸਤਰੀ ਸੁਧਾਰ' ਵੱਲੋ ਉਚੇਚਾ ਧਿਆਨ ਦਿੱਤਾ। ਭਾਈ ਵੀਰ ਸਿੰਘ ਅਨੁਸਾਰ ਨਵੀਂ ਵਿਦਿਆ ਕੇਵਲ ਨੌਜਵਾਨ ਲੜਕਿਆਂ ਲਈ ਨਹੀਂ, ਲੜਕੀਆਂ ਲਈ ਵੀ ਲਾਜ਼ਮੀ ਸੀ। ਉਨ੍ਹਾ ਦਾ ਵਿਸ਼ਵਾਸ ਸੀ ਕਿ ਅਨਪੜ੍ਹ ਤੇ ਅਗਿਆਨੀ ਮਾਤਾਵਾਂ ਧਰਮ ਅਤੇ ਇਸ ਦੀਆਂ ਕਦਰਾਂ-ਕੀਮਤਾਂ ਦੀ ਸਿੱਖਿਆ ਆਪਣੇ ਬੱਚਿਆਂ ਨੂੰ ਨਹੀਂ ਦੇ ਸਕਦੀਆਂ। ਇਸ ਨਿਵੇਕਲੀ ਪਛਾਣ ਦਾ ਪਾਸਾਰ ਕੇਵਲ ਸਿੱਖਿਅਤ ਇਸਤਰੀਆਂ ਹੀ ਕਰ ਸਕਦੀਆਂ ਹਨ। ਇਸ ਲਈ ਉਨ੍ਹਾਂ ਹਰ ਕਸਬੇ ਵਿੱਚ ਸਿੱਖ ਸਕੂਲ ਅਤੇ ਕਾਲਜ ਖੋਲ੍ਹਣ ਦੀ ਵਕਾਲਤ ਕੀਤੀ। ਇਸ ਤੋਂ ਇਲਾਵਾ ਭਾਈ ਸਾਹਿਬ ਨੇ ਵਿਧਵਾ ਵਿਆਹ ਨੂੰ ਸੁਰਜੀਤ ਕਰਨ ਦੀ ਕੋਸ਼ਿਸ਼ ਕੀਤੀ।

ਭਾਈ ਵੀਰ ਸਿੰਘ ਨੂੰ ਪੂਰਾ ਅਹਿਸ-ਾਸ ਸੀ ਕਿ ਸਿੱਖ ਧਾਰਮਿਕ ਸਾਹਿਤ ਨੂੰ ਸਮਝਣ ਲਈ ਟੀਕਾਕਾਰੀ/ਕੋਸ਼ਾਕਾਰੀ ਅਤੇ ਮਹਾਨਕੋਸ਼ ਲਿਖਣ ਦੀ ਵਿਸ਼ੇਸ਼ ਲੋੜ ਹੈ। ਭਾਈ ਸਾਹਿਬ ਨੇ ਗਿਆਨੀ ਹਜ਼ਾਰਾ ਸਿੰਘ ਦਾ ਸ੍ਰੀ ਗੁਰੂ ਗ੍ਰੰਥ ਕੋਸ਼ (1898) ਸੁਧਾਈ ਅਤੇ ਵਿਸਤ੍ਰਿਤ ਕਰਕੇ 1927 ਨੂੰ ਛਪਵਾਇਆ। ਭਾਈ ਸਾਹਿਬ ਨੇ ਅਨੇਕਾਂ ਸਿੱਖ ਗ੍ਰੰਥ ਆਲੋਚਨਾਤਮਕ ਸੰਪਾਦਨਾ ਕਰਕੇ ਛਪਵਾਏ। ਇਨ੍ਹਾਂ ਵਿੱਚੋਂ ਸਿੱਖਾਂ ਦੀ ਭਗਤਮਾਲਾ (1912), ਪ੍ਰਾਚੀਨ ਪੰਥ ਪੋਥੀ (1950) ਪ੍ਰਸਿੱਧ ਹਨ। ਉਨ੍ਹਾਂ ਦੀ ਸੰਪਾਦਨਾ ਅਤੇ ਸੁਧਾਈ ਦਾ ਮੁੱਢਲਾ ਉਦੇਸ਼ ਸਿੱਖ ਧਰਮ ਦੀ ਨਿਵੇਕਲੀ ਪਛਾਣ ਸਥਾਪਿਤ ਕਰਨਾ ਸੀ, ਜਿਸ ਦੇ ਫਲਸਰੂਪ ਕੁਝ ਖਰੜਿਆਂ ਦੇ ਮੌਲਿਕ ਅਤੇ ਸੰਪਾਦਕੀ ਸਰੂਪਾਂ 'ਚ ਫ਼ਰਕ ਪੈ ਗਿਆ। ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਵਿਆਖਿਆ ਲਈ 'ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਰਚਨਾ ਸ਼ੁਰੂ ਕੀਤੀ, ਪਰ 607 ਪੰਨੇ ਤੱਕ ਹੀ ਲਿਖੀ ਜਾ ਸਕੀ।

ਭਾਈ ਸਾਹਿਬ ਦੇ ਪੰਜਾਬੀ ਸਾਹਿਤ ਦੇ ਮੁੱਲਵਾਨ ਯੋਗਦਾਨ ਨੂੰ ਮੁੱਖ ਰੱਖ ਕੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੇ ਉਨ੍ਹਾ ਨੂੰ ਡਾਕਟਰ ਆਫ਼ ਓਰੀਐਂਟਲ ਲਰਨਿੰਗ ਆਨਰੇਰੀ ਡਿਗਰੀ 1949 ਈ. ਵਿੱਚ ਪ੍ਰਦਾਨ ਕੀਤੀ। ਆਜ਼ਾਦੀ ਤੋਂ ਬਾਅਦ ਭਾਈ ਸਾਹਿਬ ਪਹਿਲੇ ਵਿਦਾਵਾਨ ਸਨ, ਜਿਨ੍ਹਾਂ ਨੂੰ ਪੰਜਾਬ ਲੈਜਿਸਲੇਟਿਵ ਕੌਂਸਲ ਦਾ ਮੈਂਬਰ ਨਾਮਜ਼ਦ ਕੀਤਾ ਗਿਆ। ਸਾਲ 1955 ਈ. ਵਿੱਚ ਉਨ੍ਹਾਂ ਨੂੰ ਪੁਸਤਕ 'ਮੇਰੇ ਸਾਈਆਂ ਜੀਓ' ਲਈ ਸਾਹਿਤ ਅਕਾਦਮੀ, ਨਵੀਂ ਦਿੱਲੀ ਪੁਰਸਕਾਰ ਮਿਲਿਆ। ਜਨਵਰੀ 1956 ਈ. ਵਿੱਚ ਭਾਰਤ ਸਰਕਾਰ ਨੇ ਭਾਈ ਸਾਹਿਬ ਨੂੰ ਪਦਮ ਭੂਸ਼ਨ ਨਾਲ ਸਨਮਾਨਿਤ ਕੀਤਾ। ਭਾਈ ਸਾਹਿਬ ਆਪਣੇ ਨਿਵਾਸ ਅਸਥਾਨ ਅੰਮ੍ਰਿਤਸਰ ਵਿੱਚ 10 ਜੂਨ 1957 ਨੂੰ ਪਰਲੋਕ ਸਧਾਰ ਗਏ।



## ਹੈਦਰਾਬਾਦ ਰੇਪ ਕਾਂਡ: ਰਾਖੀ ਸਾਵੰਤ ਦੇ ਖਿਲਾਫ ਬਠਿੰਡਾ ਦੀ ਅਦਾਲਤ ਵਿੱਚ ਕੇਸ ਦਾਇਰ

ਬਠਿੰਡਾ, 9 ਦਸੰਬਰ (ਪੋਸਟ ਬਿਊਰੋ)- ਹੈਦਰਾਬਾਦ ਬਲਾਤਕਾਰ ਤੇ ਕਤਲ ਕੇਸ ਤੋਂ ਬਾਅਦ ਸੋਸ਼ਲ ਮੀਡੀਆ ਉੱਤੇ ਇੱਕ ਵੀਡੀਓ ਅਪਲੋਡ ਕਰ ਕੇ ਸਾਰੇ ਟਰੱਕ ਚਾਲਕਾਂ ਬਾਰੇ ਅਪਸ਼ਬਦ ਦਾ ਪ੍ਰਯੋਗ ਕਰਨ ਦੇ ਦੋਸ਼ ਵਿੱਚ ਫਿਲਮ ਅਦਾਕਾਰਾ ਰਾਖੀ ਸਾਵੰਤ ਦੇ ਖਿਲਾਫ ਟਰੱਕ ਅਪਰੇਟਰਾਂ ਨੇ ਬਠਿੰਡਾ ਦੀ ਅਦਾਲਤ ਵਿੱਚ ਕੇਸ ਦਾਇਰ ਕੀਤਾ ਹੈ।

ਟਰੱਕ ਆਪਰੇਟਰ ਅਮਨਦੀਪ ਸਿੰਘ ਵਾਸੀ ਬਠਿੰਡਾ ਨੇ ਦੱਸਿਆ ਕਿ ਰਾਖੀ ਸਾਵੰਤ ਨੇ ਉਕਤ ਵੀਡੀਓ ਵਿੱਚ ਸਾਰੇ ਟਰੱਕ ਚਾਲਕਾਂ ਦੇ ਖਿਲਾਫ ਬਹੁਤ ਗਲਤ ਸ਼ਬਦਾਂ ਦਾ ਪ੍ਰਯੋਗ ਕੀਤਾ ਹੈ, ਜਿਸ ਨਾਲ ਟਰੱਕ ਚਾਲਕਾਂ ਅਤੇ ਆਪਰੇਟਰਾਂ ਵਿੱਚ ਭਾਰੀ ਰੋਸ ਹੈ। ਇਸ ਸੰਬੰਧ ਵਿੱਚ ਉਨ੍ਹਾਂ ਨੇ ਪੁਲਸ ਕੋਲ ਵੀ ਸ਼ਿਕਾਇਤ ਕੀਤੀ, ਪਰ ਪੁਲਸ ਨੇ ਕੋਈ ਉਚਿਤ ਕਦਮ ਨਹੀਂ ਚੁੱਕਿਆ। ਇਸ ਪਿੱਛੋਂ ਰਾਖੀ ਦੇ ਖਿਲਾਫ ਬਠਿੰਡਾ ਦੇ ਚੀਫ ਜੁਡੀਸ਼ਲ ਮੈਜਿਸਟਰੇਟ ਦੀ ਅਦਾਲਤ ਵਿੱਚ ਵੱਖ-ਵੱਖ ਧਾਰਾਵਾਂ ਦਾ ਕੇਸ ਦਾਇਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਰਾਖੀ ਸਾਵੰਤ ਹਰ ਵਾਰ ਜਾਣ ਬੁੱਝ ਕੇ ਸਸਤੀ ਸ਼ੋਹਰਤ ਹਾਸਲ ਕਰਨ ਲਈ ਕਿਸੇ ਨਾ ਕਿਸੇ ਨੂੰ ਨਿਸ਼ਾਨਾ ਬਣਾਉਂਦੀ ਹੈ, ਪਰ ਇਸ ਜਦੋਂ ਤੱਕ ਰਾਖੀ ਸਾਵੰਤ ਦੇ ਖਿਲਾਫ ਕਾਰਵਾਈ ਨਹੀਂ ਹੁੰਦੀ ਉਦੋਂ ਤੱਕ ਸੰਘਰਸ਼ ਨੂੰ ਜਾਰੀ ਰੱਖਿਆ ਜਾਵੇਗਾ।

# ਬਰਗਾੜੀ ਇਨਸਾਫ ਲਈ ਸਿੱਖ ਜਥੇਬੰਦੀਆਂ ਵੱਲੋਂ ਮੰਤਰੀ ਰੰਧਾਵਾ ਦੀ ਕੋਠੀ ਅੱਗੇ ਧਰਨਾ

### * ਮੰਤਰੀ ਖੁਦ ਵੀ ਜਥੇਬੰਦੀਆਂ ਨਾਲ ਆਣ ਬੈਠਾ

ਡੇਰਾ ਬਾਬਾ ਨਾਨਕ, 9 ਦਸੰਬਰ (ਪੋਸਟ ਬਿਊਰੋ)- ਪੰਜਾਬ ਦੀਆਂ ਪੈਂਤੀ ਸਿੱਖ ਜਥੇਬੰਦੀਆਂ ਅਤੇ ਅਲਾਇੰਸ ਆਫ ਸਿੱਖ ਆਰਗੇਨਾਈਜੇਸ਼ਨ ਨੇ ਕੱਲ੍ਹ ਬਰਗਾੜੀ ਅਤੇ ਬਹਿਬਲ ਕਲਾਂ ਦੇ ਇਨਸਾਫ ਲਈ ਸੰਘਰਸ਼ ਦੇ ਪਹਿਲੇ ਪੜਾਅ ਹੇਠ 51 ਮੈਂਬਰੀ ਜਥੇ ਨੇ ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦੀ ਕੋਠੀ ਦੇ ਬਾਹਰ ਧਰਨਾ ਦਿੱਤਾ।



ਪ੍ਰਦਰਸ਼ਨ ਦੌਰਾਨ ਸਿੱਖ ਜਥੇਬੰਦੀਆਂ ਨਾਲ ਬੈਠੇ ਹੋਏ ਮੰਤਰੀ ਰੰਧਾਵਾ।

ਇਸ ਮੌਕੇ ਇਸ ਅਲਾਇੰਸ ਦੇ ਸਿਆਸੀ ਮਾਮਲਿਆਂ ਦੇ ਇੰਚਾਰਜ ਸੁਖਦੇਵ ਸਿੰਘ ਫਗਵਾੜਾ ਨੇ ਮੰਤਰੀ ਨੂੰ ਉਸ ਦਾ ਵਾਅਦਾ ਯਾਦ ਕਰਾ ਕੇ ਕਿਹਾ ਕਿ ਤੁਸੀਂ ਬਰਗਾੜੀ ਮੋਰਚੇ ਦੀ ਸਮਾਪਤੀ ਵੇਲੇ ਅਤੇ ਪਿਛਲੇ ਸਾਲ 28 ਅਗਸਤ ਨੂੰ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ 'ਤੇ ਵਿਚਾਰ ਕਰਨ ਲਈ ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਵਿੱਚ ਕਿਹਾ ਸੀ ਕਿ ਅਸੀਂ ਆਪਣੀ ਸਰਕਾਰ 'ਚ ਰਹਿੰਦਿਆਂ ਬਹਿਬਲ ਕਲਾਂ ਅਤੇ ਬਰਗਾੜੀ ਦੇ ਕਿਸੇ ਦੋਸ਼ੀ ਨੂੰ ਬਖਸ਼ਾਂਗੇ ਨਹੀਂ, ਉਨ੍ਹਾਂ ਦੀ ਬਾਕੀ ਉਮਰ ਜੇਲ੍ਹਾਂ 'ਚ ਗੁਜਰੇਗੀ ਅਤੇ ਵਿਸ਼ੇਸ਼ ਸੈਸ਼ਨ 'ਚ ਸਰਬ ਸੰਮਤੀ ਨਾਲ ਇਹ ਫੈਸਲਾ ਹੋਇਆ ਸੀ ਕਿ ਬਰਗਾੜੀ ਕੇਸ ਦੀ ਜਾਂਚ ਸੀ ਬੀ ਆਈ ਤੋਂ ਵਾਪਸ ਲਈ ਜਾਵੇਗੀ। ਉਨ੍ਹਾਂ ਨੇ ਮੰਤਰੀ ਤੋਂ ਪੁੱਛਿਆ ਕਿ '16 ਮਹੀਨਿਆਂ 'ਚ ਤੁਸੀਂ ਇੱਕ ਵੀ ਕਦਮ ਸੀ ਬੀ ਆਈ ਤੋਂ ਕੇਸ ਵਾਪਸ ਲੈਣ ਲਈ ਪੁੱਟਿਆ ਤਾਂ ਦੱਸੋ, ਤੁਸੀਂ ਸਦਨ ਅਤੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਕਿਹਾ ਸੀ ਕਿ ਬਹਿਬਲ ਕਲਾਂ ਦੇ ਅਸਲ ਦੋਸ਼ੀ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਬਾਦਲ, ਸੁਮੇਧ ਸੈਣੀ ਤੇ ਪਰਮਰਾਜ ਸਿੰਘ ਉਮਰਾਨੰਗਲ ਆਦਿ ਹਨ, ਪਰ ਇਹ ਲੋਕ ਤੁਹਾਡੀ ਸਰਕਾਰ ਦੀ ਬਣਾਈ ਹੋਈ ਕਿਸੇ ਵਿਸ਼ੇਸ਼ ਜਾਂਚ ਟੀਮ ਦੇ ਘੇਰੇ ਵਿੱਚ ਕਿਉਂ ਨਹੀਂ ਹਨ? ਤੁਸੀਂ ਕਿਹਾ ਸੀ ਕਿ ਬੇਅਦਬੀਆਂ ਦੇ ਦੋਸ਼ੀ ਮਰਦੇ ਦਮ ਤੱਕ ਜੇਲ੍ਹਾਂ ਵਿੱਚ ਰਹਿਣਗੇ, ਪਰ ਰਾਮ ਰਹੀਮ ਵਰਗੇ ਵੱਡੇ ਦੋਸ਼ੀਆਂ ਨੂੰ ਨਾਮਜ਼ਦ ਕਰਨਾ ਦੂਰ, ਫੜੇ ਗਏ ਦੋਸ਼ੀ ਹਾਲਾਂਕਿ ਹੇਠਲੇ ਪੱਧਰ ਦੇ ਸਨ, ਕੁਝ ਦਿਨਾਂ ਵਿੱਚ ਜ਼ਮਾਨਤਾਂ 'ਤੇ ਬਾਹਰ ਕਿਵੇਂ ਆ ਗਏ? ਮੌੜ ਬੰਬ ਧਮਾਕੇ ਦੇ ਸਾਜ਼ਿਸ਼ਕਾਰਾਂ ਦਾ ਪਰਦਾ ਫਾਸ਼ ਹੋਣ ਪਿੱਛੋਂ ਵੀ ਪੰਜਾਬ ਪੁਲਸ ਵੱਡੇ ਦੋਸ਼ੀਆਂ ਦੀਆਂ ਬਰੂਹਾਂ ਤੱਕ ਪਹੁੰਚਣ ਮਗਰੋਂ ਜਾਂਚ ਠੱਪ ਕਰ ਕੇ ਕਿਉਂ ਬੈਠੀ ਹੈ? ਇਸ ਮੌਕੇ ਉਨ੍ਹਾਂ ਨੇ ਮੰਤਰੀ ਨੂੰ ਪੁੱਛਿਆ ਕਿ ਇੱਕ ਪਾਸੇ ਤੁਸੀਂ ਭਾਈ ਲਛਮਣ ਸਿੰਘ ਧਾਰੋਵਾਲੀ ਦੇ ਵਾਰਸ ਹੋਣ ਦਾ ਦਾਅਵਾ ਕਰਦੇ ਹੋ, ਜਿਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਬਦੀ ਨਾ ਸਹਾਰ ਕੇ ਸ਼ਹੀਦੀ ਦੇ ਦਿੱਤੀ ਸੀ, ਦੂਜੇ ਪਾਸੇ ਤੁਸੀਂ ਸਰਕਾਰ ਵਿੱਚ ਰਹਿ ਕੇ ਆਪਣੀ ਸਰਕਾਰ ਨੂੰ ਬਚਾਉਣ ਲਈ ਵਜ਼ੀਰੀਆਂ ਮਾਨਣ ਲਈ ਕਿਉਂ ਚੁੱਪ ਬੈਠੇ ਹੋ? ਅੰਤ ਵਿੱਚ ਸੰਗਤਾਂ ਨੇ ਹੱਥ 'ਚ ਫੜੇ ਪੋਸਟਰ ਜਿਨ੍ਹਾਂ ਵਿੱਚ ਬਰਗਾੜੀ ਅਤੇ ਬਹਿਬਲ ਕਲਾਂ ਦੇ ਇਨਸਾਫ ਲਈ ਨਾਅਰੇ ਲਿਖੇ ਹੋਏ ਸਨ, ਜੇਲ੍ਹ ਮੰਤਰੀ ਨੂੰ ਸੌਂਪੇ ਗਏ।

ਇਸ ਮੌਕੇ ਜੇਲ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਖੁਦ ਵੀ ਇਸ ਧਰਨੇ ਵਿੱਚ ਆਣ ਬੈਠੇ ਤੇ ਉਨ੍ਹਾਂ ਨੇ ਕਿਹਾ ਕਿ ਉਹ ਇਹ ਪੋਸਟਰ ਛੇਤੀ ਹੀ ਮੁੱਖ ਮੰਤਰੀ ਨੂੰ ਦੇਣਗੇ। ਉਨ੍ਹਾਂ ਮੰਨਿਆ ਕਿ ਉਨ੍ਹਾਂ ਦੀ ਸਰਕਾਰ ਦੋਸ਼ੀਆਂ ਨੂੰ ਸਜ਼ਾ ਦਿਵਾਉਣ 'ਚ ਨਾਕਾਮਯਾਬ ਰਹੀ ਹੈ ਅਤੇ ਇਸ ਲਈ ਉਨ੍ਹਾਂ ਨੇ ਮੁਆਫੀ ਵੀ ਮੰਗੀ। ਉਨ੍ਹਾਂ ਇਨਸਾਫ ਹੋਣ ਵਿੱਚ ਹੋ ਰਹੀ ਦੇਰੀ ਲਈ ਸ਼ਰਮਿੰਦਗੀ ਮਹਿਸੂਸ ਕਰਦਿਆਂ ਕਿਹਾ ਕਿ ਉਹ ਜਲਦੀ ਮੁੱਖ ਮੰਤਰੀ ਨਾਲ ਮਿਲ ਕੇ ਇਨ੍ਹਾਂ ਕੇਸਾਂ ਵਿੱਚ ਇਨਸਾਫ ਦੇਣ ਵਿੱਚ ਹੋ ਰਹੀ ਦੇਰੀ ਸੰਬੰਧੀ ਵਿਚਾਰ ਕਰਨਗੇ।

## ਅਕਾਲੀ ਲੀਡਰਸ਼ਿਪ ਤਿੰਨ ਦਿਨ ਸ੍ਰੀ ਹਰਿਮੰਦਰ ਸਾਹਿਬ ਵਿਖੇ ਜੋੜੇ ਝਾੜਨ ਤੇ ਲੰਗਰ ਦੀ ਸੇਵਾ ਕਰੇਗੀ



ਜਲੰਧਰ, 9 ਦਸੰਬਰ (ਪੋਸਟ ਬਿਊਰੋ)- ਸ਼੍ਰੋਮਣੀ ਅਕਾਲੀ ਦਲ ਦੀ ਸਾਰੀ ਲੀਡਰਸ਼ਿਪ 12 ਦਸੰਬਰ ਤੋਂ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਤਿੰਨ ਦਿਨ ਸੰਗਤ ਦੇ ਜੋੜੇ ਝਾੜਨ, ਭਾਂਡੇ ਮਾਂਜਣ ਅਤੇ ਲੰਗਰ ਦੀ ਸੇਵਾ ਕਰੇਗੀ ਅਤੇ ਸਮੂਹਿਕ ਰੂਪ 'ਚ ਕੀਰਤਨ ਸਰਵਣ ਕਰੇਗੀ, ਇਹ ਪਾਰਟੀ ਦਾ ਪ੍ਰੋਗਰਾਮ ਹੈ।

ਇਸ ਬਾਰੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਦੱਸਿਆ ਕਿ 14 ਦਸੰਬਰ ਨੂੰ ਤੇਜਾ ਸਿੰਘ ਸਮੁੰਦਰੀ ਹਾਲ ਸ੍ਰੀ ਹਰਿਮੰਦਰ ਸਾਹਿਬ ਵਿਖੇ ਅਕਾਲੀ ਦਲ ਦੇ ਸਥਾਪਨਾ ਦਿਵਸ ਦੇ ਸਬੰਧ 'ਚ ਹੋਣ ਵਾਲੇ ਸਮਾਗਮ ਤੋਂ ਪਹਿਲਾਂ 12 ਦਸੰਬਰ ਨੂੰ ਅਖੰਡ ਪਾਠ ਆਰੰਭ ਕਰਵਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਮੌਕੇ ਪਾਰਟੀ ਦੇ ਸਰਕਲ ਪੱਧਰ ਤੋਂ ਲੈ ਕੇ ਕੋਰ ਕਮੇਟੀ ਤੱਕ ਦੇ ਮੈਂਬਰ ਤੇ ਅਹੁਦੇਦਾਰ, ਵਿਧਾਇਕ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਹਾਜ਼ਰ ਹੋਣਗੇ। ਸਾਰੀ ਲੀਡਰਸ਼ਿਪ ਫਿਰ ਸਾਰਾ ਦਿਨ ਸੰਗਤ ਦੇ ਜੋੜੇ ਝਾੜਨ, ਭਾਂਡੇ ਮਾਂਜਣ ਅਤੇ ਲੰਗਰ ਦੀ ਸੇਵਾ ਕਰੇਗੀ ਅਤੇ ਸਮੂਹਿਕ ਰੂਪ 'ਚ ਕੀਰਤਨ ਸਰਵਣ ਕਰੇਗੀ। 13 ਦਸੰਬਰ ਨੂੰ ਸਾਰਾ ਦਿਨ ਅਕਾਲੀ ਲੀਡਰਸ਼ਿਪ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੇਵਾ ਤੇ ਕੀਰਤਨ ਸਰਵਣ ਕਰਨ 'ਚ ਬਿਤਾਏਗੀ। 14 ਦਸੰਬਰ ਨੂੰ ਸਵੇਰੇ ਅਖੰਡ ਪਾਠ ਸਾਹਿਬ ਦੇ ਭੋਗ ਪਿੱਛੋਂ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਅਕਾਲੀ ਦਲ ਦਾ ਸਥਾਪਨਾ ਦਿਵਸ ਮਨਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਬਾਅਦ ਦੁਪਹਿਰ ਉਥੇ ਹੀ ਅਕਾਲੀ ਦਲ ਦਾ ਡੈਲੀਗੇਟ ਵੀ ਹੋਵੇਗਾ, ਜਿਸ ਵਿੱਚ ਪਾਰਟੀ ਅਹੁਦੇਦਾਰਾਂ ਤੇ ਪ੍ਰਧਾਨ ਦੀ ਚੋਣ ਕੀਤੀ ਜਾਵੇਗੀ।

## ਫ਼ੌਜ ਵਿੱਚ ਭਰਤੀ ਕਰਾਉਣ ਦੇ ਨਾਂ ਉੱਤੇ ਸਾਢੇ ਦਸ ਲੱਖ ਠੱਗੇ

ਧਾਰੀਵਾਲ, 9 ਦਸੰਬਰ (ਪੋਸਟ ਬਿਊਰੋ)- ਭਾਰਤੀ ਫ਼ੌਜ ਵਿੱਚ ਭਰਤੀ ਕਰਵਾਉਣ ਦੇ ਨਾਂ 'ਤੇ ਠੱਗੀ ਮਾਰਨ ਦੇ ਦੋਸ਼ ਹੇਠ ਦੋ ਜਣਿਆਂ ਖਿਲਾਫ ਪੁਲਸ ਥਾਣਾ ਧਾਰੀਵਾਲ ਵਿੱਚ ਕੇਸ ਦਰਜ ਕੀਤਾ ਹੈ। ਥਾਣਾ ਧਾਰੀਵਾਲ ਦੇ ਮੁਖੀ ਸਬ ਇੰਸਪੈਕਟਰ ਮਨਜੀਤ ਸਿੰਘ ਨੇ ਦੱਸਿਆ ਕਿ ਥਾਣਾ ਘੁਮਾਣ ਦੇ ਪਿੰਡ ਬੱਲੜਵਾਲ ਦੇ ਵਾਸੀ ਸਤਨਾਮ ਸਿੰਘ ਪੁੱਤਰ ਅਮਰ ਸਿੰਘ ਨੇ ਉਚ ਅਧਿਕਾਰੀਆਂ ਨੂੰ ਲਿਖਤੀ ਦਰਖਾਸਤ ਦਿੱਤੀ ਹੈ ਕਿ ਸਰਬਜੀਤ ਸਿੰਘ ਪੁੱਤਰ ਤਰਸੇਮ ਸਿੰਘ ਪਿੰਡ ਗੱਜੂਗਾਜੀ ਅਤੇ ਨਿਰੰਜਣ ਸਿੰਘ ਪੁੱਤਰ ਸੇਵਾ ਸਿੰਘ ਪਿੰਡ ਗੁਰਦਾਸ ਨੰਗਲ ਨੇ ਉਸ ਦੇ ਲੜਕੇ ਨਵਪ੍ਰੀਤ ਸਿੰਘ ਨੂੰ ਫ਼ੌਜ ਵਿੱਚ ਭਰਤੀ ਕਰਵਾਉਣ ਲਈ ਉਸ ਕੋਲੋਂ ਪੰਜ ਲੱਖ ਰੁਪਏ ਠੱਗ ਲਏ ਹਨ। ਏਸੇ ਤਰ੍ਹਾਂ ਪਿੰਡ ਬੱਲੜਵਾਲ ਦੇ ਨਰਿੰਦਰ ਸਿੰਘ ਦੇ ਲੜਕੇ ਲਵਪ੍ਰੀਤ ਸਿੰਘ ਨੂੰ ਫ਼ੌਦ ਵਿੱਚ ਭਰਤੀ ਕਰਵਾਉਣ ਲਈ ਸਾਢੇ ਪੰਜ ਲੱਖ ਰੁਪਏ ਲਏ ਗਏ ਸਨ। ਉਨ੍ਹਾਂ ਕਿਹਾ ਕਿ ਦੋਵਾਂ ਲੜਕਿਆਂ ਦੇ ਫ਼ੌਜ ਵਿੱਚ ਭਰਤੀ ਨਾ ਹੋਣ ਉਤੇ ਜਦੋਂ ਉਨ੍ਹਾਂ ਨੇ ਮੁਲਜ਼ਮਾਂ ਤੋਂ ਆਪਣੇ ਪੈਸੇ ਵਾਪਸ ਮੰਗੇ ਤਾਂ ਉਨ੍ਹਾਂ ਨੇ ਸ਼ਿਕਾਇਤ ਕਰਤਾ ਦੇ ਸਾਢੇ ਤਿੰਨ ਲੱਖ ਵਾਪਸ ਕਰ ਦਿੱਤੇ ਤੇ ਬਾਕੀ ਪੈਸਿਆਂ ਦੇ ਚੈੱਕ ਦਿੱਤੇ ਜੋ ਖਾਤੇ ਵਿੱਚ ਪੈਸੇ ਨਾ ਹੋਣ ਕਾਰਨ ਬੈਂਕ ਵਿੱਚ ਲਾਉਣ 'ਤੇ ਪਾਸ ਨਾ ਹੋ ਸਕੇ। ਪੁਲਸ ਅਧਿਕਾਰੀ ਨੇ ਦੱਸਿਆ ਕਿ ਦੋਸ਼ੀਆਂ ਨੇ ਸਤਨਾਮ ਸਿੰਘ ਨਾਲ ਡੇਢ ਲੱਖ ਦੀ ਠੱਗੀ ਮਾਰੀ ਹੈ। ਇਸ ਦੇ ਲਈ ਕਿ ਸਰਬਜੀਤ ਸਿੰਘ ਅਤੇ ਨਿਰੰਜਣ ਸਿੰਘ ਖਿਲਾਫ਼ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## 2022 ਦੀਆਂ ਚੋਣਾਂ 'ਚ ਤੀਜਾ ਪੰਥਕ ਮਹਾਗਠਜੋੜ ਬਣੇਗਾ



ਹੁਸ਼ਿਆਰਪੁਰ, 9 ਦਸੰਬਰ (ਪੋਸਟ ਬਿਊਰੋ)- ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਇੱਕ ਸੀਨੀਅਰ ਨੇਤਾ ਤੇ ਸਾਬਕਾ ਮੈਂਬਰ ਪਾਰਲੀਮੈਂਟ ਸੁਖਦੇਵ ਸਿੰਘ ਢੀਂਡਸਾ ਛੇਤੀ ਹੀ ਅਕਾਲੀ ਦਲ ਨੂੰ ਅਲਵਿਦਾ ਕਹਿ ਸਕਦੇ ਹਨ, ਜੋ ਆਪਣੇ ਬਾਗ਼ੀ ਤੇਵਰ ਦੇ ਕਾਰਨ ਬਕਾਇਦਾ ਤੌਰ 'ਤੇ ਅਕਾਲੀ ਦਲ ਟਕਸਾਲੀ ਅਤੇ ਅਕਾਲੀ ਦਲ 1920 ਦੇ ਵੱਡੇ ਆਗੂਆਂ ਨਾਲ ਗੁਪਤ ਮੀਟਿੰਗ ਵੀ ਕਰ ਚੁੱਕੇ ਹਨ। ਇਹ ਖੁਲਾਸਾ ਪੰਜਾਬ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਤੇ ਅਕਾਲੀ ਦਲ ਟਕਸਾਲੀ ਦੇ ਨੇਤਾ ਬੀਰ ਦਵਿੰਦਰ ਸਿੰਘ ਨੇ ਚੋਣਵੇਂ ਮੀਡੀਆ ਵਾਲਿਆਂ ਨਾਲ ਗੱਲਬਾਤ ਕਰਦਿਆਂ ਕੀਤਾ।

ਬੀਰ ਦਵਿੰਦਰ ਸਿੰਘ ਗੁਰਦੁਆਰਾ ਰਾਮਪੁਰ ਖੇੜਾ ਸਾਹਿਬ ਵਿੱਚ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਲਈ ਕੀਤੇ ਗਏ ਸਮਾਗਮ ਵਿੱਚ ਸ਼ਿਰਕਤ ਕਰਨ ਆਏ ਸਨ। ਉਨ੍ਹਾਂ ਦਾਅਵਾ ਕੀਤਾ ਕਿ ਅਕਾਲੀ ਦਲ ਟਕਸਾਲੀ ਅਤੇ ਅਕਾਲੀ ਦਲ 1920 ਵੱਲੋਂ 14 ਦਸੰਬਰ ਨੂੰ ਅੰਮ੍ਰਿਤਸਰ ਵਿੱਚ ਇੱਕ ਵੱਡੀ ਕਾਨਫਰੰਸ ਕੀਤੀ ਜਾਵੇਗੀ, ਜਿਸ ਵਿੱਚ ਸ਼ਾਮਲ ਹੋਣ ਲਈ ਸੁਖਦੇਵ ਸਿੰਘ ਢੀਂਡਸਾ ਨੇ ਹਾਮੀ ਭਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਪਿੱਛੇ ਜਿਹੇ ਚੰਡੀਗੜ੍ਹ ਵਿੱਚ ਇੱਕ ਮੀਟਿੰਗ ਹੋਈ ਸੀ, ਜਿਸ ਵਿੱਚ ਅਕਾਲੀ ਦਲ ਟਕਸਾਲੀ ਦੇ ਆਗੂਆਂ ਤੋਂ ਇਲਾਵਾ ਸੁਖਦੇਵ ਸਿੰਘ ਢੀਂਡਸਾ ਅਤੇ ਅਕਾਲੀ ਦਲ 1920 ਦੇ ਨੇਤਾ ਰਵੀਇੰਦਰ ਸਿੰਘ ਵੀ ਸ਼ਾਮਲ ਸਨ। ਇਸ ਮੀਟਿੰਗ ਵਿੱਚ 14 ਦਸੰਬਰ 2019 ਨੂੰ ਅੰਮ੍ਰਿਤਸਰ ਵਿੱਚ ਕੀਤੇ ਜਾ ਰਹੇ ਸਮਾਗਮ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ ਸੀ।

ਵਰਨਣ ਯੋਗ ਹੈ ਕਿ ਸੁਖਦੇਵ ਸਿੰਘ ਢੀਂਡਸਾ ਪਿਛਲੇ ਸਮੇਂ ਤੋਂ ਅਕਾਲੀ ਦਲ ਦੇ ਸਾਰੇ ਅਹੁਦਿਆਂ ਤੋਂ ਅਸਤੀਫੇ ਦੇ ਕੇ ਬਾਗੀ ਤੇਵਰਾਂ ਨਾਲ ਖਾਮੋਸ਼ ਬੈਠੇ ਹਏ ਸਨ। ਉਨ੍ਹਾਂ ਦੇ ਸਪੁੱਤਰ ਪਰਮਿੰਦਰ ਸਿੰਘ ਢੀਂਡਸਾ ਅਕਾਲੀ ਦਲ ਬਾਦਲ ਦੇ ਨਾਲ ਮਿਲ ਕੇ ਚੱਲ ਰਹੇ ਹਨ। ਬੀਰਦਵਿੰਦਰ ਸਿੰਘ ਨੇ ਕਿਹਾ ਕਿ ਅਸਲ ਵਿੱਚ ਬਾਦਲਾਂ ਤੇ ਕੈਪਟਨ ਅਮਰਿੰਦਰ ਸਿੰਘ ਦੇ ਖਿਲਾਫ ਤੀਜਾ ਮੋਰਚਾ ਖੜ੍ਹਾ ਕਰਨ ਦੀ ਕੋਸ਼ਿਸ਼ ਸ਼ੁਰੂ ਹੋ ਗਈ ਹੈ ਅਤੇ 2022 ਦੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਤੀਜਾ ਮਹਾ ਗੱਠਜੋੜ ਖੜ੍ਹਾ ਕੀਤਾ ਜਾ ਰਿਹਾ ਹੈ ਅਤੇ ਬਕਾਇਦਾ ਤੌਰ 'ਤੇ ਬੈਂਸ ਬ੍ਰਦਰਜ਼ ਨਾਲ ਵੀ ਗੱਲਬਾਤ ਚੱਲ ਰਹੀ ਹੈ।

## ਜਾਨ ਤੋਂ ਮਾਰਨ ਦੀ ਧਮਕੀ ਦੇਣ ਦੇ ਮਾਮਲੇ ਵਿੱਚ ਸ਼ਿਵ ਸੈਨਾ ਨੇਤਾ ਗ੍ਰਿਫਤਾਰ

ਜਲੰਧਰ, 9 ਦਸੰਬਰ (ਪੋਸਟ ਬਿਊਰੋ)- ਥਾਣਾ ਚਾਰ ਦੀ ਪੁਲਸ ਨੇ ਸ਼ਾਂਤੀ ਭੰਗ ਕਰਨ ਅਤੇ ਧਮਕੀ ਦੇਣ ਦੇ ਮਾਮਲੇ ਵਿੱਚ ਸ਼ਿਵ ਸੈਨਾ ਨੇਤਾ ਨਰਿੰਦਰ ਥਾਪਰ ਅਤੇ ਉਸ ਦੇ ਸਾਥੀ ਗ੍ਰੀਨ ਪਾਰਕ ਦੇ ਵਸਨੀਕ ਸੋਨੂੰ ਦੇ ਖਿਲਾਫ ਕੇਸ ਦਰਜ ਕਰਨ ਦੇ ਬਾਅਦ ਉਨ੍ਹਾਂ ਦੋਵਾਂ ਨੂੰ ਗ੍ਰਿਫਤਾਰ ਕਰ ਲਿਆ ਹੈ।



ਰਾਮਾ ਮੰਡੀ ਦੇ ਰਹਿਣ ਵਾਲੇ ਮੋਹਿਤ ਸੇਠੀ ਨੇ ਨਰਿੰਦਰ ਥਾਪਰ ਅਤੇ ਉਸ ਦੇ ਸਾਥੀ ਸੋਨੂੰ 'ਤੇ ਦੋਸ਼ ਲਾਇਆ ਹੈ ਕਿ ਸ਼ਨੀਵਾਰ ਨੂੰ ਮੋਹਿਤ ਸੇਠੀ ਆਪਣੇ ਕਿਸੇ ਦੋਸਤ ਕੋਲ ਨਕੋਦਰ ਚੌਕ 'ਤੇ ਬਾਜਵਾ ਕੰਪਲੈਕਸ ਆਇਆ ਸੀ। ਸ਼ਾਮ ਨੂੰ ਕਿਸੇ ਤੱਤਾ ਨਾਂਅ ਦੇ ਵਿਅਕਤੀ ਦਾ ਫੋਨ ਆਇਆ ਕਿ ਉਹ ਉਸ ਨੂੰ ਮਿਲਣਾ ਚਾਹੁੰਦਾ ਹੈ। ਮੋਹਿਤ ਨੇ ਬਾਜਵਾ ਕੰਪਲੈਕਸ ਆਉਣ ਲਈ ਕਿਹਾ। ਸ਼ਾਮ ਸਵਾ ਚਾਰ ਵਜੇ ਚਾਰ ਜਣੇ ਉਨ੍ਹਾਂ ਦੇ ਦਫਤਰ ਵਿੱਚ ਆਏ ਤੇ ਪੈਸੇ ਮੰਗਣ ਲੱਗੇ। ਉਨ੍ਹਾਂ ਨੇ ਪੈਸੇ ਮੰਗਣ ਦਾ ਕਾਰਨ ਪੁੱਛਿਆ ਤਾਂ ਉਨ੍ਹਾਂ ਨੇ ਦੱਸਿਆ ਕਿ ਪਟਿਆਲਾ ਦੀ ਕੁਲ-ਵੰਤ ਕੌਰ ਨੇ ਉਨ੍ਹਾਂ ਨੂੰ ਪੈਸੇ ਲੈਣ ਦੇ ਲਈ ਭੇਜਿਆ ਹੈ। ਮੋਹਿਤ ਵੱਲੋਂ ਪੈਸੇ ਦੇਣ ਤੋਂ ਮਨ੍ਹਾ ਕਰਨ 'ਤੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ। ਸੀ ਸੀ ਟੀ ਵੀ ਦੇ ਆਧਾਰ 'ਤੇ ਨਰਿੰ-ਦਰ ਥਾਪਰ ਅਤੇ ਉਸ ਦੇ ਸਾਥੀ ਦੇ ਖਿਲਾਫ 7/51 ਕੇਸ ਦਰਜ ਕਰਾਇਆ ਗਿਆ ਹੈ। ਕੱਲ੍ਹ ਨਰਿੰਦਰ ਥਾਪਰ ਨੂੰ ਥਾਣੇ ਵਿੱਚ ਸੱਦ ਕੇ ਗ੍ਰਿਫਤਾਰ ਕੀਤਾ ਗਿਆ ਅਤੇ ਦੇਰ ਰਾਤ ਨਰਿੰਦਰ ਅਤੇ ਉਸ ਦੇ ਸਾਥੀ ਸੋਨੂੰ ਨੂੰ ਜ਼ਮਾਨਤ ਮਿਲ ਗਈ। ਮੋਹਿਤ ਨੇ ਦੱਸਿਆ ਕਿ ਉਸ ਨੇ ਪਟਿਆਲਾ ਦੀ ਕੁਲਵੰਤ ਕੌਰ ਤੋਂ ਪੰਜਾਹ ਹਜ਼ਾਰ ਰੁਪਏ ਉਧਾਰ ਲਏ ਸਨ। ਸ਼ਨੀਵਾਰ ਨੂੰ ਨਰਿੰਦਰ ਥਾਪਰ ਨੇ ਆ ਕੇ ਧਮਕਾਇਆ ਤੇ 10 ਹਜ਼ਾਰ ਰੁਪਏ ਹੋਰ ਮੰਗੇ। ਦੂਸਰੇ ਪਾਸੇ ਨਰਿੰ-ਦਰ ਥਾਪਰ ਨੇ ਕਿਹਾ ਕਿ ਝੂਠੇ ਦੋਸ਼ ਲਾ ਕੇ ਉਨ੍ਹਾਂ ਦਾ ਅਕਸ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

## ਮੋਟਰਸਾਈਕਲ ਵੇਚਣ ਵੇਲੇ 15000 ਦਾ ਧੋਖਾ

ਮਕਸੂਦਾਂ, 9 ਦਸੰਬਰ (ਪੋਸਟ ਬਿਊਰੋ)- ਥਾਣਾ-1 ਹੇਠਲੀ ਜਨਤਾ ਕਾਲੋਨੀ ਦੇ ਮਨੀਕਾਂਤ ਪੁੱਤਰ ਮਨਜੋਤ ਕੁਮਾਰ ਨਾਲ ਆਨਲਾਈਨ ਸਾਈਟ 'ਤੇ ਮੋਟਰ ਸਾਈਕਲ ਵੇਚਣ ਨਾਲ 15000 ਦੀ ਧੋਖਾਧੜੀ ਹੋ ਗਈ।

ਪੀੜਤ ਮਨੀਕਾਂਤ ਨੇ ਦੱਸਿਆ ਕਿ ਉਸ ਨੇ ਆਪਣੇ ਮੋਟਰ ਸਾਈਕਲ ਨੂੰ 25000 'ਚ ਵੇਚਣ ਲਈ ਓ ਐਲ ਐਕਸ ਸਾਈਟ 'ਤੇ ਪਾਇਆ ਸੀ। ਕੁਝ ਸਮੇਂ ਬਾਅਦ ਵਿਕਾਸ ਪਾਂਡੇ ਨਾਮਕ ਵਿਅਕਤੀ ਦਾ ਫੋਨ ਆਇਆ ਅਤੇ ਕਿਹਾ ਕਿ ਉਸ ਨੂੰ ਮੋਟਰ ਸਾਈਕਲ ਪਸੰਦ ਹੈ ਤੇ ਉਹ ਆਨਲਾਈਨ ਪੈਸੇ ਜਮਾ ਕਰਵਾ ਕੇ ਮੋਟਰ ਸਾਈਕਲ ਲੈ ਜਾਵੇਗਾ। ਠੱਗ ਨੇ ਕਿਹਾ ਕਿ ਆਪਣਾ ਫੋਨ ਪੇ ਖੋਲ੍ਹੋ, ਜਦ ਉਸ ਨੇ ਫ਼ੋਨ ਪੇ ਖੋਲ੍ਹਿਆ ਤਾਂ ਮੈਸੇਜ ਆਇਆ, ਜਿਸ ਵਿੱਚ ਇੱਕ ਪੇ ਟੀ ਐਮ ਅਕਾਊਂਟ 'ਚ 5000 ਪੇ ਕਰਨ ਦਾ ਮੈਸੇਜ ਆਇਆ। ਉਹ ਸਮਝ ਨਹੀਂ ਸਕਿਆ ਤੇ ਜਾਲ੍ਹਸਾਜ਼ ਦੇ ਕਹਿਣ ਉੱਤੇ ਪੇ ਦਾ ਬਟਨ ਦਬਾ ਦਿੱਤਾ। ਇਸ ਤਰ੍ਹਾਂ ਤਕਰਬੀਨ 15000 ਰੁਪਏ ਅਕਾਊਂਟ 'ਚੋਂ ਨਿਕਲ ਗਏ। ਜਾਲ੍ਹਸਾਜ਼ ਨੇ ਕਿਹਾ ਕਿ ਪੈਸੇ ਅਕਾਊਂਟ 'ਚ ਆ ਰਹੇ ਹਨ, ਪਰ ਫੋਨ ਪੇ ਉਸ ਦੇ ਬੈਂਕ ਅਕਾਊਂਟ ਨਾਲ ਲਿੰਕ ਹੋਣ ਕਾਰਨ ਪੈਸੇ ਉਸ ਦੇ ਅਕਾਊਂਟ 'ਚੋਂ ਟਰਾਂਸਫਰ ਹੁੰਦੇ ਗਏ। ਉਸ ਨੂੰ ਤਦ ਪਤਾ ਚੱਲਿਆ ਜਦ ਉਸ ਨੇ ਆਪਣੇ ਟੈਕਸਟ ਮੈਸੇਜ ਚੈਕ ਕੀਤੇ ਤੇ ਉਸ ਵੱਲੋਂ ਟਰਾਂਸਫਰ ਰੋਕੀ ਗਈ ਵਰਨਾ ਉਸ ਦੇ ਖਾਤੇ 'ਚ ਪਏ ਸ਼ਾਇਦ ਸਾਰੇ ਪੈਸੇ ਚਲੇ ਜਾਂਦੇ।

## ਨਾਮੀ ਸਮੱਗਲਰ ਤੇ ਉਸਦਾ ਭਰਾ ਹਥਿਆਰਾਂ ਸਮੇਤ ਗ੍ਰਿਫਤਾਰ

ਟਾਂਡਾ ਉੜਮੁੜ, 9 ਦਸੰਬਰ (ਪੋਸਟ ਬਿਊਰੋ)- ਟਾਂਡਾ ਪੁਲਸ ਨੇ ਸੁੱਖਾ ਕਾਹਲਵਾਂ ਕਤਲ ਕੇਸ ਦੇ ਮੁੱਖ ਗਵਾਹ, ਨਾਮੀ ਸਮੱਗਲਰ ਤੇ ਉਸ ਦੇ ਭਰਾ ਨੂੰ ਅਸਲੇ ਸਮੇਤ ਗ੍ਰਿਫਤਾਰ ਕਰਨ 'ਚ ਵੱਡੀ ਸਫਲਤਾ ਹਾਸਲ ਕੀਤੀ ਹੈ, ਜਿਸ 'ਤੇ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿੱਚ ਨਸ਼ਾ ਸਮੱਗਲਿੰਗ, ਕਤਲ ਤੇ ਲੁੱਟਾਂ ਖੋਹਾਂ ਦੇ ਕਈ ਕੇਸ ਹਨ। ਪੁਲਸ ਨੇ ਉਨ੍ਹਾਂ ਕੋਲੋਂ ਦੋ ਪਿਸਤੌਲ, 17 ਕਾਰਤੂਸ, 100 ਗ੍ਰਾਮ ਹੈਰੋਇਨ, 700 ਨਸ਼ੀਲੀਆਂ ਗੋਲੀਆਂ ਤੇ ਇੱਕ ਸਵਿਫਟ ਕਾਰ ਵੀ ਫੜੀ ਹੈ। ਪਤਾ ਲੱਗਾ ਹੈ ਕਿ ਗ੍ਰਿਫਤਾਰ ਸਮੱਗਲਰ ਦੀ ਪਛਾਣ ਰਾਣਾ ਪ੍ਰਤਾਪ ਸਿੰਘ ਤੇ ਭਰਾ ਦੀ ਪਛਾਣ ਰਣਪ੍ਰੀਤ ਸਿੰਘ ਦੋਵੇਂ ਪੁੱਤਰ ਗੁਰਮੀਤ ਸਿੰਘ ਵਾਸੀ ਮਾੜੀ ਪੰਨਵਾ ਜ਼ਿਲ੍ਹਾ ਗੁਰਦਾ-ਸਪੁਰ ਵਜੋਂ ਹੋਈ। ਇਸ ਬਾਰੇ ਪ੍ਰੈਸ ਕਾਨਫਰੰਸ ਵਿੱਚ ਡੀ ਐਸ ਪੀ ਟਾਂਡਾ ਗੁਰਪ੍ਰੀਤ ਸਿੰਘ ਗਿੱਲ ਨੇ ਦੱਸਿਆ ਕਿ ਨਸ਼ਾ ਸਮੱਗਲਰਾਂ ਅਤੇ ਲੁੱਟਾਂ ਖੋਹਾਂ ਕਰਨ ਵਾਲੇ ਲੋਕਾਂ ਖਿਲਾਫ ਚਲਾਈ ਮੁਹਿੰਮ ਹੇਠ ਥਾਣਾ ਟਾਂਡਾ ਦੇ ਐਸ ਐਚ ਓ ਹਰਗੁਦੇਵ ਸਿੰਘ ਦੀ ਅਗਵਾਈ ਵਿੱਚ ਏ ਐਸ ਆਈ ਅਮਰਜੀਤ ਨੇ ਪੁਲਸ ਪਾਰਟੀ ਸਮੇਤ ਰੜਾ ਮੋੜ ਟੀ-ਪੁਆਇੰਟ 'ਤੇ ਰਾਤ ਨੂੰ ਨਾਕਾਬੰਦੀ ਕੀਤੀ ਸੀ। ਬੇਗੋਵਾਲ ਵੱਲੋਂ ਇੱਕ ਸਵਿਫਟ ਕਾਰ ਆਈ ਜਿਸ ਨੂੰ ਪੁਲਸ ਨੇ ਟਾਰਚ ਦੀ ਰੋਸ਼ਨੀ ਨਾਲ ਰੋਕਿਆ। ਕਾਰ ਨੂੰ ਇੱਕ ਨੌਜਵਾਨ ਚਲਾ ਰਿਹਾ ਸੀ ਤੇ ਨਾਲ ਦੀ ਸੀਟ 'ਤੇ ਇੱਕ ਹੋਰ ਨੌਜਵਾਨ ਬੈਠਾ ਸੀ। ਪੁਲਸ ਦੀ ਨਾਕਾਬੰਦੀ ਵੇਖ ਕੇ ਚਾਲਕ ਨੇ ਤੇਜ਼ੀ ਨਾਲ ਸਵਿਫਟ ਕਾਰ ਨੂੰ ਮੋੜ ਕੇ ਭਜਾਉਣ ਦੀ ਕੋਸ਼ਿਸ਼ ਕੀਤੀ, ਜਿਸ ਨੂੰ ਏ ਐਸ ਆਈ ਅਮਰਜੀਤ ਸਿੰਘ ਨੇ ਪੁਲਸ ਪਾਰਟੀ ਦੀ ਮਦਦ ਨਾਲ ਫੜ ਲਿਆ।

ਪੁੱਛਗਿੱਛ ਕਰਨ 'ਤੇ ਕਾਰ ਚਾਲਕ ਨੇ ਆਪਣਾ ਨਾਂ ਰਾਣਾ ਪ੍ਰਤਾਪ ਸਿੰਘ ਤੇ ਸਾਥੀ ਦੀ ਪਛਾਣ ਭਰਾ ਰਣਪ੍ਰੀਤ ਸਿੰਘ ਦੋਵੇਂ ਪੁੱਤਰ ਗੁਰਮੀਤ ਸਿੰਘ ਵਾਸੀ ਮਾੜੀ ਪੰਨਵਾਂ ਜ਼ਿਲ੍ਹਾ ਗੁਰਦਾ-ਸਪੁਰ ਦੱਸਿਆ। ਪੁਲਸ ਨੂੰ ਰਾਣਾ ਪ੍ਰਤਾਪ ਦੀ ਤਲਾਸ਼ੀ ਵਿੱਚ ਉਸਦੇ ਡੱਬ 'ਚੋਂ ਇੱਕ ਪਿਸਤੌਲ, ਜਿਸ ਉਤੇ ਮੇਡ ਇਨ ਯੂ ਐਸ ਏ ਲਿਖਿਆ ਸੀ, ਮਿ-ਲਆ ਅਤੇ ਜੇਬ 'ਚੋਂ ਸੱਤ ਜ਼ਿੰਦਾ ਰੌਂਦ ਬਰਾਮਦ ਹੋਏ। ਉਸ ਦੇ ਭਰਾ ਰਣਪ੍ਰੀਤ ਸਿੰਘ ਦੀ ਤਲਾਸ਼ੀ ਦੌਰਾਨ ਡੱਬ 'ਚੋਂ ਦੇਸੀ ਪਿਸਤੌਲ ਤੇ ਜੇਬ 'ਚੋਂ 10 ਜ਼ਿੰਦਾ ਰੌਂਦ ਬਰਾਮਦ ਹੋਏ। ਕਾਰ ਦੀ ਤਲਾਸ਼ੀ ਦੌਰਾਨ ਪੁਲਸ ਨੇ ਇੱਕ ਪਲਾਸਟਿਕ ਦੇ ਲਿਫਾਫੇ 'ਚੋਂ 100 ਗ੍ਰਾਮ ਹੈਰੋਇਨ ਤੇ 700 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ। ਸੂਚਨਾ ਮਿਲਣ 'ਤੇ ਮੌਕੇ 'ਤੇ ਪੁੱਜੇ ਸਬ ਇੰਸਪੈਕਟਰ ਅਜਮੇਰ ਸਿੰਘ ਨੇ ਉਕਤ ਦੋਵਾਂ ਨੂੰ ਮੌਕੇ 'ਤੇ ਹਥਿਆਰਾਂ, ਜ਼ਿੰਦਾ ਰੌਂਦ ਤੇ ਨਸ਼ੀਲੇ ਪਦਾਰਥਾਂ ਸਮੇਤ ਗ੍ਰਿਫਤਾਰ ਕਰਕੇ ਥਾਣਾ ਟਾਂਡਾ ਲਿਆਂਦਾ ਤੇ ਕੇਸ ਦਰਜ ਕੀਤਾ। ਪੁੱਛਗਿੱਛ ਦੌਰਾਨ ਰਾਣਾ ਪ੍ਰਤਾਪ ਨੇ ਦੱਸਿਆ ਕਿ ਉਸ 'ਤੇ ਕਤਲ, ਲੁੱਟ ਖੋਹ ਤੇ ਸਮੱਗਲਿੰਗ ਦੇ ਕਈ ਕੇਸ ਦਰਜ ਹਨ ਤੇ ਉਹ ਸੁੱਖਾ ਕਾਹਲਵਾਂ ਹੱਤਿਆ ਕਾਂਡ ਦਾ ਮੁੱਖ ਗਵਾਹ ਹੈ ਤੇ ਅੱਜਕੱਲ੍ਹ ਜ਼ਮਾਨਤ 'ਤੇ ਹੈ।

## ਸੁਖਬੀਰ, ਤੂੰ ਅਫਸਰਾਂ ਨੂੰ ਡਰਾਉਣਾ ਬੰਦ ਕਰ, ਤੈਨੂੰ ਕਿਨ੍ਹੇ ਕਹਿਤਾ ਤੇਰੀ ਸਰਕਾਰ ਆਉਣੀ ਹੈ: ਤ੍ਰਿਪਤ ਬਾਜਵਾ

ਬਟਾਲਾ, 9 ਦਸੰਬਰ (ਪੋਸਟ ਬਿਊਰੋ)- ਕੈਬਨਿਟ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਸਾਬਕਾ ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ 'ਤੇ ਜਵਾਬੀ ਹਮਲਾ ਬੋਲਿਆ। ਉਨ੍ਹਾਂ ਨੇ ਐੱਸ ਐੱਸ ਪੀ ਬਟਾਲਾ ਉਪਿੰਦਰਜੀਤ ਸਿੰਘ ਘੁੰਮਣ ਨੂੰ ਸੁਖਬੀਰ ਸਿੰਘ ਬਾਦਲ ਵੱਲੋਂ ਅਕਾਲੀ ਦਲ ਦੀ ਸਰਕਾਰ ਆਉਣ 'ਤੇ ਕੇਸ ਦਰਜ ਕਰਾਉਣ ਦੀ ਧਮਕੀ ਦੇਣ ਦੀ ਨਿੰਦਾ ਕੀਤੀ ਅਤੇ ਕਿਹਾ ਕਿ ਸੁਖਬੀਰ ਤੇ ਸਾਬਕਾ ਮੰਤਰੀ ਬਿਕਰਮਜੀਤ ਸਿੰਘ ਮਜੀਠੀਆ ਅਫਸਰਾਂ 'ਤੇ ਦਬਾਅ ਪਾ ਰਹੇ ਹਨ।



ਬਾਜਵਾ ਨੇ ਕਿਹਾ ਕਿ ਬਾਦਲ ਅਤੇ ਮਜੀਠੀਆ ਦੇ ਇਸ ਬਿਆਨ ਤੋਂ ਕੈਪਟਨ ਸਰਕਾਰ ਅਤੇ ਪ੍ਰਸ਼ਾਸਨ ਡਰਨ ਵਾਲਾ ਨਹੀਂ ਹੈ।

ਤ੍ਰਿਪਤ ਸਿੰਘ ਬਾਜਵਾ ਨੇ ਕਿਹਾ, ਸੁਖਬੀਰ, ਤੂੰ ਅਫਸਰਾਂ ਨੂੰ ਡਰਾਉਣਾ ਬੰਦ ਕਰ, ਤੈਨੂੰ ਕਿਸ ਨੇ ਕਹਿਤਾ ਤੇਰੀ ਸਰਕਾਰ ਆਉਣੀ ਹੈ। ਉਨ੍ਹਾਂ ਕਿਹਾ ਕਿ ਮੈਂ ਸੁਖਬੀਰ ਨੂੰ ਦੱਸ ਦਿਆਂ ਕਿ ਦੋ ਸਾਲ ਬਾਅਦ ਉਸ ਦੀ ਸਰਕਾਰ ਨਹੀਂ ਆਉਣ ਵਾਲੀ। ਇਸ ਮੌਕੇ ਪੱਤਰਕਾਰਾਂ ਨੇ ਪੁੱਛਿਆ ਕਿ ਤੁਸੀਂ ਤਲਖ ਅੰਦਾਜ਼ ਵਿੱਚ ਗੱਲ ਕੀਤੀ ਸੀ ਤਾਂ ਸਰਕਾਰ ਨੇ ਉਨ੍ਹਾਂ ਲੋਕਾਂ 'ਤੇ ਕੇਸ ਦਰਜ ਕਰਾਇਆ ਸੀ। ਕੀ ਅਕਾਲੀ ਸਰਕਾਰ ਆਉਣ 'ਤੇ ਐੱਸ ਐੱਸ ਪੀ ਬਟਾਲਾ ਨੂੰ ਕੇਸ ਦਰਜ ਕਰਨ ਦੀ ਧਮਕੀ ਦੇਣ ਵਾਲੇ ਸੁਖਬੀਰ ਸਿੰਘ ਬਾਦਲ ਉੱਤੇ ਵੀ ਇਸ ਵਾਰ ਸਰਕਾਰ ਕੋਈ ਕੇਸ ਦਰਜ ਕਰਵਾਏਗੀ। ਇਸ ਦੇ ਜਵਾਬ ਵਿੱਚ ਬਾਜਵਾ ਨੇ ਕਿਹਾ ਕਿ ਉਹ ਅਲੱਗ ਮਾਮਲਾ ਸੀ।


# ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੌਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224



## ਸੇਬੀ ਨੇ ਸ਼ੱਕੀ ਧਿਰਾਂ ਨੂੰ ਫੜਨ ਲਈ ਮੈਟਰੀਮੋਨੀਅਲ ਵੈੱਬਸਾਈਟ ਫੋਲੀ

ਨਵੀਂ ਦਿੱਲੀ, 9 ਦਸੰਬਰ (ਪੋਸਟ ਬਿਊਰੋ)- ਵੱਡੇ ਸੌਦਿਆਂ ਤੋਂ ਪਹਿਲਾਂ ਸ਼ੇਅਰਾਂ ਦੇ ਭਾਅ ਉਤਾਰ-ਚੜ੍ਹਾਅ ਦੇ ਲਾਭ ਲੈਣ ਦੇ ਮਾਮਲੇ ਵਿੱਚ ਬਾਜ਼ਾਰ ਰੈਗੂਲੇਟਰੀ ਸੇਬੀ ਨੇ ਸ਼ੱਕੀ ਵਿਅਕਤੀਆਂ ਦਾ ਪਤਾ ਲਾਉਣ ਲਈ ਮੈਟਰੀਮੋਨੀਅਲ ਪ੍ਰੋਫਾਈਲ ਫੋਲਣੇ ਸ਼ੁਰੂ ਕਰ ਦਿੱਤੇ ਹਨ ਤਾਂ ਕਿ ਪਰਵਾਰ ਦੇ ਨਾਲ ਉਨ੍ਹਾਂ ਦੇ ਸੰਬੰਧਾਂ ਨੂੰ ਪ੍ਰਗਟ ਕੀਤਾ ਜਾ ਸਕੇ। ਸੇਬੀ ਨੇ ਸ਼ੇਅਰਾਂ ਦੀਆਂ ਕੀਮਤਾਂ ਵਿੱਚ ਹੇਰ ਫੇਰ ਕਰਨ ਵਾਲਿਆਂ ਨੂੰ ਫੜਨ ਲਈ ਇਹ ਕਦਮ ਚੁੱਕਿਆ ਹੈ।

ਫਿਡੇਲਿਟੀ ਗਰੁੱਪ ਦੀਆਂ ਯੂਨਿਟਾਂ ਦੇ ਕੁਝ ਫੰਡਾਂ ਦੇ ਭਾਅ ਨੂੰ ਚੜ੍ਹਾਉਣ ਦੇ ਕੇਸ ਵਿੱਚ ਸੇਬੀ (ਸਕਿਓਰਟੀਜ਼ ਐਂਡ ਐਕਸਚੇਂਜ ਬੋਰਡ ਆਫ ਇੰਡੀਆ) ਨੇ ਵਿਹਾਰਕ ਵੈੱਬਸਾਈਟ 'ਤੇ ਟਰੇਡਰ ਵੈਭਵ ਧੱਡਾ ਦੇ ਪ੍ਰੋਫਾਈਲ ਦੀ ਜਾਂਚ ਕੀਤੀ ਤਾਂ ਕਿ ਪਰਵਾਰ ਦੇ ਮੈਂਬਰਾਂ ਨਾਲ ਉਸ ਦਾ ਸੰਬੰਧ ਸਥਾਪਤ ਕੀਤਾ ਜਾ ਸਕੇ। ਸੇਬੀ ਨੇ ਪੰਜ ਦਸੰਬਰ ਦੇ ਅੰਤ੍ਰਿਮ ਆਦੇਸ਼ ਵਿੱਚ ਕਿਹਾ ਗਿਆ ਕਿ ਵੈੱਬਸਾਈਟ ਵਿੱਚ ਵੈਭਵ ਨੂੰ ਅਲਕਾ ਧੱਡਾ ਦਾ ਪੁੱਤਰ ਦੱਸਿਆ ਗਿਆ ਹੈ। ਇਸ ਤੋਂ ਇਲਾਵਾ ਉਸ ਦੇ ਪਾਸਪੋਰਟ ਵਿੱਚ ਮਾਤਾ ਦੇ ਨਾਂਅ 'ਤੇ ਅਲਕਾ ਦਾ ਜ਼ਿਕਰ ਹੈ। ਸੇਬੀ ਨੇ ਵੱਡੇ ਸੌਦੇ ਤੋਂ ਪਹਿਲਾਂ ਸ਼ੇਅਰਾਂ ਦੀ ਖਰੀਦ ਕਰਨ ਜਾਂ ਵਿਕਰੀ ਕਰ ਕੇ ਭਾਅ ਨੂੰ ਚੜ੍ਹਾ ਕੇ ਜਾਂ ਉਤਾਰ ਕੇ ਲਾਭ ਕਮਾਉਣ ਦੇ ਕੇਸ ਵਿੱਚ ਵੈਭਵ ਦੇ ਨਾਲ ਨਾਲ ਉਸ ਦੀ ਮਾਂ ਅਲਕਾ ਅਤੇ ਭੈਣ ਆਰੂਸ਼ੀ ਨੂੰ ਪੂੰਜੀ ਬਾਜ਼ਾਰ ਵਿੱਚ ਕਾਰੋਬਾਰ ਕਰਨ ਤੋਂ ਰੋਕ ਦਿੱਤਾ ਹੈ।

ਰੈਗੂਲੇਟਰੀ ਨੇ ਪਰਵਾਰ ਦੇ ਮੈਂਬਰਾਂ ਨੂੰ ਸਾਂਝੇ ਰੂਪ ਨਾਲ ਰਾਸ਼ਟਰੀਕ੍ਰਿਤ ਬੈਂਕ ਵਿੱਚ ਐਸਕਰੋ ਖਾਤਾ ਖੋਲ੍ਹਣ ਅਤੇ ਗੈਰ ਕਾਨੂੰਨੀ ਗਤੀਵਿਧੀਆਂ ਰਾਹੀਂ ਜੁਟਾਏ 1.86 ਕਰੋੜ ਰੁਪਏ ਨੂੰ 15 ਦਿਨ ਦੇ ਅੰਦਰ ਜਮ੍ਹਾ ਕਰਨ ਦਾ ਨਿਰਦੇਸ਼ ਦਿੱਤਾ ਹੈ। ਸੇਬੀ ਨੇ ਜਾਂਚ 'ਚ ਪਾਇਆ ਕਿ ਫਿਡੇਲਿਟੀ ਸਮੂਹ ਵੱਲੋਂ ਟਰੇਡਰ ਹੋਣ ਦੇ ਨਾਤੇ ਵੈਭਵ ਕੋਲ ਫਿਡੇਲਿਟੀ ਸਮੂਹ ਦੀਆਂ ਇਕਾਈਆਂ ਦੇ ਕਾਰੋਬਾਰ ਨਾਲ ਜੁੜੀਆਂ ਅਜਿਹੀਆਂ ਜਾਣਕਾਰੀਆਂ ਸਨ, ਜੋ ਕਿ ਜਨਤਕ ਰੂਪ ਨਾਲ ਉਪਲਬਧ ਨਹੀਂ ਹਨ।

## ਰੇਪ ਕੈਪੀਟਲ ਕਹਿਣ ਉਤੇ ਉਪ ਰਾਸ਼ਟਰਪਤੀ ਦੀ ਰਾਹੁਲ ਨੂੰ ਇਸ਼ਾਰਿਆਂ ਵਿੱਚ ਨਸੀਹਤ, ਦੇਸ਼ ਦਾ ਨਾਂਅ ਬਦਨਾਮ ਨਾ ਕਰੋ

ਪੁਣੇ, 9 ਦਸੰਬਰ (ਪੋਸਟ ਬਿਊਰੋ)- ਕਾਂਗਰਸ ਨੇਤਾ ਰਾਹੁਲ ਗਾਂਧੀ ਦੇ ਭਾਰਤ ਨੂੰ ਰੇਪ ਕੈਪੀਟਲ ਕਹੇ ਜਾਣ ਉੱਤੇ ਉਪ ਰਾਸ਼ਟਰਪਤੀ ਐੱਮ ਵੈਂਕਈਆ ਨਾਇਡੂ ਨੇ ਉਨ੍ਹਾਂ ਦਾ ਨਾਂਅ ਲਏ ਬਿਨਾਂ ਨਸੀਹਤ ਦਿੱਤੀ ਹੈ। ਵੈਂਕਈਆ ਨਾਇਡੂ ਨੇ ਕਿਹਾ ਕਿ ਸਾਨੂੰ ਆਪਣੇ ਦੇਸ਼ ਦਾ ਨਾਂਅ ਬਦਨਾਮ ਨਹੀਂ ਕਰਨਾ ਚਾਹੀਦਾ। ਉਨ੍ਹਾਂ ਨੇ ਇਹ ਵੀ ਕਿਹਾ ਕਿ ਇਸ ਤਰ੍ਹਾਂ ਦੇ ਘਿਨੌਣੇ ਮਾਮਲਿਆਂ ਵਿੱਚ ਸਾਨੂੰ ਰਾਜਨੀਤੀ ਨਹੀਂ ਕਰਨੀ ਚਾਹੀਦੀ। ਉਪ ਰਾਸ਼ਟਰਪਤੀ ਨੇ ਕਿਹਾ ਕਿ ਨਵਾਂ ਕਾਨੂੰਨ ਲਿਆਉਣਾ ਵੀ ਰੇਪ ਦੀ ਸਮੱਸਿਆ ਦਾ ਹੱਲ ਨਹੀਂ ਅਤੇ ਨਿਰਭਯਾ ਕਾਨੂੰਨ ਇਸ ਦੀ ਮਿਸਾਲ ਹੈ। ਪੁਣੇ ਵਿੱਚ ਇੱਕ ਪ੍ਰੋਗਰਾਮ ਨੂੰ ਸੰਬੋਧਨ ਕਰਦੇ ਹੋਏ ਉਪ ਰਾਸ਼ਟਰਪਤੀ ਨੇ ਕਿਹਾ, ਭਾਰਤੀ ਪ੍ਰੰਪਰਾ 'ਚ ਅਸੀਂ ਔਰਤ ਨੂੰ ਮਾਂ ਅਤੇ ਭੈਣ ਦੇ ਰੂਪ ਵਿੱਚ ਦੇਖਦੇ ਹਾਂ, ਪਰ ਇਨ੍ਹੀਂ ਦਿਨੀਂ ਦੇਸ਼ ਦੇ ਕੁਝ ਹਿੱਸਿਆਂ ਵਿੱਚ ਜੋ ਕੁਝ ਹੋਇਆ ਹੈ, ਉਹ



ਸ਼ਰਮਨਾਕ ਹੈ ਅਤੇ ਸਾਡੇ ਸਾਰਿਆਂ ਲਈ ਚੁਣੌਤੀ ਹੈ। ਇਸ ਦੇ ਹੱਲ ਲਈ ਨਵਾਂ ਕਾਨੂੰਨ ਲਿਆਉਣਾ ਹੱਲ ਨਹੀਂ ਹੈ। ਮੈਂ ਨਵੇਂ ਕਾਨੂੰਨ ਜਾਂ ਬਿੱਲ ਦੇ ਵਿਰੁੱਧ ਨਹੀਂ ਹਾਂ। ਅਸੀਂ ਨਿਰਭਯਾ ਲਈ ਬਿੱਲ ਲਿਆਂਦਾ, ਪਰ ਕੀ ਹੋਇਆ? ਕੀ ਸਮੱਸਿਆ ਦਾ ਹੱਲ ਹੋ ਗਿਆ। ਨਾਇਡੂ ਨੇ ਕਿਹਾ, ਭਾਰਤ ਦਾ ਨਾਂਅ ਖਰਾਬ ਹੋ ਰਿਹਾ ਹੈ, ਕਿਸੇ ਨੇ ਕਿਹਾ ਕਿ ਭਾਰਤ ਫਲਾਣੀ ਚੀਜ਼ ਦੀ ਕੈਪੀਟਲ ਬਣਦਾ ਜਾ ਰਿਹਾ ਹੈ। ਮੈਂ ਇਸ ਵਿੱਚ ਨਹੀਂ ਪੈਣਾ ਚਾਹੁੰਦਾ। ਸਾਨੂੰ ਆਪਣੇ ਦੇਸ ਦੇ ਨਾਂਅ ਬਦਨਾਮ ਨਹੀਂ ਕਰਨਾ ਚਾਹੀਦਾ। ਅਜਿਹੇ ਦਰਿੰਦਗੀ ਦੇ ਮਾਮਲੇ ਵਿੱਚ ਰਾਜਨੀਤੀ ਨਹੀਂ ਕਰਨੀ ਚਾਹੀਦੀ।

ਵਰਨਣ ਯੋਗ ਹੈ ਕਿ ਕਾਂਗਰਸ ਪਾਰਟੀ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਔਰਤਾਂ ਦੀ ਸੁਰੱਖਿਆ ਦਾ ਮੁੱਦਾ ਚੁੱਕ ਕੇ ਪ੍ਰਧਾਨ ਮੰਤਰੀ ਮੋਦੀ 'ਤੇ ਨਿਸ਼ਾਨਾ ਵਿੰਨ੍ਹਦਿਆਂ ਭਾਰਤ ਨੂੰ ਦੁਨੀਆ ਦੀ ਰੇਪ ਕੈਪੀਟਲ ਕਹਿ ਦਿੱਤਾ।

## ਤਾਲਿਬਾਨੀ ਇਨਸਾਫ ਕਿਤੇ ਹੋਰ ਹੋ ਸਕਦਾ ਹੈ, ਭਾਰਤ ਵਿੱਚ ਨਹੀਂ: ਜਸਟਿਸ ਸੋਢੀ

ਨਵੀਂ ਦਿੱਲੀ, 9 ਦਸੰਬਰ (ਪੋਸਟ ਬਿਊਰੋ)- ਹੈਦਰਾਬਾਦ ਵਿੱਚ ਪਸ਼ੂਆਂ ਦੀ ਮਹਿਲਾ ਡਾਕਟਰ ਨਾਲ ਬਲਾਤਕਾਰ ਅਤੇ ਉਸ ਦੀ ਹੱਤਿਆ ਦੇ ਦੋਸ਼ੀਆਂ ਦੇ ਮੁਕਾਬਲੇ ਵਿੱਚ ਮਾਰੇ ਜਾਣ 'ਤੇ ਦਿੱਲੀ ਹਾਈ ਕੋਰਟ ਦੇ ਸਾਬਕਾ ਜੱਜ ਜਸਟਿਸ ਆਰ ਐੱਸ ਸੋਢੀ ਦਾ ਕਹਿਣਾ ਹੈ ਕਿ ਕਿਸੇ ਵੀ ਕੇਸ ਵਿੱਚ ਮੁਲਜ਼ਮਾਂ ਦੀ ਸੁਰੱਖਿਆ ਕਰਨਾ ਪੁਲਸ ਦਾ ਧਰਮ ਹੁੰਦਾ ਹੈ ਅਤੇ ਇਸ ਦੇਸ਼ ਵਿੱਚ ਤਾਲਿਬਾਨੀ ਇਨਸਾਫ ਦੀ ਕੋਈ ਜਗ੍ਹਾ ਨਹੀਂ।



ਜਸਟਿਸ ਸੋਢੀ ਨੇ ਇੱਕ ਇੰਟਰਵਿਊ ਵਿੱਚ ਕਿਹਾ ਕਿ ਅਦਾਲਤ ਨੇ ਚਾਰ ਮੁਲਜ਼ਮਾਂ ਨੂੰ ਪੁਲਸ ਦੀ ਹਿਰਾਸਤ ਵਿੱਚ ਭੇਜਿਆ ਸੀ ਤਾਂ ਉਨ੍ਹਾਂ ਦੀ ਹਿਫਾਜਤ ਕਰਨਾ, ਉਨ੍ਹਾਂ ਦੀ ਦੇਖਭਾਲ ਕਰਨਾ ਪੁਲਸ ਦਾ ਧਰਮ ਸੀ। ਇਹ ਕਹਿ ਦੇਣਾ ਕਿ ਉਹ ਦੌੜ ਰਹੇ ਸਨ। ਉਹ ਦੌੜ ਕਿਵੇਂ ਸਕਦੇ ਹਨ? ਤੁਸੀਂ 15 ਹੋ ਅਤੇ ਉਹ ਚਾਰ ਸਨ। ਤੁਸੀਂ ਕਿਹਾ ਕਿ ਉਨ੍ਹਾਂ ਨੇ ਪੱਥਰ ਮਾਰੇ ਤਾਂ ਤੁਸੀਂ 15 ਆਦਮੀ ਸੀ, ਕੀ ਤੁਸੀਂ ਉਨ੍ਹਾਂ ਨੂੰ ਫੜ ਨਹੀਂ ਸਕਦੇ ਸੀ? ਪੱਥਰ ਨਾਲ ਤੁਹਾਨੂੰ ਸੱਟ ਲੱਗੀ ਤਾਂ ਪੱਥਰ ਮਾਰਨ ਵਾਲਾ ਆਦਮੀ ਕਿੰਨੀ ਦੂਰ ਹੋਵੇਗਾ, ਇਹ ਕਹਾਣੀ ਥੋੜ੍ਹੀ ਜਲਦਬਾਜ਼ੀ ਵਿੱਚ ਬਣਾ ਦਿੱਤੀ ਗਈ। ਆਰਾਮ ਨਾਲ ਬਣਾਉਂਦੇ ਤਾਂ ਥੋੜ੍ਹੀ ਠੀਕ ਲੱਗਦੀ। ਉਨ੍ਹਾਂ ਕਿਹਾ, ਇਹ ਕਹਾਣੀ ਮੈਨੂੰ ਜਚਦੀ ਨਹੀਂ। ਇਹ ਹਿਰਾਸਤ ਵਿੱਚ ਕੀਤੀ ਹੱਤਿਆ ਹੈ। ਕਾਨੂੰਨ ਕਹਿੰਦਾ ਹੈ ਕਿ ਜਾਂਚ ਕਰੋ ਅਤੇ ਜਾਂਚ ਨਿਰਪੱਖ ਹੋਣੀ ਚਾਹੀਦੀ ਹੈ। ਇਹ ਜਾਂਚ ਭਾਵੇਂ ਇਨ੍ਹਾਂ ਦੇ ਵਿਰੁੱਧ ਨਾ ਹੋਵੇ, ਪਰ ਇਹ ਚੀਜ਼ ਕਿਵੇਂ ਹੋਈ, ਕਿੱਥੋਂ ਸ਼ੁਰੂ ਹੋਈ, ਸਭ ਕੁਝ ਜਾਂਚ ਵਿੱਚ ਸਾਹਮਣੇ ਆ ਜਾਵੇਗਾ, ਇਸ ਲਈ ਜਾਂਚ ਹੋਣੀ ਬੇਹੱਦ ਜ਼ਰੂਰੀ ਹੈ। ਜੱਜ ਨੇ ਕਿਹਾ, ਦੂਜੀ ਗੱਲ ਇਹ ਕਿਸ ਨੇ ਕਹਿ ਦਿੱਤਾ ਕਿ ਦੋਸ਼ੀਆਂ ਨੇ ਬਲਾਤਕਾਰ ਕੀਤਾ ਸੀ। ਇਹ ਪੁਲਸ ਕਹਿ ਰਹੀ ਹੈ ਅਤੇ ਮੁਲਜ਼ਮਾਂ ਨੇ ਇਹ ਪੁਲਸ ਦੇ ਸਾਹਮਣੇ ਹੀ ਕਿਹਾ ਹੈ। ਪੁਲਸ ਹਿਰਾਸਤ ਵਿੱਚ ਕਿਸੇ ਤੋਂ ਵੀ ਕੋਈ ਜੁਰਮ ਕਬੂਲ ਕਰਵਾਇਆ ਜਾ ਸਕਦਾ ਹੈ। ਅਜੇ ਇਹ ਸਾਬਤ ਹੀ ਨਹੀਂ ਹੋਇਆ ਕਿ ਉਨ੍ਹਾਂ ਨੇ ਬਲਾਤਕਾਰ ਕੀਤਾ ਸੀ। ਉਹ ਸਾਰੇ ਘੱਟ ਉਮਰ ਦੇ ਬੱਚੇ ਸੀ, ਉਹ ਵੀ ਕਿਸੇ ਦੇ ਬੱਚੇ ਸੀ। ਤੁਸੀਂ ਉਨ੍ਹਾਂ ਦੀ ਜਾਂਚ ਕਰ ਲਈ, ਕੇਸ ਚਲਾ ਲਿਆ ਤੇ ਮਾਰ ਵੀ ਦਿੱਤਾ। ਉਨ੍ਹਾਂ ਕਿਹਾ, ਪੁਲਸ ਅਦਾਲਤੀ ਕਾਰਵਾਈ ਆਪਣੇ ਹੱਥ ਵਿੱਚ ਲੈ ਲਏ ਤਾਂ ਉਸ ਦਾ ਕਦਮ ਕਦੇ ਜਾਇਜ਼ ਨਹੀਂ ਹੋ ਸਕਦਾ। ਜੇ ਪੁਲਸ ਕਾਨੂੰਨ ਦੇ ਵਿਰੁੱਧ ਜਾਵੇਗੀ ਤਾਂ ਉਹ ਵੀ ਉਹੋ ਜਿਹੇ ਮੁਲਜ਼ਮ ਹਨ, ਜਿਹੋ ਜਿਹੇ ਉਹ ਦੋਸ਼ੀ ਸਨ। ਪੁਲਸ ਦਾ ਕੰਮ ਸਿਰਫ ਜਾਂਚ ਕਰਨਾ ਅਤੇ ਜਾਂਚ ਵਿੱਚ ਮਿਲੇ ਤੱਥਾਂ ਨੂੰ ਅਦਾਲਤ ਅੱਗੇ ਰੱਖਣਾ ਹੈ।

## ਦਿੱਲੀ ਵਿੱਚ ਰੋਜ਼ ਛੇ ਔਰਤਾਂ ਨਾਲ ਹੁੰਦਾ ਹੈ ਬਲਾਤਕਾਰ

ਨਵੀਂ ਦਿੱਲੀ, 9 ਦਸੰਬਰ (ਪੋਸਟ ਬਿਊਰੋ)- ਦਿੱਲੀ ਵਿੱਚ ਹਰ ਦੋ ਘੰਟੇ ਵਿੱਚ ਤਿੰਨ ਔਰਤਾਂ ਨਾਲ ਛੇੜਛਾੜ, ਬਲਾਤਕਾਰ ਅਤੇ ਕਿਡਨੈਪਿੰਗ ਸਮੇਤ ਕਈ ਹੋਰ ਤਰ੍ਹਾਂ ਦੇ ਅਪਰਾਧ ਹੋ ਰਹੇ ਹਨ। ਹਰ ਰੋਜ਼ 36 ਮਹਿਲਾਵਾਂ ਕਿਸੇ ਨਾ ਕਿਸੇ ਤਰ੍ਹਾਂ ਦੇ ਅਪਰਾਧ ਦਾ ਸ਼ਿਕਾਰ ਬਣ ਰਹੀਆਂ ਹਨ। ਹਰ ਰੋਜ਼ ਛੇ ਮਹਿਲਾਵਾਂ ਰੇਪ ਤੇ ਨੌਂ ਮਹਿਲਾਵਾਂ ਛੇੜਛਾੜ ਦਾ ਸ਼ਿਕਾਰ ਹੋ ਰਹੀਆਂ ਹਨ। ਖਾਸਤੌਰ ਨਾਲ ਰੇਪ ਅਤੇ ਗੈਂਗਰੇਪ ਦੀ ਗੱਲ ਕੀਤੀ ਜਾਵੇ ਤਾਂ ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਇਨ੍ਹਾਂ ਘਟਨਾਵਾਂ ਵਿੱਚ ਵਾਧਾ ਦਰਜ ਕੀਤਾ ਗਿਆ ਹੈ। ਕਿਡਨੈਪਿੰਗ ਦਾ ਗ੍ਰਾਫ ਵੀ ਵੱਧਿਆ ਹੈ।



ਸਾਲ 2012 ਤੋਂ ਇਸ ਸਾਲ 15 ਨਵੰਬਰ ਤੱਕ ਦਿੱਲੀ ਵਿੱਚ ਇੱਕ ਲੱਖ ਤੋਂ ਵੱਧ ਔਰਤਾਂ ਕਿਸੇ ਨਾ ਕਿਸੇ ਤਰ੍ਹਾਂ ਦੀ ਗੰਭੀਰ ਵਾਰਦਾਤ ਦਾ ਸ਼ਿਕਾਰ ਹੋਈਆਂ ਹਨ। ਇਸ ਵਿੱਚ ਰੇਪ, ਗੈਂਗਰੇਪ, ਛੇੜਛਾੜ, ਕਿਡਨੈਪਿੰਗ, ਪਤੀ ਅਤੇ ਸਹੁਰਿਆਂ ਦੇ ਵੱਲੋਂ ਮਾਰ-ਕੁਟ ਸਮੇਤ ਦਹੇਜ ਹੱਤਿਆ ਵਰਗੇ ਅਪਰਾਧ ਹੋਏ ਹਨ। ਔਰਤਾਂ ਦੇ ਖਿਲਾਫ ਹੋ ਰਹੇ ਅਪਰਾਧਾਂ ਦੀ ਦਿੱਲੀ ਪੁਲਸ ਤੋਂ ਮਿਲੀ ਲਿਸਟ ਦੇ ਮੁਤਾਬਕ 1 ਜਨਵਰੀ 2012 ਤੋਂ ਇਸ 15 ਨਵੰਬਰ 2019 ਤੱਕ ਦਿੱਲੀ ਵਿੱਚ 1,04,176 ਔਰਤਾਂ ਦੇ ਖਿਲਾਫ ਰੇਪ, ਛੇੜਛਾੜ, ਕਿਡਨੈਪਿੰਗ ਅਤੇ ਦਹੇਜ ਹੱਤਿਆ ਵਰਗੀ ਵਾਰਦਾਤਾਂ ਹੋਈਆਂ। ਇਸ ਵਿੱਚ ਸਭ ਤੋਂ ਵੱਧ 34 ਹਜ਼ਾਰ 15 ਵਾਰਦਾਤਾਂ ਔਰਤਾਂ ਨਾਲ ਛੇੜਛਾੜ ਦੀਆਂ ਸਨ, ਜਦਕਿ ਦੂਸਰੇ ਨੰਬਰ 'ਤੇ ਔਰਤਾਂ ਦੀ ਕਿਡਨੈਪਿੰਗ ਦੀ ਘਟਨਾਵਾਂ ਹੋਈਆਂ। ਦਹੇਜ ਪੀੜਤਾਂ ਦੀ ਘਟਨਾਵਾਂ ਵੀ 25 ਹਜ਼ਾਰ ਤੋਂ ਜ਼ਿਆਦਾ ਹੋਈਆਂ। 2018 ਅਤੇ 2019 ਵਿੱਚ ਔਰਤਾਂ ਦੇ ਖਿਲਾਫ ਹੋਏ ਆਪਰਾਧਾਂ ਨੂੰ ਦੇਖਿਆ ਜਾਵੇ ਤਾਂ ਇਸ ਵਿੱਚ ਬਲਾਤਕਾਰ ਅਤੇ ਕਿਡਨੈਪਿੰਗ ਦੀ ਵਾਰਦਾਤਾਂ ਵਿੱਚ ਬੜੌਤੀ ਹੋ ਰਹੀ ਹੈ। 15 ਨਵੰਬਰ ਤੱਕ ਦੇ ਮਿਲੇ ਅੰਕੜਿਆਂ ਮੁਤਾਬਕ ਦਿੱਲੀ ਵਿੱਚ ਹਰ ਰੋਜ਼ ਛੇ ਔਰਤਾਂ ਰੇਪ ਜਾ ਗੈਂਗਰੇਪ ਦਾ ਸ਼ਿਕਾਰ ਹੋਈਆਂ ਅਤੇ ਰੋਜ਼ ਨੌਂ ਔਰਤੋਂ ਨਾਲ ਛੇੜਛਾੜ ਅਤੇ 10 ਮਹਿਲਾਵਾਂ ਨੂੰ ਕਿਡਨੈਪ ਕੀਤਾ ਜਾ ਰਿਹਾ ਹੈ।

## ਨੈਟ ਫਲਿਕਸ ਦਾ ਭਾਰਤੀ ਕੰਟੈਂਟ 'ਤੇ ਫੋਕਸ, 3000 ਕਰੋੜ ਰੁਪਏ ਦਾ ਨਿਵੇਸ਼ ਕਰੇਗਾ

ਨਵੀਂ ਦਿੱਲੀ, 9 ਦਸੰਬਰ (ਪੋਸਟ ਬਿਊਰੋ)- ਨੈਟ ਫਲਿਕਸ ਦੇ ਮੋਢੀ ਅਤੇ ਸੀ ਆਈ ਓ ਰੀਡ ਹੇਸਿੰਟਗਸ ਨੇ ਕੱਲ੍ਹ ਕਿਹਾ ਕਿ ਕੰਪਨੀ ਨੇ ਦੇਸ਼ ਆਪਣੇ ਦਰਸ਼ਕਾਂ ਲਈ ਭਾਰਤੀ ਕੰਟੈਂਟ ਤਿਆਰ ਕਰਨ 'ਤੇ ਵੱਡਾ ਜ਼ੋਰ ਲਗਾਇਆ ਹੈ ਅਤੇ 2019-20 ਵਿੱਚ ਇਸ ਦੇ ਲਈ 3,000 ਕਰੋੜ ਰੁਪਏ ਨਿਵੇਸ਼ ਕੀਤੇ ਜਾ ਰਹੇ ਹਨ।




ਹੇਸਿੰਟਗਸ ਨੇ ਕਿਹਾ ਕਿ ਕੰਪਨੀ ਆਪਣੇ ਭਾਰਤੀ ਕੰਟੈਂਟ ਉੱਤੇ ਅਤੇ ਜ਼ੋਰ ਦੇਣ ਲਈ ਪ੍ਰਤੀਬੱਧ ਹੈ ਅਤੇ ਅਗਲੇ ਮਹੀਨਿਆਂ ਵਿੱਚ ਦਰਸ਼ਕਾਂ ਨੂੰ ਇਹ ਨਜ਼ਰ ਆਵੇਗਾ। ਉਨ੍ਹਾਂ ਨੇ ਕਿਹਾ ਕਿ ਅਸੀਂ 2016 ਵਿੱਚ ਸ਼ੁਰੂਆਤ ਕੀਤੀ ਸੀ ਅਤੇ ਅਸੀਂ ਨਿਵੇਸ਼ ਜਾਰੀ ਰੱਖਿਆ ਹੈ। ਇਸ ਲਈ ਸਾਡੇ ਕੋਲ ਅਮਰੀਕਾ, ਬ੍ਰਿਟੇਨ ਅਤੇ ਸਪੇਨ ਤੋਂ ਕਾਫੀ ਕੰਟੈਂਟ ਹਨ। ਅਸੀਂ ਭਾਰਤੀ ਕੰਟੈਂਟ ਵੀ ਤਿਆਰ ਕਰ ਰਹੇ ਹਾਂ। ਹੇਸਿੰਟਗਸ ਨੇ ਕਿਹਾ ਕਿ ਇਸ ਸਾਲ ਅਤੇ ਅਗਲੇ ਸਾਲ ਅਸੀਂ ਕੰਟੈਂਟ ਤਿਆਰ ਕਰਨ 'ਤੇ 3,000 ਕਰੋੜ ਰੁਪਏ ਖਰਚ ਕਰ ਰਹੇ ਹਨ ਅਤੇ ਲੋਕ ਬਹੁਤ ਸਾਰੀਆਂ ਚੀਜ਼ਾਂ ਸਕਰੀਨ 'ਤੇ ਦੇਖ ਪਾਉਣਗੇ। ਮੁੰਬਈ ਵਿੱਚ ਸਾਡੇ ਕਰੀਬ 100 ਕਰਮਚਾਰੀ ਹੈ ਅਤੇ ਕੁਝ ਹਜ਼ਾਰ ਲੋਕ ਵਿਭਿੰਨ ਪ੍ਰੋਡਕਸ਼ਨ ਵਿੱਚ ਕੰਮ ਕਰਦੇ ਹਨ। ਇਸ ਲਈ ਅਸੀਂ ਅਤੇ ਭਾਰਤੀ ਕੰਟੈਂਟ ਲਿਆਉਣ ਦੀ ਕੋਸ਼ਿਸ਼ ਕਰ ਰਹੇ ਹਾਂ। ਉਨ੍ਹਾਂ ਕਿਹਾ ਕਿ ਭਾਰਤੀ ਨਾਲ ਨੈਟ ਫਲਿਕਸ ਸ਼ੋਅ ਵਿੱਚ ਸਭ ਤੋਂ ਸ਼ਾਨਦਾਰ ਪ੍ਰਦਸ਼ਨ ਕਰਨ ਵਾਲੀ ਸੀਰੀਜ ਵਿੱਚ ਸੈਫਅਲੀ ਖਾਨ ਅਤੇ ਨਵਾਜ਼ੂਦੀਨ ਸਿਦਿਕੀ ਅਭਿਨੀਤ, ਸੈਕਿੰਰਡ ਗੈਮਸ, ਲਿਟਲ ਥਿੰਗਸ ਅਤੇ 'ਦਿੱਲੀ ਕ੍ਰਾਇਮ' ਦੇ ਨਾਮ ਹਨ।

'ਆਰਟੀਕਲ ਬਾਡੀ' ਨੈਟ ਫਲਿਕਸ ਦੇ ਸੰਸਥਾਪਕ ਅਤੇ ਸੀ ਆਈ ਓ ਰੀਡ ਹੇਸਿੰਟਗਸ ਨੇ ਕੱਲ੍ਹ ਕਿਹਾ ਕਿ ਕੰਪਨੀ ਨੇ ਦੇਸ਼ ਵਿੱਚ ਆਪਣੇ ਦਰਸ਼ਕਾਂ ਲਈ ਭਾਰਤੀ ਕੰਟੈਂਟ ਤਿਆਰ ਕਰਨ 'ਤੇ ਵੱਡਾ ਜੋਰ ਲਾਇਆ ਹੈ ਅਤੇ 2019-20 ਵਿੱਚ ਇਸਦੇ ਲਈ 3,000 ਕਰੋੜ ਰੁਪਏ ਨਿਵੇਸ਼ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਨੈਟ ਫਲਿਕਸ ਆਪਣੇ ਭਾਰਤੀ ਕੰਟੈਂਟ 'ਤੇ ਅਤੇ ਜ਼ੋਰ ਦੇਣ ਲਈ ਪ੍ਰਤੀਬੱਦ ਹੈ ਅਤੇ ਅਗਲੇ ਮਹੀਨਿਆਂ ਵਿੱਚ ਦਰਸ਼ਕਾਂ ਨੂੰ ਇਹ ਨਜ਼ਰ ਆਵੇਗਾ। ਉਨ੍ਹਾਂ ਕਿਹਾ ਕਿ ਅਸੀਂ 2016 ਵਿੱਚ ਸ਼ੁਰੂਆਤ ਕੀਤੀ ਸੀ ਅਤੇ ਅਸੀਂ ਨਿਵੇਸ਼ ਜਾਰੀ ਰੱਖਿਆ ਹੈ, ਇਸ ਲਈ ਸਾਡੇ ਕੋਲ ਅਮਰੀਕਾ, ਬ੍ਰਿਟੇਨ ਅਤੇ ਸਪੇਨ ਤੋਂ ਕਾਫੀ ਕੰਟੈਂਟ ਹੈ। ਅਸੀਂ ਭਾਰਤੀ ਕੰਟੈਂਟ ਵੀ ਤਿਆਰ ਕਰ ਰਹੇ ਹਨ।

## ਬੱਚਾ ਨਾ ਹੋਣ ਉਤੇ ਪਤਨੀ ਮਾਰਦੀ ਸੀ ਤਾਅਨੇ, ਇਸ ਲਈ ਬੱਚਾ ਚੋਰੀ ਕਰ ਲਿਆ

ਕੈਥਲ, 9 ਦਸੰਬਰ (ਪੋਸਟ ਬਿਊਰੋ)- ਬਾਲ ਉਪਵਨ ਆਸ਼ਰਮ ਤੋਂ ਡੇਢ ਸਾਲ ਦਾ ਬੱਚਾ ਅਗਵਾ ਕਰਨ ਦੇ ਦੋਸ਼ੀ ਨੂੰ ਸਿਟੀ ਥਾਣਾ ਪੁਲਸ ਨੇ ਕਮੇਟੀ ਚੌਕ ਨੇੜਿਉਂ ਗ੍ਰਿਫਤਾਰ ਕਰ ਲਿਆ, ਜੋ ਬੱਚੇ ਨੂੰ ਨਾਲ ਲੈ ਕੇ ਸਰੰਡਰ ਕਰਨ ਲਈ ਥਾਣੇ ਵਿੱਚ ਆ ਰਿਹਾ ਸੀ। ਦੋਸ਼ੀ ਦੀ ਪਛਾਣ ਡੋਹਰ ਵਾਸੀ ਵਿਕਾਸ ਵਜੋਂ ਹੋਈ ਹੈ, ਜੋ ਬਲਰਾਜ ਨਗਰ ਵਿੱਚ ਕਿਰਾਏ ਦੇ ਮਕਾਨ ਵਿੱਚ ਰਹਿੰਦਾ ਹੈ। ਬੱਚੇ ਦਾ ਅਗਵਾ ਕੀਤੇ ਜਾਣ ਦੀ ਆਪਣੀ ਵੀਡੀਓ ਅਤੇ ਫੋਟੋ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਤੇ ਦੋਸ਼ੀ ਨੂੰ ਫੜੇ ਜਾਣ ਦਾ ਡਰ ਪੈਦਾ ਹੋ ਗਿਆ ਸੀ। ਇਸ ਲਈ ਉਹ ਬੱਚੇ ਨੂੰ ਲੈ ਕੇ ਪੁਲਸ ਕੋਲ ਪਹੁੰਚ ਗਿਆ।

ਪੁੱਛਗਿੱਛ ਵਿੱਚ ਦੋਸ਼ੀ ਨੇ ਖੁਲਾਸਾ ਕੀਤਾ ਕਿ ਉਹ ਵਿਆਹ ਦੇ ਢਾਈ ਸਾਲ ਬਾਅਦ ਵੀ ਪਿਤਾ ਨਹੀਂ ਬਣ ਸਕਿਆ, ਇਸ ਗੱਲ ਉਤੇ ਪਤਨੀ ਨਾਲ ਅਕਸਰ ਝਗੜਾ ਹੁੰਦਾ ਸੀ ਅਤੇ ਪਤਨੀ ਤਾਅਨੇ ਦਿੰਦੀ ਸੀ ਇਸ ਲਈ ਬੱਚਾ ਗੋਦ ਲੈਣ ਦਾ ਫੈਸਲਾ ਕੀਤਾ, ਗੋਦ ਲੈਣ ਦੀ ਪ੍ਰਕਿਰਿਆ ਲੰਬੀ ਦਿਸੀ ਤਾਂ ਉਸ ਨੇ ਆਸ਼ਰਮ ਤੋਂ ਕੁੱਕ ਦੇ ਬੱਚੇ ਨੂੰ ਅਗਵਾ ਕਰ ਲਿਆ। ਐਸ ਪੀ ਵਰਿੰਦਰ ਵਿਜ ਨੇ ਪ੍ਰੈੱਸ ਕਾਨਫਰੰਸ ਕਰ ਕੇ ਪੂਰੇ ਮਾਮਲੇ ਦਾ ਖੁਲਾਸਾ ਕੀਤਾ ਹੈ। ਉਨ੍ਹਾਂ ਦੱਸਿਆ ਕਿ ਸ਼ਨੀਵਾਰ ਸ਼ਾਮ ਨੂੰ ਬਾਲ ਉਪਵਨ ਆਸ਼ਰਮ ਤੋਂ ਕੁੱਕ ਦਾ ਡੇਢ ਸਾਲ ਦਾ ਬੇਟਾ ਲਾਪਤਾ ਹੋ ਗਿਆ ਸੀ। ਆਸ਼ਰਮ ਵਿੱਚ ਲੱਗੇ ਸੀ ਸੀ ਟੀ ਵੀ ਦੀ ਫੁਟੇਜ ਚੈਕ ਕੀਤੀ ਤਾਂ ਇੱਕ ਨੌਜਵਾਨ ਬੱਚੇ ਦਾ ਅਗਵਾ ਕਰਦਾ ਦਿਸਿਆ, ਜੋ ਬੱਚੇ ਨੂੰ ਬਾਈਕ 'ਤੇ ਲੈ ਕੇ ਚਲਾ ਗਿਆ। ਕੇਸ ਦੀ ਗੰਭੀਰਤਾ ਦੇਖ ਕੇ ਜ਼ਿਲਾ ਪੁਲਸ ਬੱਚੇ ਨੂੰ ਲੱਭਣ ਲੱਗ ਗਈ। ਸਾਰੇ ਰਾਹਾਂ ਦੇ ਸੀ ਸੀ ਟੀ ਵੀ ਚੈਕ ਕੀਤੇ ਤਾਂ ਬੱਚੇ ਦਾ ਅਗਵਾ ਕਰਨ ਵਾਲਾ ਨੌਜਵਾਨ ਸਿਟੀ ਥਾਣੇ ਦੇ ਸਾਹਮਣੇ ਤੋਂ ਜਾਂਦਾ ਦਿਸਿਆ। ਉਸ ਬਾਰੇ ਫੁਟੇਜ ਸੋਸ਼ਲ ਮੀਡੀਆ ਉੱਤੇ ਪਾ ਕੇ ਲੋਕਾਂ ਤੋਂ ਸਹਿਯੋਗ ਦੀ ਅਪੀਲ ਕੀਤੀ।

## ਭਾਰਤ ਮੰਦੀ ਦੇ ਦੌਰ 'ਚੋਂ ਲੰਘ ਰਿਹੈ, ਸਭ ਸ਼ਕਤੀਆਂ ਪੀ ਐਮ ਓ ਕੋਲ ਰੱਖਣਾ ਠੀਕ ਨਹੀਂ

ਨਵੀਂ ਦਿੱਲੀ, 9 ਦਸੰਬਰ (ਪੋਸਟ ਬਿਊਰੋ)- ਅਰਥ ਵਿਵਸਥਾ ਦੀ ਰਫ਼ਤਾਰ 'ਚ ਆਈ ਸੁਸਤੀ 'ਤੇ ਭਾਰਤੀ ਰਿਜ਼ਰਵ ਬੈਂਕ ਦੇ ਸਾਬਕਾ ਗਵਰਨਰ ਰਘੂਰਾਮ ਰਾਜਨ ਨੇ ਕਿਹਾ ਹੈ ਕਿ ਦੇਸ਼ ਮੰਦੀ ਦੇ ਦੌਰ ਵਿੱਚੋਂ ਲੰਘ ਰਿਹਾ ਹੈ ਅਤੇ ਅਰਥ ਵਿਵਸਥਾ ਵਿੱਚ ਭਾਰੀ ਸੁਸਤੀ ਦੇ ਸੰਕੇਤ ਹਨ। ਉਨ੍ਹਾਂ ਕਿਹਾ ਕਿ ਇਸ ਦਾ ਮੂਲ ਕਾਰਨ ਅਰਥ ਵਿਵਸਥਾ ਦਾ ਸੰਚਾਲਨ ਪ੍ਰਧਾਨ ਮੰਤਰੀ ਦਫ਼ਤਰ (ਪੀ ਐਮ ਓ) ਰਾਹੀਂ ਹੋਣਾ ਹੈ ਜਦੋਂ ਕਿ ਮੰਤਰੀਆਂ ਕੋਲ ਕੋਈ ਸ਼ਕਤੀ ਨਹੀਂ ਹੈ। ਇੱਕ ਅਖ਼ਬਾਰ 'ਚ ਲਿਖੇ ਲੇਖ ਵਿੱਚ ਅਰਥ ਵਿਵਸਥਾ ਨੂੰ ਮੁਸ਼ਕਲ ਹੋਣਾ ਮੰਨ ਕੇ ਰਾਜਨ ਨੇ ਪੂੰਜੀ ਲਿਆਉਣ ਦੇ ਨਿਯਮਾਂ ਨੂੰ ਉਦਾਰ ਬਣਾਉਣ, ਭੂਮੀ ਤੇ ਕਿਰਤ ਬਾਜ਼ਾਰਾਂ 'ਚ ਸੁਧਾਰ ਅਤੇ ਨਿਵੇਸ਼ ਤੇ ਵਾਧੇ ਨੂੰ ਉਤਸ਼ਾਹਿਤ ਕਰਨ ਦਾ ਸੱਦਾ ਦਿੱਤਾ ਹੈ। ਉਨ੍ਹਾਂ ਸਰਕਾਰ ਨੂੰ ਮੁਕਾਬਲਾ ਵਧਾਉਣ ਅਤੇ ਘਰੇਲੂ ਸਮਰੱਥਾ 'ਚ ਸੁਧਾਰ ਲਿਆਉਣ ਲਈ ਵਿਵੇਕ ਪੂਰਨ ਢੰਗ ਨਾਲ ਮੁਕਤ ਵਪਾਰ ਸਮਝੌਤੇ 'ਚ ਸ਼ਾਮਲ ਹੋਣ ਦਾ ਸੱਦਾ ਦਿੱਤਾ। ਰਘੂਰਾਮ ਰਾਜਨ ਨੇ ਕਿਹਾ ਕਿ



ਕਿੱਥੇ ਗ਼ਲਤੀ ਹੋਈ ਹੈ, ਇਹ ਸਮਝਣ ਲਈ ਸਾਨੂੰ ਮੌਜੂਦਾ ਸਰਕਾਰ ਦੀ ਕੇਂਦਰੀ ਸੋਚ ਨੂੰ ਸਮਝਣ ਦੀ ਜ਼ਰੂਰਤ ਹੈ। ਕੇਵਲ ਫ਼ੈਸਲਾ ਹੀ ਨਹੀਂ ਸਗੋਂ ਵਿਚਾਰ ਤੇ ਯੋਜਨਾ 'ਤੇ ਫ਼ੈਸਲੇ ਵੀ ਪ੍ਰਧਾਨ ਮੰਤਰੀ ਦੇ ਕੁਝ ਨਜ਼ਦੀਕੀ ਲੋਕ ਅਤੇ ਪੀ ਐਮ ਓ ਦੇ ਲੋਕ ਲੈਂਦੇ ਹਨ। ਰਾਜਨ ਨੇ ਲਿਖਿਆ ਕਿ ਪਾਰਟੀ ਦੇ ਰਾਜਨੀਤਕ ਤੇ ਸਮਾਜਿਕ ਏਜੰਡੇ ਲਈ ਇਹ ਸਹੀ ਹੈ ਪਰ ਆਰਥਿਕ ਸੁਧਾਰਾਂ ਦੇ ਕੰਮ 'ਚ ਇਹ ਠੀਕ ਨਹੀਂ ਲੱਗਦਾ, ਜਿੱਥੇ ਅਜਿਹੇ ਲੋਕਾਂ ਨੂੰ ਇਹ ਪਤਾ ਨਹੀਂ ਕਿ ਸੂਬਾ ਪੱਧਰ ਤੋਂ ਵੱਖ ਕੇਂਦਰ ਪੱਧਰ 'ਤੇ ਅਰਥਵਿਵਸਥਾ ਕਿਵੇਂ ਕੰਮ ਕਰਦੀ ਹੈ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਦਾ ਗੱਠਜੋੜ ਢਿੱਲਾ ਹੋ ਸਕਦਾ ਹੈ ਪਰ ਉਨ੍ਹਾਂ ਨੇ ਲਗਾਤਾਰ ਅਰਥਵਿਵਸਥਾ ਦੇ ਉਦਾਰੀਕਰਨ ਦਾ ਰਾਹ ਚੁਣਿਆ ਸੀ।

## ਦੇਸ਼ ਵਿੱਚ 57 ਫੀਸਦੀ ਕੂੜੇ ਦਾ ਹੁੰਦੈ ਨਿਪਟਾਰਾ, ਛੱਤੀਸਗੜ੍ਹ ਸਭ ਤੋਂ ਅੱਗੇ

ਨਵੀਂ ਦਿੱਲੀ, 9 ਦਸੰਬਰ (ਪੋਸਟ ਬਿਊਰੋ)- ਆਵਾਸ ਅਤੇ ਸ਼ਹਿਰੀ ਵਿਕਾਸ ਮੰਤਰਾਲੇ ਨੇ ਸਵੱਛ ਭਾਰਤ ਮੁਹਿੰਮ ਹੇਠ ਕੂੜਾ ਪ੍ਰਬੰਧ ਨੂੰ ਬਿਹਤਰ ਬਣਾਉਣ ਲਈ ਦੇਸ਼ ਦੇ 93 ਫੀਸਦੀ ਨਗਰ ਪਾਲਿਕਾ ਇਲਾਕਿਆਂ 'ਚ ਘਰ-ਘਰ ਜਾ ਕੇ ਕੂੜਾ ਇਕੱਠਾ ਕਰਵਾਉਣ 'ਚ ਸਫਲਤਾ ਹਾਸਲ ਕਰ ਲਈ ਦੱਸੀ ਜਾਂਦੀ ਹੈ, ਪਰ ਪੂਰੇ ਦੇਸ਼ 'ਚ ਹਾਲੇ ਤੱਕ ਵੀ ਕੂੜਾ ਨਿਪਟਾਰੇ ਦਾ ਪੱਧਰ 57 ਫੀਸਦੀ ਤੱਕ ਹੀ ਪਹੁੰਚ ਸਕਿਆ ਹੈ।



ਮੰਤਰਾਲਾ ਦੇ ਅਧਿਕਾਰਤ ਅੰਕੜਿਆਂ ਅਨੁਸਾਰ ਸ਼ਹਿਰੀ ਇਲਾਕਿਆਂ ਵਿੱਚ ਮੌਜੂਦ ਕੁੱਲ 84 ਹਜ਼ਾਰ ਤੋਂ ਵੱਧ ਨਗਰ ਪਾਲਿਕਾ ਵਰਾਡ 'ਚੋਂ 79 ਹਜ਼ਾਰ ਤੋਂ ਵੱਧ (93) ਫੀਸਦੀ ਵਾਰਡ ਵਿੱਚ ਘਰ ਘਰ ਜਾ ਕੇ ਕੂੜਾ ਇਕੱਠਾ ਕੀਤਾ ਜਾਣ ਲੱਗਾ ਹੈ। ਕੂੜੇ ਦੇ ਨਿਪਟਾਰੇ ਬਾਰੇ ਮੰਤਰਾਲੇ ਦੇ ਅਨੁਸਾਰ ਛੱਤੀਸਗੜ੍ਹ ਸਾਰੇ ਰਾਜਾਂ 'ਚ ਅੱਗੇ ਹੈ। ਮੰਤਰਾਲੇ ਦੀ ਰਿਪੋਰਟ ਅਨੁਸਾਰ ਦੇਸ਼ ਵਿੱਚ ਪ੍ਰਤੀ ਦਿਨ 1.48 ਲੱਖ ਟਨ ਕੂੜਾ ਨਿਕਲਦਾ ਹੈ। ਇਸ ਵਿੱਚ 57 ਫੀਸਦੀ ਕੂੜੇ ਦਾ ਨਿਪਟਾਰਾ ਕਰ ਕੇ ਇਸ ਨੂੰ ਦੁਬਾਰਾ ਵਰਤੋਂ 'ਚ ਲਿਆਂਦਾ ਜਾਂਦਾ ਹੈ। ਮੰਤਰਾਲੇ ਨੇ ਮੰਨਿਆ ਕਿ ਬਾਕੀ ਕੂੜਾ ਸਾਰੇ ਸ਼ਹਿਰਾਂ ਵਿੱਚ ਮੌਜੂਦ ਕੂੜਾ ਡੰਪਿਗ ਗਰਾਊਂਡ ਵਿੱਚ ਭੇਜ ਦਿੱਤਾ ਜਾਂਦਾ ਹੈ।








## ਕੈਂਸਰ ਤੋਂ ਬਚਾਉਣ ਦੇ ਨਾਲ ਪਿਆਜ਼ ਦਿਲ ਨੂੰ ਹੈਲਦੀ ਰੱਖਦੈ

ਨਵੀਂ ਦਿੱਲੀ, 9 ਦਸੰਬਰ (ਪੋਸਟ ਬਿਊਰੋ)- ਸਰਦੀਆਂ ਵਿੱਚ ਹਰਾ ਪਿਆਜ਼ ਬਹੁਤ ਸੌਖ ਨਾਲ ਮਿਲ ਜਾਂਦਾ ਹੈ। ਸਿਰਫ ਹਰੇ ਪਿਆਜ਼ ਤੇ ਆਲੂ ਨੂੰ ਮਿਲਾ ਕੇ ਬਣਾਈ ਸਬਜ਼ੀ ਦਾ ਸਵਾਦ ਅਜਿਹਾ ਹੁੰਦਾ ਹੈ ਕਿ ਬੱਚੇ ਵੀ ਇਸ ਨੂੰ ਆਸਾਨੀ ਨਾਲ ਖਾ ਲੈਂਦੇ ਹਨ। ਕੋਸ਼ਿਸ਼ ਕਰੋ ਕਿ ਤੁਸੀਂ ਪਿਆਜ਼ ਨੂੰ ਆਪਣੇ ਖਾਣੇ ਦਾ ਹਿੱਸਾ ਜ਼ਰੂਰ ਬਣਾਉਂਦੇ ਰਹੋ, ਕਿਉਂਕਿ ਇਹ ਕੈਂਸਰ ਤੋਂ ਬਚਾਉਣ ਦੇ ਨਾਲ ਦਿਲ ਨੂੰ ਹੈਲਦੀ ਰੱਖਣ ਵਿੱਚ ਮਦਦ ਕਰਦਾ ਹੈ।

ਹਰੇ ਪਿਆਜ਼ ਵਿੱਚ ਮੌਜੂਦ ਐਂਟੀ ਆਕਸੀਡੈਂਟਸ ਗੁਣ, ਡੀ ਐਨ ਏ ਅਤੇ ਸੈਲਸ ਦੇ ਟਿਸ਼ੂ ਨੂੰ ਹੋਣ ਵਾਲੇ ਨੁਕਸਾਨ ਨੂੰ ਰੋਕਦਾ ਹੈ। ਇਸ ਵਿੱਚ ਮੌਜੂਦ ਵਿਟਾਮਿਨ 'ਸੀ' ਕੋਲੈਸਟ੍ਰਾਲ ਅਤੇ ਬਲੈਡ ਸ਼ੂਗਰ ਦੇ ਸਤਰ ਨੂੰ ਘੱਟ ਕਰਦਾ ਹੈ ਜੋ ਦਿਲ ਦੀ ਬੀਮਾਰੀ ਦੇ ਖਤਰੇ ਨੂੰ ਘੱਟ ਕਰਦਾ ਹੈ। ਹਰੇ ਪਿਆਜ਼ ਵਿੱਚ ਏਲਿਲ ਸਲਫਾਇਡ ਨਾਮ ਦਾ ਸ਼ਕਤੀਸ਼ਾਲੀ ਸਲਫਰ ਕੰਪਾਊਂਡ ਹੁੰਦਾ ਹੈ ਜੋ ਕੋਲੋਨ ਕੈਂਸਰ ਨੂੰ ਰੋਕਣ ਵਿੱਚ ਮਦਦ ਕਰਦਾ ਹੈ। ਇਸਦੇ ਫਲੇਵੋਨੋਇਡਸ ਤੱਤਵ ਜੈਨਥੀਨ ਆਕਸੀਡੇਸ ਏਨਜਾਇਮ ਦਾ ਸਰੀਰ ਵਿੱਚ ਉਤਪਾਦਨ ਕਰਦੇ ਹਨ ਜੋ ਡੀ ਐਨ ਏ ਅਤੇ ਸੈਲਸ ਨੂੰ ਹੋਣ ਵਾਲੇ ਨੁਕਸਾਨ ਨੂੰ ਰੋਕਦੇ ਹਨ। ਹਰੇ ਪਿਆਜ਼ ਵਿੱਚ ਵਿਟਾਮਿਨ 'ਸੀ' ਅਤੇ 'ਕੇ' ਹੁੰਦੀ ਹੈ ਜੋ ਹੱਡੀਆਂ ਨੂੰ ਸੁਤਾਰੂ ਰੂਪ ਨਾਲ ਕੰਮ ਕਰਨ ਵਿੱਚ ਮਦਦਗਾਰ ਹੁੰਦਾ ਹੈ। ਵਿਟਾਮਿਨ 'ਸੀ' ਜਿੱਥੇ ਹੱਡੀਆਂ ਵਿੱਚ ਮੌਜੂਦ ਕੋਲੇਜਨ ਨੂੰ ਵਧਾਉਂਦੇ ਹੋਏ ਉਨ੍ਹਾਂ ਨੂੰ ਮਜ਼ਬੂਤ ਬਣਾ ਦਿੰਦਾ ਹੈ, ਉਥੇ ਹੀ ਵਿਟਾਮਿਨ 'ਕੇ' ਤੋਂ ਬੋਨ ਡੈਨਿਸਟੀ (ਹੱਡੀਆਂ ਦੀ ਸਘਨਤਾ) ਨੂੰ ਬਣਾਏ ਰੱਖਣ ਵਿੱਚ ਮਦਦ ਮਿਲਦੀ ਹੈ ਜੋ ਹੱਡੀਆਂ ਨੂੰ ਮਜ਼ਬੂਤੀ ਦਿੰਦਾ ਹੈ। ਏਨਟੀ-ਬੈਕਟੀਰਿਅਲ ਅਤੇ ਏਨਟੀ-ਵਾਅਰਲ ਪ੍ਰਾਪਟ੍ਰੀਜ ਵਾਲਾ ਹਰਾ ਪਿਆਜ਼ ਫਲੂ, ਇਨਫੈਕਸ਼ਨ ਅਤੇ ਵਾਅਰਲ ਦੇ ਵਾਅਰਸ ਤੋਂ ਸਰੀਰ ਦਾ ਬਚਾਵ ਕਰਦਾ ਹੈ। ਇਹ ਸਰੀਰ ਦੇ ਸਾਂਹ ਦੇ ਮੰਤਰ ਨੂੰ ਵੀ ਸਵਸਥ ਰੱਖਦਾ ਹੈ।

## ਹਾਂਗਕਾਂਗ 'ਚ ਸਰਕਾਰ ਵਿਰੋਧੀ ਪ੍ਰਦਰਸ਼ਨਾਂ ਦੇ ਛੇ ਮਹੀਨੇ ਪੂਰੇ ਹੋਣ 'ਤੇ ਲੋਕਾਂ ਵੱਲੋਂ ਮਾਰਚ

ਹਾਂਗਕਾਂਗ, 9 ਦਸੰਬਰ (ਪੋਸਟ ਬਿਊਰੋ)- ਹਾਂਗਕਾਂਗ ਸਿਵਲ ਹਿਊਮਨ ਰਾਈਟਸ ਫਰੰਟ ਵੱਲੋਂ ਵਿਕਟੋਰੀਆ ਪਾਰਕ ਵਿਖੇ ਹਵਾਲਗੀ ਬਿੱਲ ਮਸਲੇ ਤੋਂ ਸ਼ੁਰੂ ਹੋਏ ਸਰਕਾਰ ਵਿਰੋਧੀ ਪ੍ਰਦਰਸ਼ਨ ਦੇ ਛੇ ਮਹੀਨੇ ਪੂਰੇ ਹੋਣ ਅਤੇ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਦਿਵਸ ਨੂੰ ਸਮਰਪਿਤ ਵਿਸ਼ਾਲ ਰੈਲੀ ਪਿੱਛੋਂ ਲੱਖਾਂ ਲੋਕਾਂ ਨੇ ਸੈਂਟਰਲ ਦੇ ਚਾਰਟਰ ਗਾਰਡਨ ਤੱਕ ਮਾਰਚ ਕੀਤਾ। ਪੁਲਸ ਦੀ ਮਨਜ਼ੂਰੀ ਨਾਲ ਕੱਢੇ ਗਏ ਇਸ ਸ਼ਾਂਤਮਈ ਮਾਰਚ 'ਚ ਲੋਕਾਂ ਵੱਲੋਂ ਅਮਰੀਕੀ ਝੰਡੇ ਲਹਿਰਾਉਂਦਿਆਂ 'ਆਜ਼ਾਦੀ ਲਈ ਹਾਂਗਕਾਂਗ ਨਾਲ ਖੜ੍ਹੋ' ਅਤੇ 'ਪੰਜਾਂ ਮੰਗਾਂ ਤੋਂ ਇੱਕ ਵੀ ਘੱਟ ਨਹੀਂ ਦੇ ਨਾਅਰੇ ਲਾ ਕੇ 'ਗਲੋਰੀ ਆਫ ਹਾਂਗਕਾਂਗ' ਗੀਤ ਗਾਇਆ ਗਿਆ। ਇਸ ਮਾਰਚ ਤੋਂ ਪਹਿਲਾਂ ਭਾਵੇਂ ਪੁਲਸ



ਵੱਲੋਂ ਕੁਝ ਅਸਲੇ ਸਮੇਤ 11 ਬੰਦੇ ਫੜਨ ਦੀਆਂ ਖਬਰਾਂ ਸਨ ਪਰ ਮਾਰਚ ਬਿਲਕੁਲ ਸ਼ਾਂਤਮਈ ਹੋਣ ਕਾਰਨ ਇਸ ਵਿੱਚ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਹਾਂਗਕਾਂਗ ਵਸਦੇ ਹਰ ਭਾਈਚਾਰੇ ਵੱਲੋਂ ਸ਼ਮੂਲੀਅਤ ਕੀਤੀ ਗਈ।

ਅਮਰੀਕਾ ਵਿੱਚ ਹਾਂਗਕਾਂਗ ਡੈਮੋਕਰੇਸੀ ਐਕਟ ਪਾਸ ਹੋਣ ਤੋਂ ਬਾਅਦ ਹਾਂਗਕਾਂਗ ਦੀ 'ਸਪੈਸ਼ਲ ਸਟੇਟਸ' ਅਧੀਨ ਚੱਲ ਰਹੀ ਸਾਲਾਨਾ ਸਮੀਖਿਆ ਦੇ ਲਿਹਾਜ਼ ਨਾਲ ਇਸ ਮਾਰਚ ਨੂੰ ਬਹੁਤ ਅਹਿਮ ਮੰਨਿਆ ਜਾ ਰਿਹਾ ਹੈ। ਸਿਵਲ ਹਿਊਮਨ ਰਾਈਟਸ ਫਰੰਟ ਦੇ ਕਨਵੀਨਰ ਜਿੰਮੀ ਸ਼ਮ ਨੇ ਆਪਣੇ ਭਾਸ਼ਣ ਵਿੱਚ ਹਾਂਗਕਾਂਗ ਵਿੱਚ ਕਰੀਬ 6000 ਤੋਂ ਵੱਧ ਗ੍ਰਿਫਤਾਰ ਲੋਕਾਂ, ਰੋਹਿੰਗਿਆ ਮੁਸਲਮਾਨਾਂ, ਕੁਰਦਿਸ਼ ਮਸਲੇ ਅਤੇ ਚੀਨ ਵਿੱਚ ਉਈਗਰ ਮੁਸਲਮਾਨਾਂ ਦੇ ਸਮੇਤ ਵਿਸ਼ਵ ਵਿੱਚ ਮਨੁੱਖੀ ਅਧਿਕਾਰਾਂ ਦੇ ਘਾਣ ਦੇ ਹੋਰ ਮਸਲਿਆਂ ਖਿਲਾਫ ਆਵਾਜ਼ ਬੁਲੰਦ ਕੀਤੀ ਅਤੇ ਕਿਹਾ ਕਿ ਹਾਂਗਕਾਂਗ ਦੇ ਖੁਦਮੁਖਤਿਆਰੀ ਦੇ ਸਮਰਥਨ ਵਿੱਚ ਵਿਸ਼ਵ ਦੇ ਬਹੁਤਾਤ ਦੇਸ਼ ਹਾਂਗਕਾਂਗ ਦੀ ਹਮਾਇਤ ਵਿੱਚ ਹਨ। ਪ੍ਰਬੰਧਕਾਂ ਵੱਲੋਂ ਮਾਰਚ ਵਿੱਚ ਹਾਜ਼ਰ ਲੋਕਾਂ ਦੀ ਗਿਣਤੀ 800,000 ਲੱਖ ਦੇ ਕਰੀਬ ਦੱਸੀ ਗਈ, ਜਦੋਂ ਕਿ ਪੁਲਸ ਮੁਤਾਬਕ ਇਹ 1,83,00 ਸੀ।

## ਰਾਸ਼ਟਰਪਤੀ ਉਮੀਦਵਾਰੀ ਦੀ ਦੌੜ 'ਚ ਬਿਡੇਨ ਸਭ ਤੋਂ ਅੱਗੇ

ਵਾਸ਼ਿੰਗਟਨ, 9 ਦਸੰਬਰ (ਪੋਸਟ ਬਿਊਰੋ)- ਜ਼ਿਆਦਾ ਉਮਰ ਅਤੇ ਅਤਿ ਉਦਾਰਵਾਦੀ ਹੋਣ ਦੀਆਂ ਅਲੋਚਨਾਵਾਂ ਵਿਚਾਲੇ ਜੋ ਬਿਡੇਨ ਵਿਰੋਧੀ ਡੈਮੋਕ੍ਰੇਟਿਕ ਪਾਰਟੀ ਵੱਲੋਂ ਰਾਸ਼ਟਰਪਤੀ ਦੀ ਦੌੜ ਵਿੱਚ ਸਭ ਤੋਂ ਮਜ਼ਬੂਤ ਉਮੀਦਵਾਰ ਬਣ ਕੇ ਉਭਰੇ ਹਨ। ਪਿਛਲੇ ਇੱਕ ਹਫਤੇ ਦੀ ਚੋਣ ਮੁਹਿੰਮ ਦੌਰਾਨ 77 ਸਾਲਾ ਸਾਬਕਾ ਉਪ ਰਾਸ਼ਟਰਪਤੀ ਨੇ ਹਮਲਾਵਰ ਤੇਵਰ ਵੀ ਦਿਖਾਏ ਹਨ। ਅਮਰੀਕਾ ਵਿੱਚ ਅਗਲੇ ਸਾਲ ਨਵੰਬਰ 'ਚ ਰਾਸ਼ਟਰਪਤੀ ਚੋਣਾਂ ਹੋਣੀਆਂ ਹਨ।



ਡੈਮੋਕ੍ਰੇਟਿਕ ਪਾਰਟੀ ਦਾ ਉਮੀਦਵਾਰ ਤੈਅ ਕਰਨ ਲਈ ਪ੍ਰਾਇਮਰੀ ਚੋਣ ਤਹਿਤ ਸਭ ਤੋਂ ਪਹਿਲਾਂ ਆਯੋਵਾ ਅਤੇ ਨਿਊਹੈਂਪਸ਼ਾਇਰ ਵਿੱਚ ਵੋਟਾਂ ਪਈਆਂ ਜਾਣਗੀਆਂ। ਇਨ੍ਹਾਂ ਦੋਵਾਂ ਹੀ ਥਾਵਾਂ 'ਤੇ ਹਾਲਾਂਕਿ ਬਿਡੇਨ ਚੌਥੀ ਥਾਂ ਚੱਲ ਰਹੇ ਹਨ ਪਰ ਰਾਸ਼ਟਰੀ ਸੰਦਰਭ ਵਿੱਚ ਉਨ੍ਹਾਂ ਨੂੰ 28 ਫੀਸਦੀ ਲੋਕਾਂ ਦਾ ਸਮਰਥਮ ਹਾਸਲ ਹੈ ਅਤੇ ਉਹ ਆਪਣੇ ਵਿਰੋਧੀ ਬਰਨੀ ਸੈਂਡਰਸ (16 ਫੀਸਦੀ) ਅਤੇ ਏਲਿਜ਼ਾਬੈਥ ਵਾਰੇਨ (14 ਫੀਸਦੀ) ਤੋਂ ਅੱਗੇ ਚੱਲ ਰਹੇ ਹਨ।ਬਿਡੇਨ ਨੂੰ ਇਸ ਹਫਤੇ ਰਾਸ਼ਟਰਪਤੀ ਚੋਣ ਲੜ ਚੁੱਕੇ ਜੌਹਨ ਕੇਰੀ ਦਾ ਵੀ ਸਮਰਥਨ ਮਿਲ ਗਿਆ ਹੈ। ਵਰਜੀਨੀਆ ਯੂਨੀਵਰਸਿਟੀ ਦੇ ਸੈਂਟਰ ਫਾਰ ਪਾਲੀਟਿਕਸ ਦੇ ਨਿਰਦੇਸ਼ਕ ਲੈਰੀ ਸਬਾਟੋ ਦਾ ਕਹਿਣਾ ਹੈ ਕਿ ਡੈਮੋਕ੍ਰੇਟ ਕਿਸੇ ਵੀ ਕੀਮਤ 'ਤੇ ਟਰੰਪ ਨੂੰ ਹਰਾਉਣਾ ਚਾਹੁੰਦੇ ਹਨ ਅਤੇ ਜ਼ਿਆਦਾਤਰ ਦਾ ਮੰਨਣਾ ਹੈ ਕਿ ਬਿਡੇਨ ਕੋਲ ਅਜਿਹਾ ਕਰਨ ਦਾ ਸਭ ਤੋਂ ਚੰਗਾ ਮੌਕਾ ਹੈ।

## ਮੈਕਸੀਕੋ ਦੇ ਰਾਸ਼ਟਰਪਤੀ ਪੈਲੇਸ ਨੇੜੇ ਗੋਲ਼ੀਬਾਰੀ, ਚਾਰ ਦੀ ਮੌਤ




ਮੈਕਸੀਕੋ ਸਿਟੀ, 9 ਦਸੰਬਰ (ਪੋਸਟ ਬਿਊਰੋ)- ਮੈਕਸੀਕੋ ਦੇ ਰਾਸ਼ਟਰਪਤੀ ਦੀ ਰਿਹਾਇਸ਼ ਨੈਸ਼ਨਲ ਪੈਲੇਸ ਨੇੜੇ ਹੋਈ ਗੋਲ਼ੀਬਾਰੀ ਵਿੱਚ ਚਾਰ ਲੋਕਾਂ ਦੀ ਮੌਤ ਹੋ ਗਈ ਅਤੇ ਕਈ ਹੋਰ ਜ਼ਖਮੀ ਹੋ ਗਏ।

ਰਾਸ਼ਟਰਪਤੀ ਐਂਡਰਸ ਮੈਨੂਅਲ ਲੋਪੇਜ਼ ਓਬਰੇਡਰ ਨੇ ਪਿਛਲੇ ਸਾਲ ਇਹ ਪੈਲਸ ਛੱਡ ਦਿੱਤਾ ਸੀ ਅਤੇ ਇਸ ਨੂੰ ਅਜਾਇਬਘਰ ਬਣਾ ਦਿੱਤਾ ਗਿਆ ਹੈ। ਮੈਕਸੀਕੋ ਸਿਟੀ ਪੁਲਸ ਅਨੁਸਾਰ ਉਨ੍ਹਾਂ ਨੂੰ ਇਹ ਵੀ ਅਲਰਟ ਮਿਲਿਆ ਸੀ ਕਿ ਰਾਸ਼ਟਰਪਤੀ ਪੈਲੇਸ ਨੇੜੇ ਗੋਲ਼ੀਬਾਰੀ ਕੀਤੀ ਗਈ ਹੈ। ਜਦੋਂ ਪੁਲਸ ਮੌਕੇ 'ਤੇ ਪੁੱਜੀ ਤਾਂ ਉਥੇ ਕਈ ਲੋਕ ਸੜਕ 'ਤੇ ਜ਼ਖ਼ਮੀ ਹਾਲਤ 'ਚ ਪਏ ਸਨ ਜਿਨ੍ਹਾਂ ਦੇ ਗੋਲੀਆਂ ਵੱਜੀਆਂ ਹੋਈਆਂ ਸਨ ਤੇ ਹਮਲਾਵਰ ਉਥੇ ਗੰਨ ਲੈ ਕੇ ਖੜਾ ਸੀ। ਪੁਲਸ ਨੇ ਉਸ ਨੂੰ ਹਥਿਆਰ ਸੁੱਟਣ ਲਈ ਕਿਹਾ, ਪ੍ਰੰਤੂ ਉਸ ਨੇ ਪੁਲਸ 'ਤੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਜਵਾਬੀ ਫਾਇਰਿੰਗ ਕਰਨ ਵਿੱਚ ਹਮਲਾਵਰ ਮੌਕੇ 'ਤੇ ਮਾਰਿਆ ਗਿਆ। ਚਾਰ ਗੰਭੀਰ ਜ਼ਖ਼ਮੀਆਂ ਦੀ ਵੀ ਬਾਅਦ ਵਿੱਚ ਮੌਤ ਹੋ ਗਈ। ਦੂਜੇ ਜ਼ਖ਼ਮੀਆਂ ਨੂੰ ਇਲਾਜ ਲਈ ਹਸਪਤਾਲ ਦਾਖਲ ਕਰਵਾਇਆ ਗਿਆ ਹੈ।

## ਸੂਰਜ ਦੇ ਭੇਦਾਂ ਤੋਂ ਪਰਦਾ ਚੁੱਕਣ ਵਾਲੇ ਅੰਕੜੇ ਭੇਜੇ ਹਨ ਪਾਰਕਰ ਸੋਲਰ ਪ੍ਰੋਬ ਨੇ

ਵਾਸ਼ਿੰਗਟਨ, 9 ਦਸੰਬਰ (ਪੋਸਟ ਬਿਊਰੋ)- ਸੂਰਜ ਦੇ ਸਭ ਤੋਂ ਨਜ਼ਦੀਕ ਜਾਣ ਵਾਲੇ ਨਾਸਾ ਦੇ ਪੁਲਾੜੀ ਜਹਾਜ਼ ਪਾਰਕਰ ਸੋਲਰ ਪ੍ਰੋਬ ਨੇ ਅਜਿਹੇ ਅੰਕੜੇ ਭੇਜੇ ਹਨ ਜਿਨ੍ਹਾਂ ਤੋਂ ਸੂਰਜੀ ਹਵਾ ਅਤੇ ਪੁਲਾੜੀ ਮੌਸਮ ਦੇ ਬਾਰੇ ਬਹੁਤ ਸਾਰੇ ਸੰਕੇਤ ਮਿਲੇ ਹਨ। ਇਹ ਸੰਕੇਤ ਨੇਚਰ ਜਰਨਲ ਵਿੱਚ ਛਪੇ ਹਨ ਅਤੇ ਇਹ ਸੂਰਜ ਬਾਰੇ ਲੰਬੇ ਸਮੇਂ ਤੋਂ ਬਣੇ ਕਈ ਭੇਦਾਂ ਤੋਂ ਪਰਦਾ ਚੁੱਕ ਸਕਦੇ ਹਨ। ਇਸ ਪੁਲਾੜ ਜਹਾਜ਼ ਨੇ ਇਹ ਜਾਣਕਾਰੀ ਇਕੱਠੀ ਕੀਤੀ ਹੈ ਕਿ ਕਿਉਂ ਸੂਰਜ ਦਾ ਵਾਤਾਵਰਣ ਉਸ ਦੀ ਸਤ੍ਹਾ ਦੇ ਮੁਕਾ-ਬਲੇ ਸੈਂਕੜੇ ਗੁਣਾ ਜ਼ਿਆਦਾ ਗਰਮ ਹੁੰਦਾ ਹੈ।



ਵਰਨਣ ਯੋਗ ਹੈ ਕਿ ਇਹ ਪੁਲਾੜੀ ਜਹਾਜ਼ ਅਗਸਤ 2018 ਵਿੱਚ ਭੇਜਿਆ ਗਿਆ ਸੀ ਅਤੇ ਸੂਰਜ ਦੇ ਵਾਤਾਵਰਣ ਵਿੱਚ ਅਜੇ ਤਕ ਤਲਾਸ਼ੇ ਨਾ ਗਏ ਹਿੱਸਿਆਂ ਦੇ ਤੈਅ ਕੀਤੇ 24 ਚੱਕਰਾਂ ਵਿੱਚੋਂ ਤਿੰਨ ਪੂਰਾ ਕਰ ਚੁੱਕਾ ਹੈ। ਇਸ ਤਰ੍ਹਾਂ ਦੀਆਂ ਖੋਜਾਂ ਨਾਲ ਉਨ੍ਹਾਂ ਪਦਾਰਥਾਂ ਅਤੇ ਕਣਾਂ ਬਾਰੇ ਨਵੀਂ ਜਾਣਕਾਰੀ ਮਿਲਦੀ ਹੈ, ਜੋ ਸੂਰਜ ਤੋਂ ਬਾਹਰ ਨਿਕਲਦੇ ਹਨ। ਇਹ ਖੋਜ ਸੂਰਜ ਦੇ ਬਾਰੇ ਫਿਜ਼ਿਕਸ ਦੇ ਕਈ ਤਰ੍ਹਾਂ ਦੇ ਸਵਾਲਾਂ ਦਾ ਜਵਾਬ ਦਿੰਦੀ ਹੈ। ਅਮਰੀਕੀ ਪੁਲਾੜ ਏਜੰਸੀ ਦੇ ਅਨੁਸਾਰ ਖੋਜ ਇਹ ਸਮਝਣ ਵਿੱਚ ਮਦਦ ਕਰਦਾ ਹੈ ਕਿ ਤਾਰੇ ਕਿਵੇਂ ਬਣਦੇ ਹਨ ਅਤੇ ਕਿਵੇਂ ਵਿਕਸਿਤ ਹੁੰਦੇ ਹਨ।

## ਟਰੰਪ ਉਤੇ ਮਹਾਦੋਸ਼ ਚਲਾਉਣ ਨੂੰ ਮਨਜ਼ੂਰੀ ਮਿਲ ਗਈ

ਵਾਸ਼ਿੰਗਟਨ, 9 ਦਸੰਬਰ (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਟਰੰਪ ਦੇ ਖਿਲਾਫ ਮਹਾਦੋਸ਼ ਮਤੇ ਉਤੇ ਪਾਰਲੀਮੈਂਟ ਦੀ ਜੁਡੀਸ਼ਲ ਕਮੇਟੀ ਵਿਚਾਰ ਕਰ ਰਹੀ ਹੈ, ਪਰ ਉਸ ਤੋਂ ਪਹਿਲਾਂ ਪ੍ਰਤੀਨਿਧੀ ਸਭਾ ਦੀ ਸਪੀਕਰ ਨੈਂਸੀ ਪੇਲੋਸੀ ਨੇ ਸਦਨ ਵਿੱਚ ਇਸ ਚਰਚਾ ਨੂੰ ਹਰੀ ਝੰਡੀ ਦੇ ਦਿੱਤੀ ਹੈ। ਸਭ ਕੁਝ ਤੈਅ ਪ੍ਰੋਗਰਾਮ ਮੁਤਾਬਕ ਹੋਇਆ ਤਾਂ ਪਾਰਲੀਮੈਂਟ ਦੀ ਵਿਰੋਧੀ ਧਿਰ ਡੈਮੋਕ੍ਰੇਟਿਕ ਪਾਰਟੀ ਦੇ ਬਹੁਮਤ ਵਾਲੇ ਇਸ ਹੇਠਲੇ ਸਦਨ ਵਿੱਚ ਡੋਨਾਲਡ ਟਰੰਪ 'ਤੇ ਲੱਗੇ ਦੋਸ਼ਾਂ 'ਤੇ ਕ੍ਰਿਸਮਸ (25 ਦਸੰਬਰ) ਦੇ ਆਸਪਾਸ ਵੋਟਿੰਗ ਵੀ ਕਰਵਾਈ ਜਾ ਸਕਦੀ ਹੈ।



ਪ੍ਰਤੀਨਿਧੀ ਸਭਾ ਦੀ ਸਪੀਕਰ ਨੈਨਸ਼ੀ ਪੇਲੋਸੀ ਨੇ ਕੱਲ੍ਹ ਕਿਹਾ, ਰਾਸ਼ਟਰਪਤੀ ਡੋਨਾਲਡ ਟਰੰਪ ਦੇ ਖਿਲਾਫ ਮਹਾਦੋਸ਼ ਦੇ ਕੇਸ ਵਿੱਚ ਪ੍ਰਤੀਨਿਧੀ ਸਭਾ ਅੱਗੇ ਵਧੇਗੀ। ਇਹ ਅਸੀਂ ਦੁਖੀ ਮਨ ਨਾਲ ਕਰਾਂਗੇ, ਪਰ ਇਹ ਕੰਮ ਸਾਨੂੰ ਪੂਰੇ ਵਿਸ਼ਵਾਸ ਨਾਲ ਪੂਰਾ ਕਰਨਾ ਹੋਵ-ੇਗਾ। ਰਾਸ਼ਟਰਪਤੀ ਨੇ ਸੰਵਿਧਾਨ ਦੀ ਗੰਭੀਰ ਉਲੰਘਣਾ ਕੀਤੀ ਹੈ। ਕੇਸ ਟਰੰਪ ਦੇ ਸਾਬਕਾ ਉਪ ਰਾਸ਼ਟਰਪਤੀ ਜੋ ਬਿਡੇਨ ਖਿਲਾਫ ਯੂਕਰੇਨ ਵਿੱਚ ਜਾਂਚ ਸ਼ੁਰੂ ਕਰਵਾਉਣ ਦੀ ਕੋਸ਼ਿਸ਼ ਦਾ ਹੈ। ਟਰੰਪ ਨੇ ਇਸ ਲਈ ਯੂਕਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜੈਲੇਂਸਕੀ ਉਤੇ ਦਬਾਅ ਪਾਇਆ ਸੀ। ਕਿਹਾ ਜਾਂਦਾ ਹੈ ਕਿ ਜੋ ਬਿਡੇਨ ਡੈਮੋਕ੍ਰੇਟਿਕ ਪਾਰਟੀ ਵੱਲੋਂ 2020 ਦੀਆਂ ਚੋਣਾਂ ਵਿੱਚ ਟਰੰਪ ਦੇ ਖਿਲਾਫ ਉਮੀਦਵਾਰ ਬਣ ਸਕਦੇ ਹਨ, ਇਸ ਲਈ ਟਰੰਪ ਨੇ ਉਨ੍ਹਾਂ ਦਾ ਰਸਤਾ ਰੋਕਣ ਲਈ ਉਨ੍ਹਾਂ ਨੂੰ ਜਾਂਚ ਵਿੱਚ ਫਸਾਉਣ ਦੀ ਕੋਸ਼ਿਸ਼ ਕੀਤੀ ਹੈ। ਟਰੰਪ ਅਤੇ ਜੈਲੇਂਸਕੀ ਵਿਚਾਲੇ ਟੈਲੀਫੋਨ ਗੱਲਬਾਤ ਨੂੰ ਕਈ ਅਧਿਕਾਰੀਆਂ ਨੇ ਸੁਣਿਆ। ਉਨ੍ਹਾਂ ਵਿੱਚੋਂ ਇੱਕ ਅਧਿਕਾਰੀ ਨੇ ਵ੍ਹਿਸਲ ਬਲੋਅਰ ਦੇ ਰੂਪ ਵਿੱਚ ਡੈਮੋਕ੍ਰੇਟਿਕ ਨੇਤਾਵਾਂ ਨੂੰ ਪੂਰੀ ਗੱਲ ਦੱਸੀ ਅਤੇ ਉਸੇ ਤੋਂ ਬਾਅਦ ਟਰੰਪ 'ਤੇ ਮਹਾਦੋਸ਼ ਚਲਾਉਣ ਦੀ ਰੂਪ-ਰੇਖਾ ਬਣੀ। ਦੋ-ਤਿਹਾਈ ਬਹੁਮਤ ਨਾਲ ਸੰਸਦ ਨੇ ਮਤਾ ਪਾਸ ਕਰ ਦਿੱਤਾ ਤਾਂ ਟਰੰਪ ਨੂੰ ਰਾਸ਼ਟਰਪਤੀ ਅਹੁਦਾ ਛੱਡਣਾ ਪਵੇਗਾ।

## ਜਨਰਲ ਮੁਸ਼ੱਰਫ ਦੇ ਖਿਲਾਫ ਦੇਸ਼ ਧ੍ਰੋਹ ਦੇ ਕੇਸ ਦਾ ਫੈਸਲਾ 17 ਨੂੰ

ਲਾਹੌਰ, 9 ਦਸੰਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਸਾਬਕਾ ਰਾਸ਼ਟਰਪਤੀ ਜਨਰਲ (ਸੇਵਾ ਮੁਕਤ) ਪਰਵੇਜ਼ ਮੁਸ਼ੱਰਫ ਦੇ ਖਿਲਾਫ ਗੰਭੀਰ ਦੇਸ਼-ਧ੍ਰੋਹ ਦੇ ਕੇਸ ਵਿੱਚ ਇਸਲਾਮਾ-ਬਾਦ ਦਾ ਇੱਕ ਵਿਸ਼ੇਸ਼ ਅਦਾਲਤ 17 ਦਸੰਬਰ ਨੂੰ ਆਪਣਾ ਫੈਸਲਾ ਸੁਣਾ ਦੇਵੇਗੀ। ਕੱਲ੍ਹ ਸਰਕਾਰੀ ਵਕੀਲ ਦੀਆਂ ਦਲੀਲਾਂ ਸੁਣਨ ਪਿੱਛੋਂ ਵਿਸ਼ੇਸ਼ ਅਦਾਲਤ ਨੇ ਕਿਹਾ ਕਿ ਉਹ ਇਸ ਕੇਸ ਵਿੱਚ ਆਪਣਾ ਫੈਸਲਾ ਅਗਲੀ 17 ਦਸੰਬਰ ਨੂੰ ਦੱਸ ਦੇਵੇਗੀ।



ਪਿਛਲੇ ਹਫਤੇ ਅਦਾਲਤ ਨੇ ਨਿਰਦੇਸ਼ ਦਿੱਤਾ ਸੀ ਕਿ 76 ਸਾਲਾ ਜਨਰਲ ਪਰਵੇਜ਼ ਮੁਸ਼ੱਰਫ 5 ਦਸੰਬਰ ਨੂੰ ਆ ਕੇ ਆਪਣਾ ਬਿਆਨ ਦਰਜ ਕਰਵਾਉਣ। ਮੁਸ਼ੱਰਫ ਨੇ ਆਪਣੀ ਸਿਹਤ ਦਾ ਹਵਾਲਾ ਦੇ ਕੇ ਅਦਾਲਤ ਦਾ ਇਹ ਹੁਕਮ ਸਵੀਕਾਰ ਨਹੀਂ ਕੀਤਾ। ਦੱਸਿਆ ਜਾਂਦਾ ਹੈ ਕਿ ਇਸ ਕੇਸ 'ਚ ਵਿਸ਼ੇਸ਼ ਅਦਾਲਤ 28 ਨਵੰਬਰ ਨੂੰ ਆਪਣਾ ਫੈਸਲਾ ਸੁਣਾਉਣ ਵਾਲੀ ਸੀ, ਪਰ ਮੁਸ਼ੱਰਫ ਤੇ ਪਾਕਿਸਤਾਨ ਸਰਕਾਰ ਦੀ ਅਪੀਲ 'ਤੇ ਇਸਲਾਮਾਬਾਦ ਹਾਈ ਕੋਰਟ ਨੇ ਵਿਸ਼ੇਸ਼ ਅਦਾਲਤ ਨੂੰ ਫੈਸਲਾ ਸੁਣਾਉਣ ਤੋਂ ਰੋਕ ਦਿੱਤਾ ਸੀ। ਇਸ ਦੇ ਨਾਲ ਇਸਲਾਮਾਬਾਦ ਹਾਈ ਕੋਰਟ ਨੇ ਮਾਮਲੇ ਦੀ ਸੁਣਵਾਈ 5 ਦਸੰਬਰ ਨੂੰ ਕਰਨ ਲਈ ਵੀ ਕਿਹਾ ਸੀ, ਜਿਸ ਤੋਂ ਬਾਅਦ ਇਸਲਾਮਾਬਾਦ ਦੀ ਵਿਸ਼ੇਸ਼ ਅਦਾਲਤ ਨੇ ਮੁਸ਼ੱਰਫ ਨੂੰ 5 ਦਸੰਬਰ ਨੂੰ ਇਸ ਕੇਸ 'ਚ ਆਪਣੇ ਬਿਆਨ ਦਰਜ ਕਰਨ ਦੇ ਨਿਰਦੇਸ਼ ਦਿੱਤੇ ਸਨ। ਮੁਸ਼ੱਰਫ ਨੇ ਦੁਬਈ ਦੇ ਅਮਰੀਕਨ ਹਸਪਤਾਲ ਤੋਂ ਆਪਣੀ ਸਿਹਤ ਬਾਰੇ ਵੀਡੀਓ ਸੰਦੇਸ਼ ਜਾਰੀ ਕਰ ਕੇ ਕਿਹਾ ਕਿ ਉਨ੍ਹਾਂ ਦੀ ਸਿਹਤ ਬਹੁਤ ਖਰਾਬ ਹੈ ਅਤੇ ਕਮਿਸ਼ਨ ਉਨ੍ਹਾਂ ਦਾ ਬਿਆਨ ਲੈਣ ਦੁਬਈ ਆ ਸਕਦਾ ਹੈ। ਇਸ ਦੇ ਨਾਲ ਉਨ੍ਹਾਂ ਨੇ ਦੋਸ਼ ਲਾਇਆ ਕਿ ਉਨ੍ਹਾਂ ਨੂੰ ਇਨਸਾਫ ਨਹੀਂ ਦਿੱਤਾ ਜਾ ਰਿਹਾ ਅਤੇ ਨਾ ਹੀ ਉਨ੍ਹਾਂ ਦੇ ਵਕੀਲ ਦੀਆਂ ਦਲੀਲਾਂ ਸੁਣੀਆਂ ਜਾ ਰਹੀਆਂ ਹਨ।

## ਗੁਰਦੁਆਰਿਆਂ ਵਿੱਚ ਦੰਗਾ ਪੀੜਤਾਂ ਲਈ '1984 ਸਟੋਰ' ਖੁੱਲ੍ਹਣਗੇ

ਨਵੀਂ ਦਿੱਲੀ, 9 ਦਸੰਬਰ (ਪੋਸਟ ਬਿਊਰੋ)- ਸਿੱਖ ਵਿਰੋਧੀ ਦੰਗਿਆਂ ਦੇ ਪੀੜਤ ਪਰਵਾਰਾਂ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਕਰਨ ਲਈ ਦਿੱਲੀ ਸਿੱਖ ਗੁਰ-ਦੁਆਰਾ ਪ੍ਰਬੰਧਕ ਕਮੇਟੀ (ਡੀ ਐਸ ਜੀ ਪੀ ਸੀ) ਨੇ ਇਤਿਹਾਸਕ ਗੁਰਦੁਆਰਿਆਂ ਵਿੱਚ '1984 ਸਟੋਰ' ਨਾਂ ਨਾਲ ਦੁਕਾਨਾਂ ਖੋਲ੍ਹਣ ਦਾ ਫੈਸਲਾ ਕੀਤਾ ਹੈ। ਇਨ੍ਹਾਂ ਨੂੰ ਪੀੜਤ ਪਰਵਾਰਾਂ ਦੇ ਮੈਂਬਰ ਸੰਭਾਲਣਗੇ। ਇਸ ਮਹੀਨੇ ਦੇ ਅੰਤ ਤੱਕ ਗੁਰਦੁਆਰਾ ਬੰਗਲਾ ਸਾਹਿਬ 'ਚ ਅਤੇ ਜਨਵਰੀ 'ਚ ਗੁਰਦੁਆਰਾ ਰਕਾਬੰਗਜ ਸਾਹਿਬ ਵਿੱਚ ਦੁਕਾਨਾਂ ਸ਼ੁਰੂ ਹੋ ਜਾਣਗੀਆਂ। ਅਗਲੇ ਸਾਲ ਦੇ ਅੰਤ ਤੱਕ ਦਿੱਲੀ ਦੇ ਦਸ ਇਤਿਹਾਸਕ ਗੁਰਦੁਆਰਿਆਂ ਵਿੱਚ ਇਸ ਤਰ੍ਹਾਂ ਦੀਆਂ ਦੁਕਾਨਾਂ ਖੁੱਲ੍ਹ ਜਾਣਗੀਆਂ, ਇਹ ਯਕੀਨੀ ਕੀਤਾ ਜਾਵੇਗਾ।

ਡੀ ਐਸ ਜੀ ਪੀ ਸੀ ਦੇ ਪ੍ਰਧਾਨ ਮਨ-ਜੰਦਰ ਸਿੰਘ ਸਿਰਸਾ ਨੇ ਕਿਹਾ ਕਿ 1984 ਦੇ ਸਿੱਖ ਵਿਰੋਧੀ ਦੰਗਾ ਪੀੜਤ ਪਰਵਾਰਾਂ ਨੂੰ ਨਿਯਮਤ ਆਮਦਨ ਦਿਵਾਉਣ ਇਹ ਯਤਨ ਕੀਤਾ ਜਾ ਰਿਹਾ ਹੈ ਜਿਸ ਨਾਲ ਕਿ ਸਰਕਾਰ ਤੇ ਹੋਰ ਸੰਗਠਨਾਂ 'ਤੇ ਉਨ੍ਹਾਂ ਦੀ ਨਿਰਭਰਤਾ ਖ਼ਤਮ ਹੋ ਸਕੇ। ਪੀੜਤ ਪਰਵਾਰ ਸਮੂਹਿਕ ਰੂਪ ਵਿੱਚ ਇਨ੍ਹਾਂ ਦੁਕਾਨਾਂ ਦਾ ਸੰਚਾਲਨ ਕਰਨਗੇ। ਆਮਦਨ ਪੀੜਤ ਪਰਵਾਰਾਂ ਦੇ ਵਿਕਾਸ 'ਤੇ ਖਰਚ ਹੋਵੇਗੀ। ਇਨ੍ਹਾਂ ਦੁਕਾਨਾਂ ਵਿੱਚ ਚੌਲ, ਆਟਾ ਅਤੇ ਹੋਰ ਘਰੇਲੂ ਵਰਤੋਂ ਵਾਲਾ ਸਾਮਾਨ ਮਿਲੇਗਾ ਅਤੇ ਸਬੰਧਿਤ ਸਾਹਿਤ, ਸੀਡੀਜ਼ ਤੇ ਹੋਰ ਵਸਤਾਂ ਦੀ ਵਿਕਰੀ ਕੀਤੀ ਜਾਵੇਗੀ।

FIRST CHOICE FINANCIAL LIMITED
TRUCK LOANS
ਟੱਰਕ ਲੌਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada

For more Information Contact
Rajdeep: 647.707.4167
Office: 905.678.2424

## ਸਾਲ ਵਿੱਚ ਦੋ ਵਾਰ ਇੰਜੈਕਸ਼ਨ ਲਾਉਣ ਨਾਲ ਕੋਲੈਸਟ੍ਰੋਲ ਕੰਟਰੋਲ ਹੋਵੇਗਾ

ਲੰਡਨ, 9 ਦਸੰਬਰ (ਪੋਸਟ ਬਿਊਰੋ)- ਦੁਨੀਆ ਭਰ ਵਿੱਚ ਵੱਡੀ ਗਿਣਤੀ ਲੋਕ ਕੋਲੈਸਟ੍ਰੋਲ ਦੀ ਸਮਸਿਆ ਨਾਲ ਜੂਝ ਰਹੇ ਹਨ ਤੇ ਇਸ ਦੇ ਲਈ ਉਨ੍ਹਾਂ ਨੂੰ ਰੋਜ਼ ਸਟੈਟਿਨ ਲੈਣ ਦੀ ਜ਼ਰੂਰਤ ਪੈਂਦੀ ਹੈ। ਜਲਦੀ ਹੀ ਇਹ ਗੁਜਰੇ ਜਮਾਨੇ ਦੀ ਗੱਲ ਹੋ ਜਾਵੇਗੀ। ਕੋਲੈਸਟ੍ਰੋਲ ਨੂੰ ਕੰਟਰੋਲ ਕਰਨ ਲਈ ਦਵਾਈ ਖਾਣ ਦੀ ਲੋੜ ਨਹੀਂ ਹੋਵੇਗੀ, ਬਲਕਿ ਸਾਲ ਵਿੱਚ ਸਿਰਫ ਦੋ ਵਾਰ ਇੰਜੈਕਸ਼ਨ ਲਾਉਣ ਨਾਲ ਹੀ ਕੋਲੈਸਟ੍ਰੋਲ ਕੰਟਰੋਲ ਹੋ ਜਾਵੇਗਾ।

ਇੰਜੈਕਸ਼ਨ ਨਾਲ ਇਕਿਲਸਿਰਾਨ ਨਾਂਅ ਦੀ ਦਵਾਈ ਨੂੰ ਸਾਲ ਵਿੱਚ ਦੋ ਵਾਰ ਦੇਣ ਨਾਲ ਬੈਡ ਕੋਲੈਸਟ੍ਰੋਲ ਦੇ ਪੱਧਰ ਨੂੰ ਸਰੀਰ ਨਾਲ ਘਟ ਕੀਤਾ ਜਾ ਸਕਦਾ ਹੈ। ਇਸ ਦਵਾਈ ਦੀ ਪਰਖ ਕੀਤੀ ਜਾ ਚੁੱਕੀ ਹੈ। ਇੱਕ ਇੰਜੈਕਸ਼ਨ ਲੈਣ ਦੇ ਦੋ ਹਫਤੇ ਬਾਅਦ ਸਰੀਰ ਤੋਂ ਕੋਲੈਸਟ੍ਰੋਲ ਦੀ ਮਾਤਰਾ 50 ਫੀਸਦੀ ਤੱਕ ਘਟ ਹੋ ਜਾਂਦੀ ਹੈ ਅਤੇ ਅਗਲੇ ਛੇ ਮਹੀਨੇ ਤੱਕ ਇਹ ਦਵਾਈ ਇਸ ਦੇ ਪੱਧਰ ਨੂੰ ਕੰਟਰੋਲ ਰਖਦੀ ਹੈ। ਮਾਹਰਾਂ ਨੂੰ ਆਸ ਹੈ ਕਿ 18 ਮਹੀਨਿਆਂ ਦੇ ਅੰਦਰ ਇਸ ਇੰਜੈਕਸ਼ਨ ਨੂੰ ਸਾਰੇ ਤਰ੍ਹਾਂ ਦੀ ਆਗਿਆ ਮਿਲ ਜਾਵੇਗੀ ਅਤੇ ਇਸ ਲਾਗੂ ਕੀਤਾ ਜਾ ਸਕੇਗਾ। ਅੱਜ ਕੱਲ੍ਹ ਵਿਗਿਆਨਿਕ ਸਾਲ ਵਿੱਚ ਸਿਰਫ ਇੱਕ ਵਾਰ ਲਈ ਜਾਣ ਵਾਲੀ ਦਵਾਈ ਦੀ ਖੋਜ ਵਿੱਚ ਲੱਗੇ ਹੋਏ ਹਨ। ਇਮਪੀਰੀਅਲ ਕਾਲੇਜ ਆਫ ਲੰਡਨ ਦੇ ਪ੍ਰੋਫੈਸਰ ਅਤੇ ਮੁੱਖ ਖੋਜੀ ਕੌਸ਼ਿਸ਼ ਰੇਅ ਨੇ ਕਿਹਾ ਕਿ ਇਹ ਇੰਜੈਕਸ਼ਨ ਸਭ ਕੁਝ ਬਦਲ ਦੇਣ ਵਾਲਾ ਹੈ। ਮਰੀਜ਼ ਇੰਜੈਕਸ਼ਨ ਨਾਲ ਰੋਜ਼ ਦਵਾਈ ਖਾਣ ਦੇ ਝੰਜਟ ਤੋਂ ਮੁਕਤੀ ਪਾ ਸਕਦਾ ਹੈ। ਬ੍ਰਿਟਿਸ਼ ਹਾਰਟ ਫਾਊਂਡੇਸ਼ਨ ਦੇ ਨੀਲੇਸ਼ ਸਾਮਾਨੀ ਨੇ ਕਿਹਾ ਕਿ ਇਸ ਨੂੰ ਕਿਸੇ ਦਵਾਈ ਦੀ ਦੁਕਾਨ ਉੱਤੇ ਜਾ ਕੇ ਜਾਂ ਘਰ ਵਿੱਚ ਖੁਦ ਲਿਆ ਜਾ ਸਕੇਗਾ। ਇਹ ਇੰਜੈਕਸ਼ਨ ਸਭ ਤੋਂ ਪਹਿਲਾ ਉਨ੍ਹਾਂ ਮਰੀਜ਼ਾਂ ਨੂੰ ਲਾਇਆ ਜਾਵੇਗਾ ਜੋ ਰੋਜ਼ ਦਵਾ ਖਾ ਰਹੇ ਹਨ ਅਤੇ ਉਨ੍ਹਾਂ ਨੂੰ ਕੋਈ ਫਾਇਦਾ ਨਹੀਂ ਮਿਲ ਰਿਹਾ। ਇਸ ਦੇ ਇਲਾਵਾ ਇਸ ਇੰਜੈਕਸ਼ਨ ਤੋਂ ਉਨ੍ਹਾਂ ਮਰੀਜ਼ਾਂ ਨੂੰ ਲਾਭ ਮਿਲੇਗਾ ਜੋ ਕਦੀ-ਕਦੀ ਆਪਣੀ ਦਵਾ ਖਾਣਾ ਭੁੱਲ ਜਾਂਦੇ ਹਨ।

## ਕਿਸ਼ਤੀ ਪਲਟਣ ਨਾਲ 58 ਪਰਵਾਸੀਆਂ ਦੀ ਮੌਤ

ਡਕਾਰ, 9 ਦਸੰਬਰ (ਪੋਸਟ ਬਿਊਰੋ)- ਗਾਂਬੀਆ ਤੋਂ ਆ ਰਹੀ ਇੱਕ ਕਿਸ਼ਤੀ ਦੇ ਮਾਰੀਤਾਨੀਆ ਨੇੜੇ ਪਲਟ ਜਾਣ ਕਾਰਨ ਤੋਂ ਘੱਟ 58 ਲੋਕਾਂ ਦੀ ਮੌਤ ਹੋ ਗਈ ਤੇ ਕਈ ਹੋਰ ਲੋਕ ਇਸ ਦੌਰਾਨ ਲਾਪਤਾ ਹੋ ਗਏ। ਇਸ ਦੇ ਪਲਟਣ ਮਗਰੋਂ ਕਈ ਪਰਵਾਸੀ ਤਰ ਕੇ ਮਾਰੀਤਾਨੀਆ ਪਹੁੰ-ਚੇ, ਜਿੱਥੇ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ ਤੇ ਦੇਖਭਾਲ ਕੀਤੀ ਜਾ ਰਹੀ ਹੈ। ਕਿਸ਼ਤੀ ਇੱਕ ਹਫਤਾ ਪਹਿਲਾਂ ਗਾਂਬੀਆ ਤੋਂ ਚੱਲੀ ਤਾਂ ਇਸ ਵਿੱਚ ਔਰਤਾਂ ਤੇ ਬੱਚਿਆਂ ਸਣੇ 150 ਲੋਕ ਸਨ।



ਯੂ ਐੱਨ ਸ਼ਰਨਾਰਥੀ ਏਜੰਸੀ ਦੀ ਮਾਰੀਤਾਨੀਆ ਵਿੱਚ ਮੁਹਿੰਮ ਦੀ ਮੁਖੀ ਲੌਰਾ ਲੁੰਗਾਰੋਟੀ ਨੇ ਕਿਹਾ ਹੈ ਕਿ ਕੈਨਰੀ ਟਾਪੂ ਵੱਲ ਜਾ ਰਹੀ ਕਿਸ਼ਤੀ ਤੇਲ ਅਤੇ ਭੋਜਨ ਲੈਣ ਮਾਰੀਤਾਨੀਆ ਤੱਟ ਵੱਲ ਚੱਲੀ ਸੀ। ਉਨ੍ਹਾਂ ਕਿਹਾ ਕਿ ਕਈ ਲੋਕ ਡੁੱਬ ਗਏ ਹਨ ਅਤੇ ਜੋ ਲੋਕ ਬਚੇ, ਉਹ ਤਰ ਕੇ ਮਾਰੀਤਾਨੀਆ ਦੇ ਤੱਟ 'ਤੇ ਪਹੁੰਚ ਗਏ। ਏਜੰਸੀ ਮੁਤਾਬਕ ਘੱਟੋ ਘੱਟ 83 ਲੋਕ ਤਰ ਕੇ ਤੱਟ 'ਤੇ ਆ ਗਏ। ਕਈ ਲੋਕਾਂ ਨੂੰ ਹਸਪਤਾਲ ਦਾਖਲ ਕਰਾਇਆ ਗਿਆ ਹੈ। ਅਜੇ ਇਹ ਸਪੱਸ਼ਟ ਨਹੀਂ ਹੋ ਸਕਿਆ ਹੈ ਕਿ ਕਿੰਨੇ ਲੋਕ ਲਾਪਤਾ ਹਨ। ਜ਼ਿੰਦਾ ਬਚੇ ਲੋਕਾਂ ਨੇ ਦੱਸਿਆ ਕਿ ਉਹ 27 ਨਵੰਬਰ ਨੂੰ ਗਾਂਬੀਆ ਤੋਂ ਰਵਾਨਾ ਹੋਏ ਸਨ। ਇਸ ਬਾਰੇ ਗਾਂਬੀਆ ਦਾ ਕੋਈ ਅਧਿਕਾਰਤ ਬਿਆਨ ਨਹੀਂ ਆਇਆ, ਜਿੱਥੇ ਹਜ਼ਾਰਾਂ ਲੋਕ ਯੂਰਪ ਪਹੁੰਚਣ ਦੀ ਆਸ ਵਿੱਚ ਹਾਲ ਵਿੱਚ ਰਵਾਨਾ ਦੀ ਉਮੀਦ ਵਿੱਚ ਹਾਲ ਵਿੱਚ ਰਵਾਨਾ ਹੋਏ ਹਨ।

# ਅਕਾਲੀ ਦਲ ਦੇ ਪ੍ਰਧਾਨ ਦਾ ਗੁਰੂ ਨਗਰੀ ਵਿਖੇ ਪਾਰਟੀ ਦਾ ਦਫ਼ਤਰ ਖੋਲ੍ਹਣ ਦਾ ਦਾਅਵਾ ਠੁੱਸ!



ਅੰਮ੍ਰਿਤਸਰ, 9 ਦਸੰਬਰ (ਪੋਸਟ ਬਿਊਰੋ)- ਗੁਰੂ ਨਗਰੀ ਅੰਮ੍ਰਿਤਸਰ ਵਿਖੇ 99 ਸਾਲ ਪਹਿਲਾਂ 14 ਦਸੰਬਰ 1920 ਨੂੰ ਹੋਂਦ ਵਿੱਚ ਆਏ ਸ਼੍ਰੋਮਣੀ ਅਕਾਲੀ ਦਲ ਦਾ ਕਈ ਦਹਾਕਿਆਂ ਤੱਕ ਮੁੱਖ ਦਫ਼ਤਰ ਦਰਬਾਰ ਸਾਹਿਬ ਦੇ ਅੰਦਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫ਼ਤਰ ਦੇ ਨੇੜੇ ਚੱਲਦਾ ਰਿਹਾ ਸੀ, ਪਰ 1984 ਮਗਰੋਂ ਪਾਰਟੀ ਨੇ ਇਹ ਦਫ਼ਤਰ ਬੰਦ ਕਰ ਦਿੱਤਾ ਸੀ ਤੇ ਉਦੋਂ ਤੋਂ ਪਾਰਟੀ ਸਰਗਰਮੀਆਂ ਦਾ ਮੁੱਖ ਕੇਂਦਰ ਚੰਡੀਗੜ੍ਹ ਬਣਿਆ ਹੋਇਆ ਹੈ। ਅਕਾਲੀ ਲੀਡਰਸ਼ਿਪ ਨੇ ਦੋ ਵਰ੍ਹੇ ਪਹਿਲਾਂ ਅਕਾਲੀ ਦਲ ਦਾ 97ਵਾਂ ਸਥਾਪਨਾ ਦਿਵਸ ਦਰਬਾਰ ਸਾਹਿਬ ਵਿੱਚ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਮਨਾਇਆ ਸੀ ਤੇ ਇਸ ਮੌਕੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਦਾ ਮੁੱਖ ਦਫ਼ਤਰ ਫਿਰ ਅੰਮ੍ਰਿਤਸਰ ਵਿਖੇ ਖੋਲ੍ਹਣ ਦਾ ਵਾਅਦਾ ਕੀਤਾ ਸੀ, ਪਰ ਦੋ ਸਾਲ ਬੀਤ ਜਾਣ 'ਤੇ ਵੀ ਇਹ ਕੰਮ ਨਹੀਂ ਹੋਇਆ।

ਅਸਲ ਵਿੱਚ ਪਿਛਲੇ ਸਾਲ ਸ਼੍ਰੋਮਣੀ ਅਕਾਲੀ ਦਲ ਦਾ 98ਵਾਂ ਸਥਾਪਨਾ ਦਿਵਸ ਪੰਜਾਬ ਦੇ ਵੱਖ-ਵੱਖ ਵਿਧਾਨ ਸਭਾ ਹਲਕਿਆਂ 'ਚ ਮਨਾਇਆ ਗਿਆ ਸੀ ਤੇ ਇਸ ਵਾਰ ਪਾਰਟੀ ਨੇ 99ਵਾਂ ਸਥਾਪਨਾ ਦਿਵਸ ਅੰਮ੍ਰਿਤਸਰ ਵਿਖੇ ਮਨਾਉਣ ਦਾ ਫੈਸਲਾ ਕੀਤਾ ਸੀ। ਪਤਾ ਲੱਗਾ ਹੈ ਕਿ ਇਸ ਸਬੰਧੀ 12 ਦਸੰਬਰ ਨੂੰ ਪਾਠ ਰੱਖਿਆ ਜਾਵੇਗਾ ਤੇ 14 ਦਸੰਬਰ ਨੂੰ ਸਵੇਰੇ ਭੋਗ ਪੈਣ ਪਿੱਛੋਂ ਸ਼ਬਦ ਕੀਰਤਨ ਹੋਵੇਗਾ। ਵਰਕਰਾਂ ਨੂੰ ਆਸ ਹੈ ਕਿ ਸ਼ਾਇਦ ਇਸ ਵਾਰ ਪਾਰਟੀ ਦੇ ਸਥਾਪਨਾ ਦਿਵਸ 'ਤੇ ਪਾਰਟੀ ਪ੍ਰਧਾਨ ਅੰਮ੍ਰਿਤਸਰ ਵਿਖੇ ਪਾਰਟੀ ਦਾ ਮੁੱਖ ਦਫ਼ਤਰ ਮੁੜ ਤੋਂ ਖੋਲ੍ਹਣ ਸਬੰਧੀ ਦੋ ਸਾਲ ਪਹਿਲਾਂ ਕੀਤਾ ਵਾਅਦਾ ਪੂਰਾ ਕਰ ਦੇਣ, ਪਰ ਇਹ ਵਾਅਦਾ ਪੂਰਾ ਹੁੰਦਾ ਦਿਖਾਈ ਨਹੀਂ ਦੇ ਰਿਹਾ।

# ਭਰਾ ਤੇ ਭਾਬੀ ਦੇ ਹੱਤਿਆਰੇ ਨੂੰ ਅਗੇਤੀ ਰਿਹਾਈ ਨਹੀਂ ਮਿਲੀ



ਚੰਡੀਗੜ੍ਹ, 9 ਦਸੰਬਰ (ਪੋਸਟ ਬਿਊਰੋ)- ਜੇਲ੍ਹ ਵਿਭਾਗ ਵੱਲੋਂ ਲੁਧਿਆਣਾ ਕੇਂਦਰੀ ਜੇਲ੍ਹ ਵਿੱਚ ਦੋਹਰੇ ਕਤਲ ਦੇ ਦੋਸ਼ ਹੇਠ ਸਜ਼ਾ ਭੁਗਤ ਰਹੇ ਇੱਕ ਕੈਦੀ ਦੀ ਅਗੇਤੀ ਰਿਹਾਈ ਦੀ ਮੰਗ ਕਰਨ ਵਾਲੀ ਫਾਈਲ ਨੂੰ ਪੰਜਾਬ ਦੇ ਗਵਰਨਰ ਨੇ ਰੱਦ ਕਰ ਦਿੱਤਾ ਹੈ। ਇਹ ਗੱਲ ਸਮਝ ਤੋਂ ਬਾਹਰ ਹੈ ਕਿ ਜੇਲ੍ਹ ਵਿਭਾਗ ਦੋਹਰੇ ਕਤਲ ਕਾਂਡ ਜਾਂ ਬਾਲੜੀਆਂ ਨਾਲ ਸੈਕਸ ਸ਼ੋਸ਼ਣ ਦੇ ਦੋਸ਼ੀ ਕੈਦੀਆਂ ਦੀ ਕਿਉਂ ਅਗੇਤੀ ਰਿਹਾਈ ਦੀ ਮੰਗ ਕਰਦਾ ਹੈ। ਇਸ ਤੋਂ ਪਹਿਲਾਂ ਜੇਲ੍ਹ ਵਿਭਾਗ ਨੇ ਸੱਤ ਸਾਲਾ ਬਾਲੜੀ ਨਾਲ ਸੈਕਸ ਸ਼ੋਸ਼ਣ ਕਰਨ ਪਿੱਛੋਂ ਕਤਲ ਕਰਨ ਵਾਲੇ ਦੋਸ਼ੀ ਦੀ ਅਗੇਤੀ ਰਿਹਾਈ ਦੀ ਮੰਗ ਕੀਤੀ ਸੀ, ਜਿਸ ਨੂੰ ਗਵਰਨਰ ਨੇ ਰੱਦ ਕਰ ਦਿੱਤਾ ਸੀ ਅਤੇ ਇਸ ਦੀ ਚਰਚਾ ਵੀ ਹੋਈ ਸੀ।

ਮਿਲੀ ਜਾਣਕਾਰੀ ਅਨੁਸਾਰ ਜੇਲ੍ਹ ਵਿਭਾਗ ਨੇ ਕੇਂਦਰੀ ਜੇਲ੍ਹ ਲੁਧਿਆਣਾ ਵਿੱਚ ਬੰਦ ਕੈਦੀ ਰਵੀ ਕੁਮਾਰ ਪੁੱਤਰ ਭਾਲੀ ਲਾਲ ਨਿਵਾਸੀ ਦੁੱਗਰੀ (ਲੁਧਿਆਣਾ) ਦੀ ਅਗੇਤੀ ਰਿਹਾਈ ਦਾ ਕੇਸ ਗ੍ਰਹਿ ਵਿਭਾਗ (ਜੇਲ੍ਹਾਂ) ਰਾਹੀਂ ਗਵਰਨਰ ਦੀ ਮੋਹਰ ਲਈ ਭੇਜਿਆ ਸੀ। ਪੁਲਸ ਫਾਈਲ ਮੁਤਾਬਕ ਰਵੀ ਕੁਮਾਰ ਉੱਤੇ ਆਪਣੇ ਭਰਾ ਰਾਮ ਸਰੂਪ ਅਤੇ ਉਸਦੀ ਪਤਨੀ ਕਿਰਨ ਬਾਲਾ ਦਾ ਕਤਲ ਕਰਨ ਦਾ ਦੋਸ਼ ਹੈ। ਥਾਣਾ ਫੋਕਲ ਪੁਆਇੰਟ ਪੁਲਸ ਨੇ 4 ਅਗਸਤ 2006 ਨੂੰ ਦੋਸ਼ੀ ਖਿਲਾਫ ਹੱਤਿਆ ਦਾ ਕੇਸ ਦਰਜ ਕੀਤਾ ਸੀ ਤੇ ਜ਼ਿਲ੍ਹਾ ਸੈਸ਼ਨ ਜੱਜ ਲੁਧਿਆਣਾ ਨੇ 5 ਮਾਰਚ 2009 ਨੂੰ ਉਮਰ ਕੈਦ ਤੇ ਪੰਜ ਹਜ਼ਾਰ ਰੁਪਏ ਦੀ ਸਜ਼ਾ ਕੀਤੀ ਸੀ। ਕੈਦੀ ਨੇ ਇਸ ਅਦਾਲਤ ਦੇ ਫੈਸਲੇ ਨੂੰ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਤੇ ਹਾਈ ਕੋਰਟ ਦੇ ਡਬਲ ਬੈਂਚ ਨੇ 29 ਅਗਸਤ 2014 ਨੂੰ ਅਪੀਲ ਰੱਦ ਕਰ ਕੇ ਸੈਸ਼ਨ ਜੱਜ ਲੁਧਿਆਣਾ ਦੇ ਫੈਸਲੇ ਨੂੰ ਸਹੀ ਠਹਿਰਾਇਆ। ਗ੍ਰਹਿ ਵਿਭਾਗ (ਜੇਲ੍ਹਾਂ) ਨੇ ਵਧੀਕ ਡਾਇਰੈਕਟਰ (ਜੇਲ੍ਹਾਂ) ਵੱਲੋਂ ਭੇਜੇ ਕੇਸ 'ਤੇ ਟਿਪਣੀ ਕਰਦਿਆਂ ਕਿਹਾ ਕਿ ਦੋਸ਼ੀ ਰਵੀ ਕੁਮਾਰ ਨੇ ਆਪਣੇ ਭਰਾ ਅਤੇ ਭਰਜਾਈ ਦਾ ਕਤਲ ਕੀਤਾ ਹੈ। ਸਰਕਾਰ ਦੀ 14 ਦਸੰਬਰ 2017 ਦੀ ਪਾਲਸੀ ਮੁਤਾਬਕ ਅਜਿਹੇ ਕੈਦੀਆਂ ਦੇ ਕੇਸਾਂ ਵਿੱਚ ਛੋਟ, ਵਿਸ਼ੇਸ਼ ਛੋਟ ਜਾਂ ਮਾਫੀ ਨਹੀਂ ਕੀਤੀ ਜਾਵੇਗੀ। ਪਾਲਸੀ ਮੁਤਾਬਕ ਦੋਹਰੇ ਕਤਲ ਦੇ ਕੇਸ ਦੇ ਕੈਦੀ ਨੂੰ ਸਮੇਂ ਤੋਂ ਪਹਿਲਾਂ ਰਿਹਾਅ ਨਹੀਂ ਕੀਤਾ ਜਾ ਸਕਦਾ। ਕੈਦੀ ਵੱਲੋਂ ਕੀਤਾ ਜੁਰਮ ਨਾ ਕੇਵਲ ਅਣਮਨੁੱਖੀ ਹੈ ਸਗੋਂ ਸਮਾਜ ਨੂੰ ਝੰਜੋੜਨ ਵਾਲਾ ਹੈ। ਜੇ ਇਸ ਕੈਦੀ ਨੂੰ ਉਸਦੀ ਅਸਲ ਸਜ਼ਾ ਪੂਰੀ ਕੀਤੇ ਬਗੈਰ ਅਗੇਤੀ ਰਿਹਾਈ 'ਤੇ ਛੱਡ ਦਿੱਤਾ ਜਾਂਦਾ ਹੈ ਤਾਂ ਸਮਾਜ ਵਿੱਚ ਗਲਤ ਸੰਦੇਸ਼ ਜਾਵੇਗਾ ਤੇ ਹੋਰ ਅਪਰਾਧੀਆਂ ਨੂੰ ਬਲ ਮਿਲੇਗਾ। ਗਵਰਨਰ ਪੰਜਾਬ ਨੇ ਅਗੇਤੀ ਰਿਹਾਈ ਦੇ ਆਰਟੀਕਲ 161 ਨੂੰ ਵਿਚਾਰਦੇ ਹੋਏ ਕੈਦੀ ਰਵੀ ਕੁਮਾਰ ਦੀ ਅਗੇਤੀ ਰਿਹਾਈ ਦਾ ਕੇਸ ਰੱਦ ਕਰ ਦਿੱਤਾ ਹੈ।

## ਡੇਰਾ ਸਿਰਸਾ ਦੀ 45 ਮੈਂਬਰੀ ਕਮੇਟੀ ਦੇ ਤਿੰਨ ਮੈਂਬਰਾਂ ਸਮੇਤ ਸੱਤ ਜਣੇ ਬਰੀ

ਸੰਗਰੂਰ, 9 ਦਸੰਬਰ (ਪੋਸਟ ਬਿਊਰੋ)- ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਰਾਮ ਰਹੀਮ ਸਿੰਘ ਨੂੰ ਬਲਾਤਕਾਰ ਦੇ ਕੇਸ ਵਿੱਚ ਸੀ ਬੀ ਆਈ ਅਦਾਲਤ ਵੱਲੋਂ ਸਜ਼ਾ ਸੁਣਾਏ ਜਾਣ ਪਿੱਛੋਂ ਤਹਿਸੀਲਦਾਰ ਦਫਤਰ ਲਹਿਰਾ ਨੂੰ ਅੱਗ ਲਾਉਣ ਦੇ ਕੇਸ ਵਿੱਚੋਂ ਡੇਰਾ ਸਿਰਸਾ ਦੀ 45 ਮੈਂਬਰੀ ਕਮੇਟੀ ਦੇ ਤਿੰਨ ਮੈਂਬਰਾਂ ਸਣੇ ਸੱਤ ਡੇਰਾ ਪ੍ਰੇਮੀਆਂ ਨੂੰ ਐਡੀਸ਼ਨਲ ਸੈਸ਼ਨ ਜੱਜ ਡਾ. ਰਜਨੀਸ਼ ਦੀ ਅਦਾਲਤ ਨੇ ਬਰੀ ਕਰਨ ਦਾ ਹੁਕਮ ਸੁਣਾਇਆ ਹੈ।

ਇਸ ਸੰਬੰਧ ਵਿੱਚ ਬਚਾਅ ਪੱਖ ਦੇ ਵਕੀਲ ਗੁਰਿੰਦਰਪਾਲ ਕਰਤਾਰਪੁਰਾ ਨੇ ਦੱਸਿਆ ਕਿ ਥਾਣਾ ਲਹਿਰਾ ਵਿਖੇ 25 ਅਗਸਤ 2017 ਨੂੰ ਦਰਜ ਕੇਸ ਮੁਤਾਬਕ ਏ ਐਸ ਆਈ ਧਰਮਵੀਰ ਸਿੰਘ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਕੁਝ ਵਿਅਕਤੀ, ਜਿਨ੍ਹਾਂ ਦੇ ਮੂੰਹ ਬੰਨ੍ਹੇ ਹੋਏ ਸਨ, ਮੋਟਰਸਾਈਕਲਾਂ 'ਤੇ ਸਵਾਰ ਹੋ ਕੇ ਤਹਿਸੀਲ ਕੰਪਲੈਕਸ ਲਹਿਰਾ ਵਿਖੇ ਆਏ ਤੇ ਤਹਿਸੀਲਦਾਰ ਦਫਤਰ ਵਿੱਚ ਜਾ ਕੇ ਪਏ ਸਾਮਾਨ, ਮੇਜਾਂ 'ਤੇ ਪਈਆਂ ਫਾਈਲਾਂ, ਪ੍ਰਿੰਟਰ ਆਦਿ 'ਤੇ ਪੈਟਰੋਲ ਛਿੜਕ ਕੇ ਅੱਗ ਲਾ ਦਿੱਤੀ ਤੇ ਫਰਾਰ ਹੋ ਗਏ। ਪੁਲਸ ਨੇ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਤੇ ਬਾਅਦ ਵਿੱਚ ਇਸ ਕੇਸ ਵਿੱਚ ਡੇਰਾ ਸਿਰਸਾ ਦੀ 45 ਮੈਂਬਰੀ ਦੇ ਮੈਂਬਰ ਪ੍ਰਿਥਵੀ ਸਿੰਘ ਉਰਫ ਪ੍ਰਿਥੀ ਸਿੰਘ ਵਾਸੀ ਬਾਘਾ ਪੁਰਾਣਾ, ਦੁਨੀ ਚੰਦ ਵਾਸੀ ਸ਼ੇਰਪੁਰ, ਮੇਜਰ ਸਿੰਘ ਵਾਸੀ ਖਿਆਲਾ ਜ਼ਿਲ੍ਹਾ ਮਾਨਸਾ ਤੇ ਰਾਕੇਸ਼ ਕੁਮਾਰ ਵਾਸੀ ਦਿੜ੍ਹਬਾ, ਭੀਮ ਸੈਨ ਉਰਫ ਭੀਮਾ ਵਾਸੀ ਗੋਬਿੰਦਗੜ੍ਹ ਜੇਜੀਆਂ, ਗੁਰ-ਜੰਟ ਸਿੰਘ ਵਾਸੀ ਭੁਟਾਲ ਕਲਾਂ, ਮਾਂਗੇਰਾਮ ਵਾਸੀ ਭੁਟਾਲ ਕਲਾਂ ਤੇ ਹੋਰਨਾਂ ਨੂੰ ਨਾਮਜ਼ਦ ਕੀਤਾ ਸੀ।

# ਬਾਈਕ ਸਵਾਰਾਂ ਨੇ ਦੋ ਗੂੰਗੀਆਂ ਲੜਕੀਆਂ ਤੋਂ ਪਰਸ ਲੁੱਟਿਆ



ਜਲੰਧਰ, 9 ਦਸੰਬਰ (ਪੋਸਟ ਬਿਊਰੋ)- ਥਾਣਾ ਪੰਜ ਦੇ ਇਲਾਕੇ ਬਬਰੀਕ ਚੌਕ 'ਤੇ ਐਕਟਿਵਾ ਉਤੇ ਸਵਾਰ ਦੋ ਗੂੰਗੀਆਂ ਲੜਕੀਆਂ ਤੋਂ ਬਾਈਕ ਸਵਾਰ ਦੋ ਲੁਟੇਰਿਆਂ ਨੇ ਪਰਸ ਲੁੱਟ ਲਿਆ। ਪਰਸ ਵਿੱਚ ਡੇਢ ਲੱਖ ਰੁਪਏ ਨਕਦ, ਦੋ ਮੋਬਾਈਲ, ਸੋਨੇ ਦੀਆਂ ਦੋ ਅੰਗੂਠੀਆਂ ਤੇ ਬੈਂਕ ਪਾਸ ਬੁੱਕ ਸੀ।

ਕੱਲ੍ਹ ਦੁਪਹਿਰ ਨਿਜ਼ਾਤਮ ਨਗਰ ਵਿੱਚ ਰਹਿੰਦੀਆਂ ਦੋਵੇਂ ਲੜਕੀਆ ਆਪਣੀ ਸਹੇਲੀ ਦੇ ਘਰ ਵਿਆਹ ਵਿੱਚ ਸ਼ਾਮਲ ਹੋਣ ਜਾ ਰਹੀਆਂ ਸਨ। ਪੀੜਤ ਲੜਕੀਆਂ ਦੇ ਨਾਂਅ ਸਰਾਭਾ ਨਗਰ ਦੀ ਪੂਜਾ ਅਤੇ ਗੋਵਿੰਦਗੜ੍ਹ ਦੀ ਤਨੂ ਹਨ। ਘਟਨਾ ਦੇ ਬਾਅਦ ਮੌਕੇ 'ਤੇ ਲੋਕਾਂ ਦੀ ਭੀੜ ਇਕੱਠੀ ਹੋ ਗਈ, ਜਿਸ ਪਿੱਛੋਂ ਪੀ ਸੀ ਆਰ ਮੌਕੇ 'ਤੇ ਪਹੁੰਚੀ ਅਤੇ ਦੋਵਾਂ ਲੜਕੀਆਂ ਨੇ ਲਿਖ ਕੇ ਦੱਸਿਆ ਕਿ ਉਹ ਨਿਜ਼ਾਤਮ ਨਗਰ ਵਿੱਚ ਰਹਿੰਦੀ ਆਪਣੀ ਸਹੇਲੀ ਦੇ ਘਰ ਐਕਟਿਵਾ 'ਤੇ ਵਿਆਹ ਵਿੱਚ ਸ਼ਾਮਲ ਹੋਣ ਜਾ ਰਹੀਆਂ ਸਨ। ਬਬਰੀਕ ਚੌਕ ਨੇੜੇ ਮੁੜਨ ਲੱਗਿਆਂ ਪਿੱਛਿਓਂ ਤੇਜ਼ ਰਫਤਾਰ ਵਿੱਚ ਆਈ ਕਾਲੇ ਰੰਗ ਦੀ ਪਲਸਰ ਬਾਈਕ ਸਵਾਰ ਦੋ ਨੌਜਵਾਨਾਂ ਵਿੱਚੋਂ ਪਿੱਛੇ ਬੈਠੇ ਨੌਜਵਾਨ ਨੇ ਉਨ੍ਹਾਂ ਦੇ ਪਰਸ ਖੋਹ ਲਿਆ ਅਤੇ ਫਰਾਰ ਹੋ ਗਏ। ਇਸ ਕੇਸ ਦੀ ਜਾਂਚ ਕਰ ਰਹੇ ਥਾਣਾ ਪੰਜ ਦੇ ਏ ਐੱਸ ਆਈ ਅਵਤਾਰ ਨੇ ਕਿਹਾ ਕਿ ਪਰਸ ਵਿੱਚ ਨਕਦੀ ਨਹੀਂ ਸੀ, ਮੋਬਾਈਲ ਫੋਨ, ਸੋਨੇ ਦੀਆਂ ਅੰਗੂਠੀਆਂ ਅਤੇ ਬੈਂਕ ਦੀ ਪਾਸ ਬੁੱਕ ਸੀ। ਪਾਸ ਬੁਕ ਵਿੱਚ ਡੇਢ ਲੱਖ ਰੁਪਏ ਦੀ ਐਂਟਰੀ ਹੈ। ਲੜਕੀਆਂ ਦਾ ਲਿਖਤੀ ਵਿੱਚ ਕਹਿਣਾ ਹੈ ਕਿ ਪਰਸ ਵਿੱਚ ਡੇਢ ਲੱਖ ਰੁਪਏ ਸਨ, ਜਿਸ ਨੂੰ ਬੈਂਕ ਵਿੱਚ ਜਮ੍ਹਾ ਕਰਵਾਉਣਾ ਸੀ। ਏ ਐੱਸ ਆਈ ਨੇ ਦੱਸਿਆ ਕਿ ਦੋਵਾਂ ਲੜਕੀਆਂ ਵਿੱਚੋਂ ਜਿਸ ਲੜਕੀ ਦਾ ਪਰਸ ਖੋਹਿਆ ਗਿਆ ਹੈ ਉਸ ਦੇ ਮਾਤਾ ਪਿਤਾ ਸ਼ਹਿਰ ਤੋਂ ਬਾਹਰ ਹਨ। ਉਨ੍ਹਾਂ ਦੇ ਜਲੰਧਰ ਪਹੁੰਚਣ ਦੇ ਬਾਅਦ ਬਿਆਨ ਦਰਜ ਕਰ ਕੇ ਪੁਲਸ ਕੇਸ ਦਰਜ ਕਰੇਗੀ। ਫਿਲਹਾਲ ਪੁਲਸ ਘਟਨਾ ਵਾਲੀ ਥਾਂ ਦੇ ਆਸਪਾਸ ਲੱਗੇ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਫੋਲਣ ਲੱਗ ਗਈ ਹੈ।

A/Z CITY DRIVER WANTED

INNOVATION Transportation

- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour

- 7 Days Work
- All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ

Call : 416- 268-9952

70 Delta Park Blvd, Unit # 4, Brampton

# ਬੇਟੇ ਦੇ ਵਿਆਹ ਵਿੱਚ ਦੋਸਤ ਦੀ ਛੋਟੀ ਬੇਟੀ ਸਰਵਾਲਾ ਬਣਾਈ

ਹੁਸ਼ਿਆਰਪੁਰ, 9 ਦਸੰਬਰ (ਪੋਸਟ ਬਿਊਰੋ)- ਬੇਟੀਆਂ ਬੋਝ ਨਹੀਂ ਹੁੰਦੀਆਂ, ਸਮਾਜ ਵਿੱਚ ਉਨ੍ਹਾਂ ਨੂੰ ਬਰਾਬਰੀ ਦਾ ਦਰਜਾ ਦੇਣ ਦੇ ਸੰਦੇਸ਼ ਨੂੰ ਸਾਕਾਰ ਕਰਨ ਲਈ ਗੜ੍ਹਦੀਵਾਲਾ ਵਿੱਚ ਸਦੀਆਂ ਤੋਂ ਚਲੀ ਆ ਰਹੀ ਪੁਰਾਣੀ ਪਰੰਪਰਾ ਨੂੰ ਬਦਲ ਦਿੱਤਾ ਗਿਆ ਹੈ। ਵਿਆਹ ਵਿੱਚ ਲਾੜੇ ਨੂੰ ਬੁਰੀ ਨਜ਼ਰ ਤੋਂ ਬਚਾਉਣ ਲਈ ਸਰਵਾਲਾ ਬਣਾਉਣ ਦੀ ਪਰੰਪਰਾ ਵਜੋਂ ਲੜਕੇ ਨੂੰ ਸਰਵਾਲਾ ਬਣਾਇਆ ਜਾਂਦਾ ਹੈ, ਪਰ ਗੜ੍ਹਦੀਵਾਲਾ ਵਿੱਚ ਆਪਣੇ ਬੇਟੇ ਦੇ ਵਿਆਹ ਵਿੱਚ ਦੋਸਤ ਦੀ ਛੋਟੀ ਧੀ ਨੂੰ ਸਰਵਾਲਾ ਬਣਾ ਕੇ ਇੱਕ ਨਵੀਂ ਪਰੰਪਰਾ ਨੂੰ ਸਥਾਪਤ ਕਰਨ ਦੀ ਸ਼ਲਾਘਾਯੋਗ ਪਹਿਲ ਕੀਤੀ ਗਈ ਹੈ। ਗੜ੍ਹਦੀਵਾਲਾ ਦੇ ਹੰਸ ਨਗਰ ਵਾਸੀ ਰਾਜ ਰਾਣੀ ਨੇ ਆਪਣੀ ਸਹੇਲੀ ਦੀ ਪ੍ਰਵੀਨ ਕੁਮਾਰੀ ਦੀ ਛੋਟੇ ਧੀ ਸੁਦੀਕਸ਼ਾ ਨੂੰ ਬੇਟੇ ਯੋਗੇਸ਼ ਕੁਮਾਰ ਦਾ ਸਰਵਾਲਾ ਬਣਾਇਆ। ਸੁਦੀਕਸ਼ਾ ਨੂੰ ਲੜਕਿਆਂ ਵਾਂਗ ਸ਼ੇਰਵਾਨੀ ਤੇ ਪੱਗ ਬੰਨ੍ਹੀ ਗਈ। ਸੁਦੀਕਸ਼ਾ ਦੀ ਮਾਂ ਪ੍ਰਵੀਨ ਕੁਮਾਰੀ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ ਦਾ ਮਾਣ ਹੈ ਕਿ ਉਨ੍ਹਾਂ ਦੀ ਬੇਟੀ ਨੂੰ ਸਰਵਾਲਾ ਬਣਾਇਆ ਗਿਆ ਹੈ। ਇਸ ਨਾਲ ਸਮਾਜ ਵਿੱਚ ਇੱਕ ਨਵਾਂ ਸੰਦੇਸ਼ ਦਿੱਤਾ ਗਿਆ ਹੈ। ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਦੇ ਪਿਤਾ ਨੇ ਵੀ ਉਨ੍ਹਾਂ ਨੂੰ ਹਮੇਸ਼ਾ ਬੇਟਾ ਹੀ ਮੰਨਿਆ ਇਸ ਲਈ ਰਾਜ ਰਾਣੀ ਦੇ ਪਰਵਾਰ ਵੱਲੋਂ ਇਸ ਨਵੀਂ ਪਹਿਲ ਦੀ ਉਹ ਪ੍ਰਸ਼ੰਸਾ ਕਰਦੀ ਹੈ।

Girl Needed for Sharing Room

25 ਸਾਲ ਤੋਂ 40 ਸਾਲਾਂ ਤੱਕ ਲੜਕੀ ਦੀ ਲੋੜ ਹੈ

1 ਬੈਡਰੂਮ ਬੇਸਮੈਂਟ, ਰੈਂਟ ਸ਼ੇਅਰ ਕੀਤਾ ਜਾਵੇਗਾ, ਸਾਰੀਆਂ ਸਹੂਲਤਾਂ ਦੇ ਨੇੜੇ ਜਿਵੇਂ ਬੱਸ ਸਟੈਂਡ, ਗਰੋਸਰੀ ਸਟੋਰ, ਆਦਿ। ਕਾਰ ਪਾਰਕਿੰਗ ਵੀ ਉਪਲੱਬਧ ਹੈ।

Brampton (Airport & Bovaird)

437-236-8153




## ਲੜਕੀ ਦੀ ਲੋੜ

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10", Dentist, MBA ਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਗਰੇਵਾਲ, ਉਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸ਼ੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੁਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

ਜੱਟ ਸਿੱਖ ਲੜਕਾ, ਉਮਰ 31 ਸਾਲ, ਕੱਦ 5'-11'', ਨਸ਼ਾ ਰਹਿਤ, ਪੰਜਾਬ ਵਿੱਚ 15 ਕਿਲ੍ਹੇ ਜ਼ਮੀਨ ਦਾ ਮਾਲਕ, ਚੰਗੀ ਜੋਬ, ਲੜਕੇ ਦਾ ਭਰਾ ਕੈਨੇਡਾ ਵਿੱਚ Settled ਹੈ। ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ, Divorcee ਵਾਸਤੇ ਤਲਾਕਸ਼ੁਦਾ ਲੜਕੀ ਦੀ ਲੋੜ ਹੈ। ਬੱਚੇ ਵਾਲੇ ਵੀ ਸੰਪਰਕ ਕਰ ਸਕਦੇ ਹਨ, Student ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਕਾਲ ਕਰੋ: 416-937-1934

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

Match for Handsome, Teetotaller, Punjabi Hindu Khatri/Sood boy 44/5'11''(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089

Check our Free E-paper at: www.canadianpunjabipost.ca

ਕੈਨੇਡੀਅਨ ਪੰਜਾਬੀ ਪੋਸਟ

Award winning news paper | Canadian Punjabi Post

ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਨਖੀ, 1990 , ਕੱਦ 5'4'', ਵਿਜ਼ਟਰ ਵੀਜੇ ਤੇ ਆਈ, B.A & Cosmetics Diploma ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਵਿਆਹ ਵਧੀਆ। ਸੰਪਰਕ ਕਰੋ : 647-267-0656 । 416-509-7252 । +91 92741-00004

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3'', ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਨਾਈ ਸਿੱਖ ਲੜਕੀਆਂ ਉਮਰ 27 ਸਾਲ, 5'-7", ਸੁੰਦਰ ਪਰਿਵਾਰਕ, ਕੈਨੇਡਾ ਵਰਕ ਪਰਮਿਟ ਅਤੇ ਦੂਜੀ ਲੜਕੀ ਉਮਰ 29 ਸਾਲ,5'-2.5", ਕੈਨੇਡਾ ਲਈ ਕੈਨੇਡੀਅਨ, ਖਾਨਦਾਨੀ ਪਰਿਵਾਰਾਂ ਲਈ ਸੁੱਧ ਵੈਸ਼ਨੂੰ ਲੜਕਿਆਂ ਦੀ ਲੋੜ ਹੈ। ਭਰਾ ਵਿਆਹਿਆ ਕੈਨੇਡੀਅਨ +1-204-914-8700 ਜਾਂ +91-94176-78050 ਜਾਂ sukhdevmc@gmail.com

## ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ. ਅਤੇ ਇੱਥੇ ਆਈ.ਟੀ. ਖ਼ੇਤਰ ਵਿਚ ਨੌਕਰੀ ਕਰ ਰਹੀ 28 ਸਾਲਾ 5 ਫੁੱਟ 3 ਇੰਚ ਸਿੱਖ ਰਾਮਦਾਸੀਏ ਜੁਲਾਹੇ ਪਰਿਵਾਰ ਨਾਲ ਸਬੰਧਿਤ ਲੜਕੀ ਲਈ ਪੀ.ਆਰ./ਸਿਟੀਜ਼ਨ ਦਸਤਾਰਧਾਰੀ ਗੁਰਸਿੱਖ ਲੜਕੇ ਦੀ ਜ਼ਰੂਰਤ ਹੈ। ਲੜਕੀ ਦੇ ਮਾਤਾ-ਪਿਤਾ ਦੋਵੇਂ ਹੀ ਗਜ਼ਟਿਡ ਅਫ਼ਸਰ ਹਨ ਅਤੇ ਉਹ ਪੰਜਾਬ ਵਿਚ ਨੌਕਰੀ ਕਰਦੇ ਹਨ। ਟੋਰਾਂਟੋ ਏਰੀਏ ਵਿਚ ਵੱਸਦੇ ਆਈ.ਟੀ. ਖ਼ੇਤਰ ਨਾਲ ਸਬੰਧਿਤ/ਵਕੀਲ/ਸੀ.ਏ./ਬੈਂਕ ਅਫ਼ਸਰ ਨੂੰ ਪਹਿਲ ਦਿੱਤੀ ਜਾਏਗੀ।
ਇਸ ਸਬੰਧੀ 91-95010-29128 ਜਾਂ 91-95010-29129 Whatsapp ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321 ।

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

ਕੈਨੇਡੀਅਨ ਪੰਜਾਬੀ ਪੋਸਟ

Award winning news paper | Canadian Punjabi Post

ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202

UPPAL LAW

IMMIGRATION SERVICES
- Visitor Visa
- Super Visa
- Study,Work,Visitor Extension Visa
- Spousal Applications
- Family Sponsorship
- Permanent Residence Card Renewal
- Citizenship Application
- All Invitation Letters

OTHER PRACTICES
- Criminal Law
- Family Law
- Power of Attorney
- Change of Name
- Notarization
- Travel Consent
- Affidavit
- Landlord and Tenant Matters

AVTAR UPPAL Manager

AMAN UPPAL Barrister,Solicitor

FREE Consultation

Tel: 905-500-1507

351 Parkhurst Square, # 16, Brampton,ON L6T 0C2, Fax: 905-672-7848

* PRIOR APPOINTMENT NECESSARY

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ, ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ

15 ਸਾਲਾਂ ਤੋਂ ਇਕੋ ਨਾਮ-ਇਕੋ ਦੁਕਾਨ

(905)790-9999

2565 Steeles Ave. E, Brampton (Steeles/Torbram)

STARLANE PAINTING

Residential • Commercial • Industrial

• Hotel • Motel • Exterior • Interior • Spray Painting • Office Painting • Drywall Fixing

ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ

7 Days A Week

Call For FREE Estimate

ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ

416.230.4000 • 647.409.1092

www.STARLANEPAINTING.com

ਹਰਜੀਤ ਧਨੋਆ

## ਦਹੇਜ ਮਾਮਲੇ ਵਿਚ 17 ਸਾਲਾ ਕੁੜੀ ਨੂੰ ਜ਼ਿੰਦਾ ਜਲਾਉਣ ਵਾਲੇ ਦੋ ਜਣੇ ਗ੍ਰਿਫਤਾਰ



ਅਗਰਤਲਾ, 9 ਦਸੰਬਰ (ਪੋਸਟ ਬਿਊਰੋ)- ਦੱਖਣੀ ਤ੍ਰਿਪੁਰਾ ਵਿੱਚ ਦਹੇਜ ਨੂੰ ਲੈ ਕੇ 17 ਸਾਲਾ ਦੀ ਇੱਕ ਕੁੜੀ ਨੂੰ ਉਸਦੇ ਮੰਗੇਤਰ ਤੇ ਉਸ ਦੀ ਮਾਂ ਨੇ ਅੱਗ ਲਗਾ ਕੇ ਜ਼ਿੰਦਾ ਸਾੜ ਦਿੱਤਾ।

ਪੁਲਸ ਨੇ ਦੱਸਿਆ ਕਿ ਕੁੜੀ ਦੀ ਹੱਤਿਆ ਉਸਦੇ ਮੰਗੇਤਰ ਅਤੇ ਉਸਦੀ ਮਾਂ ਨੇ ਕਰ ਦਿੱਤੀ ਕਿਉਂਕਿ ਕੁੜੀ ਦੇ ਪਰਵਾਰ ਨੇ ਆਪਣੀ ਆਰਥਿਕ ਸਥਿਤੀ ਦਾ ਹਵਾਲਾ ਦਿੰਦੇ ਹੋਏ 50,000 ਰੁਪਏ ਦਹੇਜ ਦੀ ਰਾਸ਼ੀ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਇੱਕ ਪੁਲਸ ਅਧਿਕਾਰੀ ਨੇ ਦੱਸਿਆ ਕਿ ਏਥੇ ਜੀ ਬੀ ਪੰਤ ਹਸਪਤਾਲ ਵਿੱਚ ਉਸ ਪੀੜਤ ਕੁੜੀ ਨੂੰ ਭਰਤੀ ਕੀਤਾ ਗਿਆ ਸੀ। ਉਹ 90 ਫੀਸਦੀ ਤੱਕ ਸੜੀ ਸੀ ਤੇ ਬਾਅਦ ਵਿੱਚ ਉਸ ਦੀ ਮੌਤ ਹੋ ਗਈ। ਪੁਲਸ ਨੇ ਦੱਸਿਆ ਕਿ ਅਜੈ ਰੂਦਰ ਪਾਲ (21) ਅਤੇ ਉਸ ਦੀ ਮਾਂ ਮਿਨਾਤੀ ਨੂੰ ਲੜਕੀ ਦੇ ਪਰਵਾਰ ਵਾਲਿਆਂ ਦੀ ਸ਼ਿਕਾਇਤ ਮਗਰੋਂ ਗ੍ਰਿਫਤਾਰ ਕਰ ਲਿਆ ਗਿਆ ਹੈ। ਸਾਹ ਨੇ ਦੱਸਿਆ ਕਿ ਪਾਲ ਅਤੇ ਸ਼ੁਕਲਾ ਚੌਧਰੀ 28 ਅਕਤੂਬਰ ਨੂੰ ਘਰ ਤੋਂ ਭੱਜ ਗਏ ਸੀ ਤੇ ਉਹ 11 ਦਸੰਬਰ ਨੂੰ ਵਿਆਹ ਕਰਨਾ ਚਾਹੁੰਦੇ ਸੀ। ਇਸ ਦੇ ਬਾਅਦ ਲੜਕੇ ਦੀ ਮਾਂ ਨੇ ਲੜਕੀ ਦੇ ਵਾਰਸਾਂ ਨਾਲ ਛੇ ਦਸੰਬਰ ਨੂੰ ਮੁਲਾਕਾਤ ਕੀਤੀ ਤੇ 50,000 ਰੁਪਏ ਮੰਗੇ, ਪਰ ਕੁੜੀ ਵਾਲੇ ਮਾਲੀ ਹਾਲਤ ਖਰਾਬ ਹੋਣ ਕਾਰਨ ਸਿਰਫ 15,000 ਰੁਪਏ ਹੀ ਦੇਣ ਨੂੰ ਰਾਜੀ ਹੋਏ। ਅਧਿਕਾਰੀ ਨੇ ਦੱਸਿਆ ਕਿ ਇਸ ਦੇ ਕੁਝ ਘੰਟੇ ਬਾਅਦ ਹੀ ਕੁੜੀ ਨੂੰ 90 ਫੀਸਦੀ ਸੜੀ ਹਾਲਤ ਵਿੱਚ ਹਸਪਤਾਲ ਵਿੱਚ ਭਰਤੀ ਕੀਤਾ ਗਿਆ। ਉਥੇ ਹੀ ਪਾਲ ਦਾ ਕਹਿਣਾ ਹੈ ਕਿ ਕੁੜੀ ਨੇ ਆਤਮਹੱਤਿਆ ਕੀਤੀ ਹੈ।

## ਕਾਰ ਤੇ ਮੋਟਰਸਾਈਕਲ ਦੀ ਟੱਕਰ ਵਿੱਚ ਪਿਉ-ਪੁੱਤ ਦੀ ਮੌਤ

ਮੂਣਕ, 9 ਦਸੰਬਰ (ਪੋਸਟ ਬਿਊਰੋ)- ਬੀਤੀ ਦੇਰ ਸ਼ਾਮ ਹਮੀਰਗੜ੍ਹ ਮੰਡਵੀ ਰੋਡ 'ਤੇ ਕਾਰ ਤੇ ਮੋਟਰਸਾਈਕਲ ਦੀ ਟੱਕਰ 'ਚ ਪਿਉ-ਪੁੱਤ ਦੀ ਮੌਤ ਹੋ ਜਾਣ ਦੀ ਖਬਰ ਮਿਲੀ ਹੈ। ਪਤਾ ਲੱਗਾ ਹੈ ਕਿ ਸਲੀਮ (45) ਅਤੇ ਉਸ ਦਾ ਲੜਕਾ ਮੋਸਿਨ (22) ਵਾਸੀ ਸ਼ਾਹਪੁਰ ਜ਼ਿਲ੍ਹਾ ਮੁਜ਼ੱਫ਼ਰ ਨਗਰ (ਯੂ ਪੀ) ਹਾਲ ਆਬਾਦ ਮੂਣਕ, ਜੋ ਪਿੰਡਾਂ 'ਚ ਫੇਰੀ ਲਗਾ ਕੇ ਕੱਪੜਾ ਵੇਚਦੇ ਸਨ, ਸ਼ਾਮ ਨੂੰ ਦੋਵੇਂ ਪਿਉ-ਪੁੱਤ ਪਿੰਡ ਮੰਡਵੀ ਤੋਂ ਮੋਟਰਸਾਈਕਲ 'ਤੇ ਸਵਾਰ ਹੋ ਕੇ ਮੂਣਕ ਵੱਲ ਆ ਰਹੇ ਸਨ। ਹਮੀਰਗੜ੍ਹ-ਮੰਡਵੀ ਰੋਡ 'ਤੇ ਸਾਹਮਣੇ ਤੋਂ ਆ ਰਹੀ ਬਰੇਜ਼ਾ ਕਾਰ ਨੇ ਮੋਟਰਸਾਈਕਲ ਸਵਾਰਾਂ ਨੂੰ ਆਪਣੀ ਲਪੇਟ 'ਚ ਲੈ ਲਿਆ ਤੇ ਕਾਰ ਵੀ ਪਲਟ ਗਈ। ਕਾਰ ਚਾਲਕ ਮੌਕੇ ਤੋਂ ਫ਼ਰਾਰ ਹੋ ਗਿਆ। ਦੋਵੇਂ ਜ਼ਖ਼ਮੀਆਂ 'ਚੋਂ ਸਲੀਮ ਨੇ ਰਸਤੇ 'ਚ ਦਮ ਤੋੜ ਦਿੱਤਾ, ਜਦੋਂ ਕਿ ਉਸ ਦੇ ਬੇਟੇ ਮੋਸਿਨ ਨੂੰ ਪੀ ਜੀ ਆਈ ਪਹੁੰਚਣ 'ਤੇ ਡਾਕਟਰਾਂ ਨੇ ਮ੍ਰਿਤਕ ਕਰਾਰ ਦੇ ਦਿੱਤਾ।

# ਦੇਰ ਨਾਲ ਪਹੁੰਚੀ ਬਾਰਾਤ ਨੂੰ ਅੱਧ-ਨੰਗੇ ਕਰ ਕੇ ਕੁੱਟਿਆ



ਬਿਜਨੌਰ, 9 ਦਸੰਬਰ (ਪੋਸਟ ਬਿਊਰੋ)- ਉਤਰ ਪ੍ਰਦੇਸ਼ ਦੇ ਬਿਜਨੌਰ ਜਿਲ੍ਹੇ ਵਿੱਚ ਕੱਲ੍ਹ ਦੇਰ ਰਾਤ ਇੱਕ ਬਾਰਾਤ ਵਿੱਚ ਲਾੜਾ, ਉਸ ਦੇ ਪਰਵਾਰ ਤੇ ਬਾਰਾਤੀਆਂ ਨੂੰ ਵੀ ਕੁੱਟ ਦਿੱਤਾ ਗਿਆ।

ਮਿਲੀ ਜਾਣਕਾਰੀ ਮੁਤਾਬਕ ਧਾਮਪੁਰ ਦੇ ਵਸਨੀਕ ਇੱਕ ਨੌਜਵਾਨ ਨੇ ਕਰੀਬ ਡੇਢ ਮਹੀਨੇ ਪਹਿਲਾ ਮੁੱਖ ਮੰਤਰੀ ਸਾਮੂਹਿਕ ਵਿਆਹ ਯੋਜਨਾ ਹੇਠ ਇਸ ਖੇਤਰ ਦੇ ਨਾਂਗਲਜਟ ਪਿੰਡ ਦੀ ਲੜਕੀ ਨਾਲ ਬਿਜਨੌਰ ਵਿੱਚ ਆਯੋਜਿਤ ਸਮਾਗਮ ਵਿੱਚ ਵਿਆਹ ਕੀਤਾ ਸੀ। ਸਥਾਨਕ ਲੋਕਾਂ ਮੁਤਾਬਕ ਵਿਵਾਹਿਤਾ ਨੇ ਆਪਣੇ ਸਹੁਰੇ ਵਾਲਿਆਂ ਨਾਲ ਸਾਮਾਜਿਕ ਤੌਰ ਨਾਲ ਵਿਆਹ ਦੀ ਦੁਬਾਰਾ ਰਸਮ ਕਰਨ ਦੀ ਮੰਗ ਕੀਤੀ। ਦੋ ਦਿਨ ਪਹਿਲਾ ਨਾਂਗਲਜਟ ਵਿੱਚ ਬਾਰਾਤ ਦੁਪਹਿਰ ਨੂੰ ਆਉਣੀ ਸੀ ਪਰ ਬਾਰਾਤ ਦੇਰ ਸ਼ਾਮ ਨੂੰ ਪਹੁੰਚੀ। ਬਾਰਾਤ ਦੇਰ ਨਾਲ ਆਉਣ 'ਤੇ ਦੋਵਾਂ ਪੱਖਾਂ ਦੀ ਕਹਾਸੁਣੀ ਸ਼ੁਰੂ ਹੋ ਗਈ।

ਲਾੜੇ ਦੇ ਪੱਖ ਦਾ ਦੋਸ਼ ਹੈ ਕਿ ਲੜਕੀ ਵਾਲਿਆਂ ਨੇ ਲਾੜੇ, ਉਸਦੇ ਪਰਵਾਰ ਅਤੇ ਕੁਝ ਬਾਰਾਤੀਆਂ ਨੂੰ ਕਮਰੇ ਵਿੱਚ ਬੰਦ ਕੀਤਾ ਅਤੇ ਅੱਧ-ਨੰਗੇ ਕਰਕੇ ਉਨ੍ਹਾਂ ਦੀ ਮਾਰ-ਕੁੱਟ ਕੀਤੀ। ਉਨ੍ਹਾਂ ਨੇ ਲੜਕੀ ਵਾਲਿਆਂ ਉੱਤੇ ਦੁਹਲਣ ਨੂੰ ਉਪਹਾਰ ਦੇ ਤੌਰ 'ਤੇ ਦਿੱਤੀ ਜਾਣ ਵਾਲੀ 80,000 ਰੁਪਏ ਦੀ ਰਕਮ ਅਤੇ ਲੱਖਾਂ ਦੇ ਜ਼ੇਵਰ ਹੜਪਣ ਦਾ ਵੀ ਦੋਸ਼ ਲਾਇਆ ਹੈ। ਇਸ ਦੌਰਾਨ ਕੁਝ ਬਾਰਾਤੀ ਆਪਣੀ ਜਾਨ ਬਚਾ ਕੇ ਭੱਜੇ ਤੇ ਪੁਲਸ ਨੂੰ ਸੂਚਨਾ ਦਿੱਤੀ। ਮੌਕੇ 'ਤੇ ਪਹੁੰਚੀ ਪੁਲਸ ਨੇ ਬਾਰਾਤੀਆਂ ਨੂੰ ਛੁਡਾਇਆ ਅਤੇ ਦੋਵਾਂ ਧਿਰਾਂ ਨੂੰ ਥਾਣੇ ਲੈ ਆਈ। ਪੁਲਸ ਨੂੰ ਦੋਨਾਂ ਪੱਖਾਂ ਵਿੱਚੋ ਕਿਸੇ ਨੇ ਵੀ ਸ਼ਿਕਾਇਤ ਨਹੀਂ ਦਿੱਤੀ। ਉਥੇ ਥਾਣੇ ਪਹੁੰਚੀ ਦੁਲਹਨ ਨੇ ਪਤੀ ਦੇ ਨਾਲ ਜਾਣ ਤੋਂ ਸਾਫ ਇਨਕਾਰ ਕਰ ਦਿੱਤਾ ਅਤੇ ਪੇਕੇ ਚਲੀ ਗਈ।

# ਨਿਸ਼ਾਨ ਸਾਹਿਬ ਉਤਾਰਦਿਆਂ ਲੋਹੇ ਦੀ ਪਾਈਪ ਤਾਰਾਂ ਉਤੇ ਡਿੱਗੀ, ਕਰੰਟ ਨਾਲ ਖਜ਼ਾਨਚੀ ਦੀ ਮੌਤ

ਜਲੰਧਰ, 9 ਦਸੰਬਰ (ਪੋਸਟ ਬਿਊਰੋ)- ਕੱਲ੍ਹ ਸਵੇਰੇ ਪਿੰਡ ਵਰਿਆਣਾ ਵਿੱਚ ਸ੍ਰੀ ਗੁਰੂ ਰਵਿਦਾਸ ਭਵਨ ਵਿੱਚ ਨਿਸ਼ਾਨ ਸਾਹਿਬ ਉਤਾਰਦੇ ਸਮੇਂ ਅਚਾਨਕ ਲੋਹੇ ਦੀ ਪਾਈਪ ਬਿਜਲੀ ਦੀਆਂ ਹਾਈ ਵਲੋਟੇਜ ਤਾਰਾਂ ਨਾਲ ਟਕਰਾ ਗਈ ਅਤੇ ਇਸ ਵਿੱਚ ਕਰੰਟ ਆ ਗਿਆ। ਜਿਸ ਨਾਲ ਵਿੱਚ ਖਜ਼ਾਨਚੀ ਦੀ ਮੌਕੇ 'ਤੇ ਮੌਤ ਹੋ ਗਈ ਅਤੇ ਗ੍ਰੰਥੀ ਦੇ ਭਰਾ ਸਮੇਤ ਛੇ ਜਣੇ ਗੰਭੀਰ ਜ਼ਖਮੀ ਹੋ ਗਏ। ਥਾਣਾ ਮਕਸੂਦਾਂ ਦੀ ਪੁਲਸ ਨੇ ਲੋੜੀਂਦੀ ਕਾਰਵਾਈ ਕੀਤੀ ਹੈ।

ਥਾਣਾ ਇੰਚਾਰਜ ਰਾਜੀਵ ਕੁਮਾਰ ਨੇ ਦੱਸਿਆ ਕਿ ਸ੍ਰੀ ਗੁਰੂ ਰਵਿਦਾਸ ਭਵਨ ਦੀ ਇਮਾਰਤ ਦੀ ਉਸਾਰੀ ਦੌਰਾਨ ਨਿਸ਼ਾਨ ਸਾਹਿਬ ਨੂੰ ਜ਼ਮੀਨੀ ਤੋਂ ਕਾਫੀ ਉਚਾ ਲਾਉਣ ਲਈ ਲਿਜਾਇਆ ਜਾ ਰਿਹਾ ਸੀ। ਇਸ ਦੌਰਾਨ ਨਿਸ਼ਾਨ ਸਾਹਿਬ ਦੀ ਪਾਈਪ ਦਾ ਸੰਤੁਲਨ ਵਿਗੜ ਗਿਆ ਅਤੇ ਉਥੋਂ ਲੰਘਦੀਆਂ ਹਾਈ ਵੋਲਟੇਜ਼ ਤਾਰਾਂ ਵਿੱਚ ਜਾ ਡਿੱਗੀ। ਇਸ ਨਾਲ ਜ਼ੋਰਦਾਰ ਧਮਾਕਾ ਹੋਇਆ ਤੇ ਨਿਸ਼ਾਨ ਸਾਹਿਬ ਦੀ ਸੇਵਾ ਕਰਦੇ ਵਿਅਕਤੀ ਨੂੰ ਕਰੰਟ ਲੱਗਣ ਨਾਲ ਉਸ ਦੀ ਮੌਕੇ 'ਤੇ ਮੌਤ ਹੋ ਗਈ, ਜਦ ਕਿ ਨਿਸ਼ਾਨ ਸਾਹਿਬ ਨੂੰ ਹੇਠਾਂ ਤੋਂ ਫੜਨ ਵਾਲੇ ਸੇਵਾਦਾਰਾਂ ਨੂੰ ਵੀ ਕਰੰਟ ਲੱਗਾ, ਜਿਸ ਨਾਲ ਛੇ ਲੋਕ ਗੰਭੀਰ ਜ਼ਖਮੀ ਹੋ ਗਏ, ਇਨ੍ਹਾਂ ਸਾਰਿਆਂ ਨੂੰ ਅਲੱਗ ਅਲੱਗ ਹਸਪਤਾਲਾਂ ਵਿੱਚ ਦਾਖਲ ਕਰਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਮ੍ਰਿਤਕ ਦੀ ਪਛਾਣ ਕੈਸ਼ੀਅਰ ਬਲਵੀਰ ਚੰਦ ਪੁੱਤਰ ਸ਼ੰਕਰ ਦਾਸ ਪਿੰਡ ਵਰਿਆਣਾ ਵਜੋਂ ਹੋਈ ਹੈ। ਜ਼ਖਮੀਆਂ ਦੀ ਪਛਾਣ ਲਵਪ੍ਰੀਤ ਸਹੋਤਾ ਪੁੱਤਰ ਸਤਪਾਲ ਸਹੋਤਾ, ਪ੍ਰਦੀਪ ਕੁਮਾਰ ਪੁੱਤਰ ਤਰਸੇਮ ਲਾਲ, ਸੁਰਜੀਤ ਕੁਮਾਰ ਪੁੱਤਰ ਹਰਜਿੰਦਰ ਵਾਸੀ ਪਿੰਡ ਵਰਿਆਣਾ ਦੇ ਰੂਪ ਵਿੱਚ ਹੋਈ ਹੈ, ਜਿਨ੍ਹਾਂ ਨੂੰ ਨਿੱਜੀ ਹਸਪਤਾਲ ਵਿੱਚ ਭਰਤੀ ਕਰਾਇਆ ਗਿਆ ਹੈ।

# 20 ਹਜ਼ਾਰ ਵੱਢੀ ਲੈਂਦੇ ਹੈੱਲਥ ਇੰਸਪੈਕਟਰ ਤੇ ਡਰਾਈਵਰ ਕਾਬੂ

ਬਰਨਾਲਾ, 6 ਦਸੰਬਰ (ਪੋਸਟ ਬਿਊਰੋ)- ਸਿਹਤ ਵਿਭਾਗ ਦੇ ਅਫਸਰ ਨੇ ਦਿਵਾਲੀ 'ਤੇ ਕਰਿਆਨੇ ਦੀ ਦੁਕਾਨ ਤੋਂ ਸੈਂਪਲ ਨਾ ਭਰਨ ਲਈ ਦੁਕਾਨਦਾਰ ਤੋਂ ਪੰਜਾਹ ਹਜ਼ਾਰ ਰੁਪਏ ਦੀ ਮੰਗ ਕੀਤੀ ਸੀ, ਉਸ ਨੇ 50 ਹਜ਼ਾਰ ਦੇ ਦਿੱਤੇ। ਜਦ ਫਿਰ ਉਸ ਨੇ ਰੁਪਏ ਲੈਣ ਜਾਂ ਸੈਂਪਲ ਭਰਨ ਦਾ ਦਬਾਅ ਬਣਾਇਆ ਤਾਂ ਦੁਕਾਨਦਾਰ ਨੇ ਵਿਜੀਲੈਂਸ ਨੂੰ ਸ਼ਿਕਾਇਤ ਕੀਤੀ। ਇਸ ਪਿੱਛੋਂ ਵਿਜੀਲੈਂਸ ਨੇ ਇੰਸਪੈਕਟਰ ਅਤੇ ਡਰਾਈਵਰ ਫੜ ਲਏ, ਪਰ ਜ਼ਿਲਾ ਸਿਹਤ ਅਫਸਰ ਫਰਾਰ ਹੈ। ਵਿਜੀਲੈਂਸ ਨੇ ਜ਼ਿਲਾ ਸਿਹਤ ਅਫਸਰ, ਇੰਸਪੈਕਟਰ ਅਤੇ ਉਸ ਦੇ ਡਰਾਈਵਰ 'ਤੇ ਨਾਜਾਇਜ਼ ਵਸੂਲੀ ਦਾ ਕੇਸ ਦਰਜ ਕੀਤਾ ਹੈ।

ਸ਼ਿਕਾਇਤ ਕਰਤਾ ਰਿਸ਼ਭ ਜੈਨ ਨੇ ਦੱਸਿਆ ਕਿ ਉਸ ਦੀ ਦੁਕਾਨ ਸਦਰ ਬਾਜ਼ਾਰ ਦੇ ਕੋਲ ਹੈ ਤੇ ਉਹ ਕਰਿਆਨੇ ਦਾ ਥੋਕ ਵਿੱਚ ਸਾਮਾਨ ਵੇਚਣ ਦਾ ਕੰਮ ਕਰਦੇ ਹਨ। ਦਿਵਾਲੀ ਉਤੇ ਸਿਹਤ ਵਿਭਾਗ ਦੀ ਟੀਮ ਨੇ ਡਰਾਇਆ ਕਿ ਦੁਕਾਨ ਤੋਂ ਸੈਂਪਲ ਭਰੇ ਜਾਣਗੇ। ਉਸ ਨੇ ਡਰ ਕੇ 50 ਹਜ਼ਾਰ ਰੁਪਏ ਦੇ ਦਿੱਤੇ। ਇਸ ਪਿੱਛੋਂ ਵੀ ਉਹ ਕਿਸੇ ਨਾ ਕਿਸੇ ਨੂੰ ਰੁਪਏ ਲੈਣ ਭੇਜਦੇ ਰਹੇ ਅਤੇ ਹੋਰ ਪੈਸੇ ਮੰਗਦੇ ਸਨ ਤਾਂ 20 ਹਜ਼ਾਰ ਦਾ ਸੌਦਾ ਹੋਇਆ। ਤੰਗ ਹੋ ਕੇ ਵਿਜੀਲੈਂਸ ਨੂੰ ਸ਼ਿਕਾਇਤ ਦਿੱਤੀ ਸੀ। ਕੱਲ੍ਹ ਸ਼ਾਮ ਜਦੋਂ ਸਿਹਤ ਇੰਸਪੈਕਟਰ ਅਭਿਨਵ ਖੋਸਲਾ ਤੇ ਡਰਾਈਵਰ ਜਗਪਾਲ ਸਿੰਘ ਨੂੰ ਰੁਪਏ ਦਿੱਤੇ ਤਾਂ ਦੋਵਾਂ ਨੂੰ ਵਿਜੀਲੈਂਸ ਨੇ ਗ੍ਰਿਫਤਾਰ ਕਰ ਲਿਆ ਹੈ। ਇੰਸਪੈਕਟਰ ਅਭਿਨਵ ਖੋਸਲਾ ਮੋਗਾ ਦਾ ਵਸਨੀਕ ਹੈ। ਉਹ ਤਿੰਨ ਸਾਲ ਪਹਿਲਾਂ ਸੀ ਬੀ ਆਈ ਇੰਸਪੈਕਟਰ ਬਣ ਕੇ ਥਾਣੇ ਪਹੁੰਚਣ ਦੇ ਮਾਮਲੇ ਵਿੱਚ ਵੀ ਕੇਸ ਭੁਗਤ ਰਿਹਾ ਹੈ।

## ਪਛਾਣ ਲੁਕਾਉਣ ਲਈ ਅਨੂਪ ਨੇ ਕਟਵਾ ਦਿੱਤੇ ਸਨ ਸਿਰ ਦੇ ਵਾਲ

ਤਰਨ ਤਾਰਨ, 9 ਦਸੰਬਰ (ਪੋਸਟ ਬਿਊਰੋ)- ਬੀਮਾ ਰਾਸ਼ੀ ਦੇ ਲਈ ਖੁਦ ਆਪਣੀ ਹੱਤਿਆ ਦਾ ਡਰਾਮਾ ਰਚ ਕੇ ਨੌਕਰ ਦੀ ਹੱਤਿਆ ਕਰਨ ਵਾਲਾ ਅਨੂਪ ਸਿੰਘ ਵਾਰਦਾਤ ਪਿੱਛੋਂ ਹਰਿਆਣਾ ਵਿੱਚ ਆਪਣੇ ਦੋਸਤ ਕੋਲ ਚਲਾ ਗਿਆ ਸੀ। ਉਥੇ ਉਸ ਨੇ ਪਛਾਣ ਛੁਪਾਉਣ ਲਈ ਆਪਣੇ ਵਾਲ ਕਟਵਾ ਦਿੱਤੇ। ਪੁਲਸ ਨੇ ਅਨੂਪ ਸਿੰਘ ਤੇ ਉਸ ਦੇ ਭਰਾ ਕਰਨਜੀਤ ਸਿੰਘ ਦੇ ਬਾਅਦ ਨੌਕਰ ਕਾਕਾ ਕਰਣ ਨੂੰ ਗ੍ਰਿਫਤਾਰ ਕਰ ਕੇ ਤੇਜ਼ਧਾਰ ਦਾਤਰ ਤੇ ਉਸਤਰਾ ਬਰਾਮਦ ਕੀਤਾ ਹੈ। ਅਦਾਲਤ ਨੇ ਅਨੂਪ ਅਤੇ ਕਾਕਾ ਕਰਣ ਨੂੰ 12 ਦਸੰਬਰ ਤੱਕ ਪੁਲਸ ਰਿਮਾਂਡ 'ਤੇ ਭੇਜਿਆ ਹੈ, ਕਰਨਜੀਤ ਪਹਿਲਾਂ ਹੀ ਰਿਮਾਂਡ 'ਤੇ ਹੈ।

ਪੁਲਸ ਦੇ ਅਨੁਸਾਰ ਤਿੰਨਾਂ ਨੇ ਵਾਰਦਾਤ ਕਬੂਲ ਕਰ ਲਈ ਹੈ। ਪੁੱਛਗਿੱਛ ਵਿੱਚ ਪਤਾ ਲੱਗਾ ਹੈ ਕਿ ਅਨੂਪ ਸਿੰਘ ਨੇ 36 ਲੱਖ ਦਾ ਬੀਮਾ ਕਰਾਇਆ ਹੋਇਆ ਸੀ। ਉਸ ਉਤੇ 75 ਲੱਖ ਦਾ ਕਰਜ਼ਾ ਸੀ। ਇਸ ਤੋਂ ਛੁਟਕਾਰਾ ਪਾਉਣ ਅਤੇ ਬੀਮੇ ਦੀ ਰਾਸ਼ੀ ਹੜੱਪਣ ਲਈ ਉਸ ਨੇ ਖੁਦ ਦੀ ਹੱਤਿਆ ਦਾ ਡਰਾਮਾ ਰਚਿਆ। ਸਾਜਿਸ਼ ਵਿੱਚ ਆਪਣੇ ਭਰਾ ਕਰਨਜੀਤ ਤੇ 15 ਸਾਲ ਪੁਰਾਣੇ ਨੌਕਰ ਕਾਕਾ ਕਰਣ ਨੂੰ ਸ਼ਾਮਲ ਕੀਤਾ। ਐਤਵਾਰ ਨੂੰ ਤਿੰਨੇ ਕਾਰ ਵਿੱਚ ਨਿਕਲੇ। ਗੁਰਦੁਆਰਾ ਸ਼ਹੀਦਾਂ ਦੇ ਕੋਲ ਇੱਕ ਭਿਖਾਰੀ ਨੂੰ ਸ਼ਰਾਬ ਪਿਲਾਉਣ ਬਹਾਨੇ ਕਾਰ ਵਿੱਚ ਬਿਠਾ ਲਿਆ ਤੇ ਤਰਨ ਤਾਰਨ ਵੱਲ ਨਿਕਲ ਗਏ। ਹਰੀਕੇ ਪੱਤਣ ਦੇ ਪਿੰਡ ਬੂਹ ਨੇੜੇ ਕਾਰ ਦੀ ਪਿਛਲੀ ਸੀਟ 'ਤੇ ਬੈਠੇ ਕਾਕਾ ਕਰਣ ਤੇ ਅਨੂਪ ਨੇ ਭਿਖਾਰੀ ਦਾ ਗਲਾ ਉਸਤਰੇ ਨਾਲ ਕੱਟਣਾ ਚਾਹਿਆ। ਉਸ ਨੇ ਵਿਰੋਧ ਕੀਤਾ ਤਾਂ ਤਿੰਨਾਂ ਨੇ ਦਾਤਰ ਨਾਲ ਉਸ ਦੇ ਪੇਟ 'ਤੇ ਵਾਰ ਕਰ ਕੇ ਮਾਰ ਦਿੱਤਾ। ਫਿਰ ਕਾਰ 'ਚੋਂ ਬਾਹਰ ਸੜਕ 'ਤੇ ਲਾਸ਼ ਰੱਖ ਕੇ ਮਿੱਟੀ ਦਾ ਤੇਲ ਪਾ ਕੇ ਅੱਗ ਲਾਈ ਅਤੇ ਨੇੜੇ ਅਨੂਪ ਸਿੰਘ ਦਾ ਆਧਾਰ ਕਾਰਡ, ਪੈਨ ਕਾਰਡ, ਏ ਟੀ ਐੱਮ ਅਤੇ ਕੁਝ ਤਸਵੀਰਾਂ ਸੁੱਟ ਦਿੱਤੀਆਂ, ਤਾਂ ਕਿ ਪੁਲਸ ਨੂੰ ਲੱਗੇ ਕਿ ਲਾਸ਼ ਅਨੂਪ ਦੀ ਹੈ।

## ਰਾਈਫਲ ਦਾ ਰੈਣਾ ਵੱਜਣ ਨਾਲ ਸਕੂਲੀ ਬੱਚੇ ਦੀ ਮੌਤ

ਭਦੌੜ, 6 ਦਸੰਬਰ (ਪੋਸਟ ਬਿਊਰੋ)- ਲਾਲਾ ਲਾਜਪਤ ਰਾਏ ਆਰੀਆ ਮਾਡਲ ਸਕੂਲ ਦੇ ਇੱਕ ਵਿਦਿਆਰਥੀ ਦੀ ਗੁਬਾਰੇ 'ਤੇ ਨਿਸ਼ਾਨੇ ਲਾਉਣ ਵਾਲੀ ਰਾਈਫਲ ਦਾ ਰੈਣਾ ਵੱਜਣ ਕਾਰਨ ਮੌਤ ਹੋਣ ਦੀ ਖਬਰ ਹੈ। ਪਤਾ ਲੱਗਾ ਹੈ ਕਿ ਲਾਲਾ ਲਾਜਪਤ ਰਾਏ ਆਰੀਆ ਮਾਡਲ ਸਕੂਲ ਭਦੌੜ ਵਿਖੇ ਕੋਈ ਪਰੋਗਰਾਮ ਕਰਾਇਆ ਗਿਆ ਸੀ, ਜਿਸ ਦੌਰਾਨ ਬੱਚਿਆਂ ਦੇ ਮਨੋਰੰਜਨ ਲਈ ਗੰਨ ਨਾਲ ਬੈਲੂਨ (ਗੁਬਾਰੇ) 'ਤੇ ਨਿਸ਼ਾਨੇ ਲਾਉਣ ਵਾਲੇ ਨੂੰ ਵੀ ਬੁਲਾਇਆ ਗਿਆ ਸੀ। ਇਸੇ ਮੌਕੇ ਸਕੂਲ ਦਾ ਇੱਕ ਵਿਦਿਆਰਥੀ ਗੰਨ ਵਿੱਚ ਰੈਣਾ ਪਾ ਕੇ ਬੈਲੂਨ (ਗੁਬਾਰੇ) ਉੱਤੇ ਨਿਸ਼ਾਨਾ ਲਾ ਰਿਹਾ ਸੀ ਕਿ ਦੂਜੀ ਕਲਾਸ ਦਾ ਵਿਦਿਆਰਥੀ ਜਸਵੰਤ ਸਿੰਘ ਲਾਈਨ ਵਿੱਚੋਂ ਭੱਜ ਕੇ ਇਕਦਮ ਗੰਨ ਦੇ ਅੱਗੇ ਆ ਗਿਆ ਤੇ ਲੋਡ ਕੀਤਾ ਰੈਣਾ ਜਸਵੀਰ ਸਿੰਘ (7) ਪੁੱਤਰ ਬਲਕਰਨ ਸਿੰਘ ਰਿੰਕੂ ਦੇ ਛਾਤੀ 'ਚ ਜਾ ਵੱਜਿਆ।


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Honesty, Reliability, Commitment
SELL FOR MORE BUY FOR LESS
• 1 yr Home Warranty • We Help to get mortgage
Free valuation & Lowest Commission • Special for First Time Home Buyer
OPEN HOUSE UNTIL SOLD
HIGHER STANDARDS FIVE STAR CERTIFIED TEAM
Silvercity B. 905.913.8500
HIRA RANDHWA Broker 416.319.0551
BHUPENDRA DHILLON Sales Representative 647-896-1877
Hirarandhawa@yahoo.ca HiraRandhawa.com Dhillonbhupendra@hotmail.com

For SUPER-VISA INSURANCE, TRAVEL INSURANCE, RESP
Call: 416-319-0551

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋਂ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

amar INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
$1,000
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
◆ Free Evaluation of your Property
◆ Special Packages for First Time Buyer
◆ Arrangement of Low Mortgage rate Lawyer
◆ Arrangement of Home Inspection
ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777
31 Melanie Dr. Unit #4 Brampton, ON L6T 5H8
Avtar Singh Tiwana Sales Rep.
FOR SALE $1,279,900 Mcvean / Castlemore
3550 ਸੁਕੇਅਰ ਫੁੱਟ ਵਿੱਚ ਬਣਿਆ ਬਹੁਤ ਹੀ ਸੋਹਣਾ 4+1 ਬੈਡਰੂਮ + 5 ਵਾਸ਼ਰੂਮ ਦਾ ਡੀਟੈਚਡ, ਡਬਲ ਸਟੋਰੀ ਘਰ,9 ਫੁਟ ਸਿਲਿੰਗ,ਕਸਟਮ ਕਿਚਨ ਕੁਆਰਟਜ਼ ਕਾਊਨਟਰ ਟਾਪ ਗੈਸ ਸਟੋਵ ਅਤੇ ਬਿਲਟ ਇਨ ਓਵਨ, ਸਾਰੇ ਘਰ ਵਿੱਚ ਹਾਰਡਵੁਡ ਫਲੋਰ, ਤਾਜ਼ਾ ਅਤੇ ਪ੍ਰੋਫੈਸ਼ਨਲਜ਼ ਵਲੋਂ ਪੈਂਟ ਕੀਤਾ ਹੈ। ਮੈਨ ਫਲੋਰ ਲਾਂਡਰੀ, ਫਰੰਟ ਲਾਨ ਤੇ' ਨਵਾਂ ਘਾਹ । ਫੁੱਲੀ ਫਿਨੀਸ਼ਡ ਬੇਸਮੈਂਟ ਹੈ।
FOR SALE Tri-City Professional Realty Inc., Brokerage $129,900 Darcel/Brandon Gate
ਬਹੁਤ ਹੀ ਵਧੀਆ ਲੋਕੇਸ਼ਨ ਤੇ, ਵੈਸਟ ਵੁਡ ਮਾਲ ਵਿੱਚ ਕਾਂਡੋ ਯੂਨਿਟ ਸੇਲ ਲਈ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ਤੇ ਰੈਂਟ ਬਚਾਓ।
FOR SALE $3,249,000 Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
Looking for Experienced:
○ Machine Operators ○ AZ-DZ Drivers
○ Forklift Driver ○ Machine Mechanic
○ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL
PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਫਿਲਮੀ ਦੁਨੀਆ

## ਬਾਲਾਕੋਟ ਏਅਰ ਸਟਰਾਈਕ 'ਤੇ ਬਣਨ ਵਾਲੀ ਫਿਲਮ ਦਾ ਵੀ ਐਫ ਐਕਸ



ਹਿੰਦੀ ਸਿਨੇਮਾ ਵਿੱਚ ਲਗਾਤਾਰ ਸੱਚੀਆਂ ਘਟਨਾਵਾਂ 'ਤੇ ਫਿਲਮਾਂ ਬਣ ਰਹੀਆਂ ਹਨ। ਸਾਲ ਦੇ ਸ਼ੁਰੂ ਵਿੱਚ ਫਿਲਮ 'ਉੜੀ' ਰਿਲੀਜ਼ ਹੋਈ ਸੀ। ਮੁੰਬਈ ਵਿੱਚ 26 ਨਵੰਬਰ ਨੂੰ ਹੋਏ ਅੱਤਵਾਦੀ ਹਮਲੇ 'ਤੇ 'ਹੋਟਲ ਮੁੰਬਈ' ਫਿਲਮ ਹਾਲ ਹੀ ਵਿੱਚ ਰਿਲੀਜ਼ ਹੋਈ ਹੈ। ਅਭਿਨੇਤਾ ਵਿਵੇਕ ਓਬਰਾਏ ਬਾਲਾਕੋਟ ਹਮਲੇ 'ਤੇ ਫਿਲਮ ਬਣਾਉਣ ਦੀ ਤਿਆਰੀ ਕਰ ਚੁੱਕੇ ਹਨ।

ਵਿਵੇਕ ਦੇ ਮੁਤਾਬਕ ਇਹ ਫਿਲਮ ਵੱਡੇ ਪੱਧਰ 'ਤੇ ਬਣਨ ਵਾਲੀ ਹੈ। ਉਨ੍ਹਾਂ ਦੱਸਿਆ ਕਿ ਇਸ ਫਿਲਮ ਲਈ ਉਸ ਨੇ ਦੁਨੀਆ ਦੀ ਸਭ ਤੋਂ ਵੱਡੀ ਵੀ ਐੱਫ ਐਕਸ ਕੰਪਨੀ ਨੂੰ ਫਿਲਮ ਨਾਲ ਜੋੜਿਆ ਹੈ, ਜਿਸ ਨੇ ਪੰਜ ਆਸਕਰ ਐਵਾਰਡ ਜਿੱਤੇ ਹਨ। ਫਿਲਮ ਵਿੱਚ ਕੰਮ ਕਰਨ ਵਾਲੇ ਕਲਾਕਾਰਾਂ ਬਾਰੇ ਉਹ ਕਹਿੰਦੇ ਹਨ ਕਿ ਫਿਲਮ ਦੀ ਕਾਸਟਿੰਗੇ ਅਜੇ ਬਾਕੀ ਹੈ। ਫਿਲਮ ਕਈ ਭਾਸ਼ਾਵਾਂ ਵਿੱਚ ਬਣੇਗੀ, ਇਸ ਲਈ ਹਰ ਭਾਸ਼ਾ ਵਿੱਚ ਵੱਡੇ ਸਟਾਰ ਨੂੰ ਕਾਸਟ ਕੀਤਾ ਜਾਏਗਾ। ਕਾਸਟਿੰਗ ਦੇ ਬਾਅਦ ਫਿਲਮ ਦੇ ਕਲਾਕਾਰਾਂ ਦੀ ਟਰੇਨਿੰਗ ਸ਼ੁਰੂ ਹੋਵੇਗੀ।

ਟਰੇਨਿੰਗ ਬਾਰੇ ਵਿਵੇਕ ਕਹਿੰਦੇ ਹਨ, ਇਸ ਦੇ ਲਈ ਭਾਰਤੀ ਹਵਾਈ ਫੌਜ ਨਾਲ ਗੱਲਬਾਤ ਹੋ ਰਹੀ ਹੈ। ਤਕਨੀਕੀ ਪਹਿਲੂਆਂ ਨੂੰ ਫਿਲਮ ਵਿੱਚ ਕਿਵੇਂ ਦਿਖਾਉਣਾ ਹੈ, ਇਸ ਬਾਰੇ ਵੀ ਚਰਚਾ ਚੱਲ ਰਹੀ ਹੈ। ਪੁਲਵਾਮਾ ਵਿੱਚ ਇਸ ਸਾਲ 14 ਫਰਵਰੀ ਨੂੰ ਅੱਤਵਾਦੀਆਂ ਨੇ ਸੀ ਆਰ ਪੀ ਐੱਫ ਦੇ ਜਵਾਨਾਂ 'ਤੇ ਹਮਲਾ ਕੀਤਾ ਸੀ, ਜਿਸ ਵਿੱਚ ਚਾਲੀ ਜਵਾਨ ਮਾਰੇ ਗਏ ਸਨ। ਇਸ ਦੇ ਬਾਅਦ ਜਵਾਬੀ ਕਾਰਵਾਈ ਕਰਦੇ ਹੋਏ ਭਾਰਤੀ ਹਵਾਈ ਫੌਜ ਨੇ ਪਾਕਿਸਤਾਨ ਦੇ ਬਾਲਾਕੋਟ ਵਿੱਚ ਏਅਰ ਸਟਰਾਈਕ ਕੀਤੀ ਸੀ ਅਤੇ ਉਥੇ ਮੌਜੂਦ ਅੱਤਵਾਦੀ ਅੱਡਿਆਂ ਨੂੰ ਨਿਸ਼ਾਨਾ ਬਣਾ ਕੇ ਖਤਮ ਕੀਤਾ ਸੀ।

## ਮਿਤਾਲੀ ਰਾਜ ਦੀ ਬਾਇਓਪਿਕ ਵਿੱਚ ਤਾਪਸੀ ਹੀ ਕਰੇਗੀ ਉਸ ਦਾ ਰੋਲ




ਤਾਪਸੀ ਪੰਨੂ ਨੇ ਕਨਫਰਮ ਕਰ ਦਿੱਤਾ ਹੈ ਕਿ ਉਹ ਕ੍ਰਿਕਟਰ ਮਿਤਾਲੀ ਰਾਜ ਦੀ ਬਾਇਓਪਿਕ 'ਸ਼ਾਬਾਸ਼ ਮਿਤੂ' ਦਾ ਲੀਡ ਰੋਲ ਪਲੇਅ ਕਰੇਗੀ। ਮਿਤਾਲੀ ਦੇ ਜਨਮ ਦਿਨ ਅੁਤੇ ਤਾਪਸੀ ਨੇ ਉਸ ਨੂੰ ਵਿਸ਼ ਕਰਦੇ ਹੋਏ ਇੰਸਟਾਗ੍ਰਾਮ 'ਤੇ ਇੱਕ ਤਸਵੀਰ ਸ਼ੇਅਰ ਕੀਤੀ ਹੈ। ਉਸ ਨੇ ਲਿਖਿਆ ਹੈ, ''ਹੈਪੀ ਬਰਥਡੇ ਕੈਪਟਨ ਮਿਤਾਲੀ ਰਾਜ, ਤੁਸੀਂ ਸਾਨੂੰ ਸਾਰਿਆਂ ਨੂੰ ਕਈ ਮਾਇਨੇ ਵਿੱਚ ਮਾਣ ਸਨਮਾਨ ਦਿਵਾਇਆ ਹੈ ਤੇ ਸਕਰੀਨ 'ਤੇ ਤੁਹਾਡੀ ਇਹ ਯਾਤਰਾ ਦਿਖਾਉਣ ਲਈ ਮੈਨੂੰ ਚੁਣਿਆ ਜਾਣਾ ਅਸਲ ਵਿੱਚ ਇੱਕ ਸਨਮਾਨ ਦੀ ਗੱਲ ਹੈ। ਤੁਹਾਡੇ ਜਨਮ ਦਿਨ 'ਤੇ ਮੈਨੂੰ ਨਹੀਂ ਪਤਾ ਕਿ ਮੈਂ ਤੁਹਾਨੂੰ ਕੀ ਤੋਹਫਾ ਦੇ ਸਕਦੀ ਹਾਂ, ਪਰ ਵਾਅਦਾ ਕਿ ਮੈਂ ਉਹ ਸਭ ਕਰਾਂਗੀ ਜਿਸ ਨੂੰ ਸਕਰੀਨ 'ਤੇ ਦੇਖ ਕੇ ਤੁਸੀਂ ਮਾਣ ਮਹਿਸੂਸ ਕਰੋਗੇ, ਸਾਬਾਸ਼ ਮਿਤੂ। ਤੇ ਹਾਂ ਮੈਂ ਕਵਰ ਡਰਾਈਵ ਸਿੱਖਣ ਲਈ ਤਿਆਰ ਹਾਂ।'' ਇਸ ਫਿਲਮ ਦਾ ਡਾਇਰੈਕਸ਼ਨ ਰਾਹੁਲ ਢੋਲਕੀਆ ਕਰਨਗੇ।

## ਰਿਸ਼ੀ ਕਪੂਰ ਬਣਨਗੇ ਸ਼ਰਮਾ ਜੀ ਨਮਕੀਨ



ਅਭਿਨੇਤਾ ਰਿਸ਼ੀ ਕਪੂਰ ਕੈਂਸਰ ਨੂੰ ਹਰਾ ਕੇ ਅਮਰੀਕਾ ਤੋਂ ਵਾਪਸ ਆਉਣ ਪਿੱਛੋਂ ਲਗਾਤਾਰ ਹਿੰਦੀ ਫਿਲਮਾਂ ਦਾ ਹਿੱਸਾ ਬਣਨ ਵਾਲੇ ਹਨ। ਉਨ੍ਹਾਂ ਦੀ ਅਗਲੀ ਫਿਲਮ 'ਦ ਬਾਡੀ' ਹੋਵੇਗੀ। 13 ਦਸੰਬਰ ਨੂੰ ਰਿਲੀਜ਼ ਹੋ ਰਹੀ ਇਸ ਫਿਲਮ ਵਿੱਚ ਉਹ ਪੁਲਸ ਅਧਿਕਾਰੀ ਦੀ ਭੂਮਿਕਾ ਵਿੱਚ ਨਜ਼ਰ ਆਉਣਗੇ। ਇਸ ਫਿਲਮ ਦੇ ਬਾਅਦ ਉਹ 'ਸ਼ਰਮਾਜੀ ਨਮਕੀਨ' ਫਿਲਮ ਵਿੱਚ ਨਜ਼ਰ ਆਉਣਗੇ। ਇਸ ਫਿਲਮ ਦਾ ਐਲਾਨ ਫਿਲਮ ਮੇਕਰ ਰਿਤੇਸ਼ ਸਿਧਵਾਨੀ ਨੇ ਕੀਤਾ ਹੈ। ਉਨ੍ਹਾਂ ਨੇ ਸੋਸ਼ਲ ਮੀਡੀਆ 'ਤੇ ਇਸ ਗੱਲ ਦੀ ਜਾਣਕਾਰੀ ਦਿੰਦੇ ਹੋਏ ਇੱਕ ਤਸਵੀਰ ਸਾਂਝੀ ਕੀਤੀ ਹੈ, ਜਿਸ ਵਿੱਚ ਰਿਸ਼ੀ ਕਪੂਰ ਨਜ਼ਰ ਆ ਰਹੇ ਹਨ। ਉਨ੍ਹਾਂ ਨੇ ਆਪਣੇ ਸੋਸ਼ਲ ਅਕਾਊਂਟ 'ਤੇ ਲਿਖਿਆ ਹੈ, ਆਫ ਸਕਰੀਨ ਮਿੱਠੇ, ਆਨ ਸਕਰੀਨ ਨਮਕੀਨ। ਜਦ ਅਜਿਹੀ ਪ੍ਰਭਿਾਵਾਂ ਮਿਲਦੀਆਂ ਹਨ ਤਾਂ ਉਤਸੁਕਤਾ ਵਧ ਜਾਂਦੀ ਹੈ। ਇਸ ਫਿਲਮ ਵਿੱਚ ਰਿਸ਼ੀ ਕਪੂਰ ਦੇ ਨਾਲ ਅਭਿਨੇਤਰੀ ਜੂਹੀ ਚਾਵਲਾ ਵੀ ਹੋਵੇਗੀ। ਉਹ ਜੋੜੀ 'ਬੋਲ ਰਾਧਾ ਬੋਲ', 'ਦਰਾਰ', 'ਈਨਾ ਮੀਨਾ ਡੀਕਾ', 'ਸਾਜਨ ਕਾ ਘਰ' ਵਰਗੀਆਂ ਫਿਲਮਾਂ ਵਿੱਚ ਕੰਮ ਕਰ ਚੁੱਕੀ ਹੈ। ਫਿਲਮ ਅਗਲੇ ਸਾਲ ਰਿਲੀਜ਼ ਹੋਵੇਗੀ।


## ਰੀਵਾ ਨੇ ਪਾਪਾ ਰਵੀ ਕਿਸ਼ਨ ਤੋਂ ਨਹੀਂ ਲਏ ਐਕਟਿੰਗ ਦੇ ਟਿਪਸ



ਵਿਆਹ ਦੀ ਅਨੋਖੀ ਕਹਾਣੀ 'ਤੇ ਆਧਾਰਤ ਕਾਮੇਡੀ ਫਿਲਮ 'ਸਭ ਕੁਸ਼ਲ ਮੰਗਲ' ਨਾਲ ਪ੍ਰਿਅੰਕ ਸ਼ਰਮਾ ਤੇ ਰੀਵਾ ਕਿਸ਼ਨ ਡੈਬਿਊ ਕਰਨ ਜਾ ਰਹੇ ਨਹ। ਅਕਸ਼ੈ ਖੰਨਾ ਦਿਲਚਸਪ ਵੀ ਕਿਰਦਾਰ ਵਿੱਚ ਨਜ਼ਰ ਆਉਣਗੇ। ਫਿਲਮ ਨਿਰਦੇਸ਼ਨ ਕਰਣ ਵਿਸ਼ਵਨਾਥ ਕਸ਼ਯਪ ਨੇ ਕੀਤਾ ਹੈ। ਰੀਵਾ ਕਿਸ਼ਨ ਅਭਿਨੇਤਾ ਅਤੇ ਪਾਰਲੀਮੈਂਟ ਮੈਂਬਰ ਰਵੀ ਕਿਸ਼ਨ ਦੀ ਬੇਟੀ ਹੈ, ਜਦ ਕਿ ਪ੍ਰਿਅੰਕ ਗੁਜ਼ਰੇ ਜ਼ਮਾਨੇ ਦੀ ਅਭਿਨੇਤਰੀ ਪਦਮਨੀ ਕੋਹਲਾਪੁਰੀ ਦੇ ਬੇਟੇ ਹਨ। ਮੁੰਬਈ ਵਿੱਚ ਫਿਲਮ ਟ੍ਰੇਲਰ ਲਾਂਚ ਕਰਨ ਦੇ ਮੌਕੇ ਸਟਾਰ ਕਾਸਟ ਦੇ ਨਾਲ ਰਵੀ ਕਿਸ਼ਨ ਅਤੇ ਪਦਮਨੀ ਕੋਹਲਾਪੁਰੀ ਵੀ ਮੌਜੂਦ ਸਨ। ਨਵੇਂ ਕਲਾਕਾਰਾਂ ਤੋਂ ਜਦ ਪੁੱਛਿਆ ਗਿਆ ਕਿ ਕੀ ਉਹ ਸਕ੍ਰਿਪਟ ਦੀ ਰਿਹਰਸਲ ਆਪਣੇ ਕਲਾਕਾਰ ਮਾਤਾ-ਪਿਤਾ ਦੇ ਨਾਲ ਕਰਦੇ ਸਨ ਤਾਂ ਰੀਵਾ ਨੇ ਕਿਹਾ ਕਿ ਨਵੇਂ ਹੋਣ ਕਾਰਨ ਉਨ੍ਹਾਂ ਨੂੰ ਨਹੀਂ ਪਤਾ ਸੀ ਕਿ ਪਿਤਾ ਨੂੰ ਮੇਰੇ ਤੋਂ ਸਕਰੀਨ 'ਤੇ ਕੀ ਉਮੀਦਾਂ ਹਨ।

ਇਸ ਸਵਾਲ 'ਤੇ ਰਵੀ ਕਿਸ਼ਨ ਨੇ ਮਾਈਕ ਸੰਭਾਲਦੇ ਹੋਏ ਦੱਸਿਆ ਕਿ ਉਨ੍ਹਾਂ ਦੀ ਬੇਟੀ ਨੇ ਕਦੇ ਉਨ੍ਹਾਂ ਦੇ ਨਾਲ ਰਿਹਰਸਲ ਨਹੀਂ ਕੀਤੀ। ਉਨ੍ਹਾਂ ਨੇ ਕਿਹਾ, ''ਮੈਂ ਰੀਵਾ ਤੋਂ ਤਿਆਰੀਆਂ ਦੇ ਬਾਰੇ ਪੁੱਛਦਾ ਰਹਿੰਦਾ ਸੀ। ਮੈਂ ਉਸ ਦੇ ਡੈਬਿਊ ਤੋਂ ਉਤਸ਼ਾਹਤ ਸੀ ਤੇ ਨਾਲੇ ਚਿੰਤਤ ਸੀ। ਉਸ ਨੇ ਨਸੀਰੂਦੀਨ ਸ਼ਾਹ ਨਾਲ ਥੀਏਟਰ ਕੀਤੇ ਹੈ। ਅਮਰੀਕਾ ਤੋਂ ਵੀ ਐਕਟਿੰਗ ਦੀ ਪੜ੍ਹਾਈ ਕੀਤੀ ਹੈ। ਮੈਂ ਪੁੱਛਦਾ ਸੀ ਕਿ ਤੂੰ ਕੀ ਕਰਨ ਵਾਲੀ ਏਂ, ਉਹ ਕਹਿੰਦੀ ਕਿ ਮੈਂ ਕਰ ਲਵਾਂਗੀ। ਡਾਇਰੈਕਟਰ ਕਰਣ ਨੇ ਰੀਵਾ ਨੂੰ ਕਿਹਾ ਸੀ ਕਿ ਆਪਣੇ ਪਾਪਾ ਤੋਂ ਕੁਝ ਸਿੱਖਣਾ ਨਹੀਂ। ਉਨ੍ਹਾਂ ਦੀ ਤਿਆਰੀ ਦਾ ਪੂਰਾ ਸਿਹਰਾ ਕਰਣ ਨੂੰ ਜਾਂਦਾ ਹੈ। ਮੈਂ ਰੀਵਾ ਨੂੰ ਕੁਝ ਨਹੀਂ ਸਿਖਾਇਆ।'' ਉਥੇ ਹੀ ਪ੍ਰਿਅੰਕ ਦੀ ਮਾਂ ਪਦਮਨੀ ਕੋਹਲਾਪੁਰੀ ਨੇ ਕਿਹਾ, ''ਜੇ ਮੈਂ ਕੁਝ ਦੱਸਦੀ ਸੀ ਤਾਂ ਪ੍ਰਿਅੰਕ ਕਹਿੰਦਾ ਕਿ ਕਰਣ ਸਰ ਨੇ ਜੋ ਕਰਨ ਨੂੰ ਕਿਹਾ ਹੈ, ਕ੍ਰਿਪਾ ਕਰ ਕੇ ਉਸ ਨੂੰ ਬਦਲਣ ਦੀ ਕੋਸ਼ਿਸ਼ ਨਾ ਕਰੋ। ਲਿਹਾਜਾ ਸਾਰਾ ਕਰੈਡਿਟ ਕਰਣ ਨੂੰ ਜਾਂਦਾ ਹੈ।'' ਅਕਸ਼ੈ ਖੰਨਾ ਨੇ ਕਿਹਾ ਕਿ ਇਸ ਫਿਲਮ ਦੀ ਕਹਾਣੀ ਬਹੁਤ ਵਧੀਆ ਹੈ। ਇਹ ਇੱਕ ਸਾਫ-ਸੁਥਰੀ ਪਰਵਾਰਕ ਫਿਲਮ ਹੈ। ਫਿਲਮ ਅਗਲੇ ਸਾਲ ਤਿੰਨ ਜਨਵਰੀ ਨੂੰ ਰਿਲੀਜ਼ ਹੋਵੇਗੀ।

## ਰਣਵੀਰ ਸਿੰਘ ਦਾ 'ਜ਼ੋਰਦਾਰ' ਰੂਪ



ਆਪਣੀ ਅਗਲੀ ਫਿਲਮ 'ਜਯੇਸ਼ਭਾਈ ਜ਼ੋਰਦਾਰ' ਦੇ ਫਸਟ ਲੁਕ ਨੂੰ ਸਾਹਮਣੇ ਰੱਖਦੇ ਹੋਏ ਰਣਵੀਰ ਸਿੰਘ ਕਹਿੰਦੇ ਹਨ, ਚਾਰਲੀ ਚੈਪਲਿਨ ਨੇ ਇੱਕ ਵਾਰ ਕਿਹਾ ਸੀ, ਅਸਲ ਵਿੱਚ ਹੱਸਣ ਦੇ ਲਈ ਤੁਹਾਨੂੰ ਆਪਣਾ ਦਰਦ ਉਠਾਉਣ ਵਿਚ ਸਮਰੱਥ ਹੋਣਾ ਚਾਹੀਦਾ ਹੈ ਅਤੇ ਦਰਦ ਨਾਲ ਖੇਡਣਾ ਆਉਣਾ ਚਾਹੀਦਾ ਹੈ। ਮੇਰੀ ਅਗਲੀ ਫਿਲਮ 'ਜਯੇਸ਼ਭਾਈ ਜ਼ੋਰਦਾਰ' ਦਾ ਨਾਇਕ ਵੀ ਕੁਝ ਇਸ ਤਰ੍ਹਾਂ ਦਾ ਹੈ। ਇਸ ਦੀ ਸਕ੍ਰਿਪਟ ਨੂੰ ਮੈਂ ਚਮਤਕਾਰੀ ਸਕ੍ਰਿਪਟ ਮੰਨਦਾ ਹਾਂ, ਇਸ ਦਾ ਨਾਇਕ ਜਯੇਸ਼ਭਾਈ ਵੀ ਇੱਕ ਇੰਸਪਾਸੀਬਲ ਟਾਈਮ ਦਾ ਹੀਰੋ ਹੈ। ਮੇਰਾ ਇਹ ਕਿਰਦਾਰ ਸੰਵੇਦਨਸ਼ੀਲ ਅਤੇ ਦਿਆਲੂ ਹੈ। ਉਹ ਸਮਾਜ ਵਿੱਚ ਮਰਦਾਂ ਅਤੇ ਔਰਤਾਂ ਵਿੱਚ ਬਰਾਬਰੀ ਦੇ ਅਧਿਕਾਰਾਂ ਵਿੱਚ ਵਿਸ਼ਵਾਸ ਰੱਖਦਾ ਹੈ। ਜਯੇਸ਼ਭਾਈ ਦੇ ਕਿਰਦਾਰ ਨੇ ਮੇਰੇ ਸਾਹਮਣੇ ਰੋਮਾਂਚਕ ਚੁਣੌਤੀ ਪੇਸ਼ ਕੀਤੀ ਹੈ। ਇਸ ਤਰ੍ਹਾਂ ਦਾ ਡਿਫਰੈਂਟ ਕਰੈਕਟਰ ਮੈਂ ਪਹਿਲਾਂ ਕਦੇ ਨਹੀਂ ਕੀਤਾ।

ਰਣਵੀਰ ਸਿੰਘ ਦੀ ਅਗਲੀ ਫਿਲਮ 'ਜਯੇਸ਼ਭਾਈ ਜ਼ੋਰਦਾਰ' ਹੈ। ਇਸ ਦਾ ਲੇਖਨ ਅਤੇ ਨਿਰਦੇਸ਼ਨ ਦਿਵਯਾਂਗ ਠੱਕਰ ਨੇ ਕੀਤਾ ਹੈ। ਕਹਾਣੀ ਗੁਜਰਾਤ 'ਤੇ ਆਧਾਰਤ ਹੈ। ਪਹਿਲੀ ਵਾਰ ਰਣਵੀਰ ਗੁਜਰਾਤੀ ਵਿਅਕਤੀ ਦੀ ਭੂਮਿਕਾ ਕਰਦੇ ਹੋਏ ਦਿਖਾਈ ਦੇਣਗੇ। ਫਿਲਮ ਦੇ ਪਹਿਲੇ ਲੁਕ ਵਿੱਚ ਰਣਵੀਰ ਕਾਫੀ ਸਲਿਮ ਦਿੱਸ-ਦੇ ਹਨ। ਉਹ ਪਿੱਛੇ ਖੜ੍ਹੀਆਂ ਮਹਿਲਾਵਾਂ ਦੀ ਰੱਖਿਆ ਕਰਨ ਦੀ ਕੋਸ਼ਿਸ਼ ਕਰਦੇ ਦਿਖਾਈ ਦੇ ਰਹੇ ਹਨ। ਰਣਵੀਰ ਨੇ ਆਪਣੇ ਕਿਰਦਾਰ ਦੇ ਬਾਰੇ ਵਿੱਚ ਦੱਸਿਆ ਕਿ ਜਯੇਸ਼ਭਾਈ ਇੱਕ ਸਾਧਾਰਨ ਆਦਮੀ ਹੈ, ਜੋ ਕਿਸੇ ਅਸਾਧਾਰਨ ਸਥਿਤੀ ਵਿੱਚ ਕੁਝ ਅਸਾਧਾਰਣ ਕਰ ਦਿੰਦਾ ਹੈ। ਇਸ ਦੇ ਇਲਾਵਾ ਉਹ '83' ਵਿੱਚ ਕਪਿਲ ਦੇਵ ਦੀ ਭੂਮਿਕਾ ਵਿੱਚ ਨਜ਼ਰ ਆਉਣਗੇ।

# Dr. Randhawa Dentistry



*Your own dentist who really cares for you*

We Provide the following Services:

- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist

New Patients welcome
Deal Directly with all Insurance Companies

- ਸੀਨੀਅਰ ਡਿਸਕਾਉਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
*Invisible Braces* ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
*Show Your Smile More With Invisible Braces!*

FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

Mayfield Rd
Mcvean Dr
DENTISTRY
Squire Ellis Dr
Gore Rd
Countryside Dr



# ਘਰ ਵੇਚਣਾ ਜਾਂ ਖਰੀਦਣਾ ਚਾਹੁੰਦੇ ਹੋ?



*Anabela Serra*
*Sales Representative*


ਸੰਪਰਕ ਕਰੋ:
416-400-5825

ROYAL LEPAGE
SUPREME REALTY, BROKERAGE
INDEPENDENTLY OWNED AND OPERATED

*You're Invited To..*
OPEN HOUSE
*Saturday/Sunday 2pm to 4pm*

"ਟੋਰਾਂਟੋ ਵਿੱਚ ਬਹੁਤ ਹੀ ਵਧੀਆ ਲੋਕੇਸ਼ਨ ਤੇ"

*1 Lagos Road* | *Etobicoke, Ontario*



This Astounding Fully Renovated 3 Bedroom Home Features Top Quality Materials With Tasteful Finishes, Great Workmanship And Attention To Detail. Gleaming Hardwood Flooring Throughout, And 3 Sparkling New Bathrooms. Brand New Stainless Steel Appliances In Chefs Delight Kitchen. Separate Entrance To Basement, Possibility Of A Bachelor Apartment. Steps Away From Elementary School, Parks, Kipling Plaza And Public Library.

*For More listings Visit* *anabelaserra.com*



# NEED A LAWYER ??

Red Seal NOTARY

# KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



FRANCHISES REQUIRED for Greece, Italy, Austria, Germany, Spain

# PERMANENT IMMIGRATION
Canada within 6-12 Months

*We have confirmed job offers from Canadian Employers for:*

- *Cooks*
- *Truck Drivers*
- *Auto/Diesel Mechanics*
- *Dairy Farm Workers*
- *Welders*
- *IT Technician*
- *Nurses*
- *Machinist*
- *Carpenters*
- *Brick Layer*
- *Food & Beverage Supervisors*
- *Meat Cutters*
- *Air Condition Technicians*
- *Fish Plant Workers*
- *Construction Workers*
- *& lots of other Positions*

Invest $200,000 (CAD) & Immigrate with family under Business Immigration



Subhash Punia
Immigration Counsel

Fast Track Immigration Under INVESTORS CLASS IMMIGRATION

Atlantic Immigration

By Appointment
MON-FRI
9:30AM - 5:30PM

2980 Drew rd. #230, Mississauga, ON L4T 0A7 | 905.362.0202 | 905.362.2158



# ASIAN FOOD CENTRE



## FRESH & LARGE VARIETY

| | | |
|---|---|---|
| Bread , Derry & Eggs | Fruits & Vegetables | Sweet & Samosas |
| Branded Foods | Beverages & Confectionery | Grocery & Staples |

*VEGETARIAN FOOD*
*HEALTHY EATING*

SERVING FROM 10 LOCATIONS IN ALL THE GTA AREA:

10 Westmore Drive
Etobicoke ON M9V-3Z7
416-740-3262

2120 North park Drive
Brampton ON L6S 0C9
905-793-1338

10510 Torbram Road,
Brampton
905-790-0030

308 Eddystone Ave
North York ON M3N-1H7
416-740-3360

621 Wanless drive, # 122
Brampton ON L7A 0A9
905-495-3336

284 Orenda Road #13
Brampton ON L6T 5S3
905-450-9167

10 Pannahill Dr,
Brampton
905 913-8017

80 Pertosa Drive
Brampton ON L5X-5E9
905-460-0009

1075 Ceremonial Drive
Mississauga ON L5R 2Z4
905-502-1600

21 Lacoste Blvd,
Brampton, ON L6P 2K2
905 794-8109





www.BramptonTopRelator.com
JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232

Other Realtors only Promise
But JAG AUJLA SOLD YOUR HOME WITH
GUARANTEED
OR HE'LL BUY IT!*
*Some Conditions Apply

Call For a Quick & Free Home Evaluation
www.BramptonQuickHomeEvaluation.com
**2016,2015,2014,2013 2012,2011,2010 **(2009,2008) (2010) **(2014)

Urgently Need New Listing in Brampton/ GTA Call Jag Today To Sell Your Property For Top $$$ & Accurate Price

SOLD
BRAMPTON $679,905
ਚਿੰਗਕੁਜ਼ੀ/ਵੀਲੀਅਮ ਪਾਕ੍ਰਵੇ
SOLD $20,000 OVER ASKING PRICE

BRAMPTON $644,905
ਬਰੈਮਲੀ ਰੋਡ/ ਸੈਂਡਲਵੁਡ
ਬਹੁਤ ਸੋਹਣਾ 3+3 ਬੈਡਰੂਮ ਐਂਡ 5 ਵਾਸ਼ਰੂਮ ਦੇ ਡਿਟੈਚਡ ਡਬਲ ਸਟੋਰੀ ਘਰ ਨੂੰ ਫਿਨਿਸ਼ਡ ਬੈਸਮੈਂਟ, 4 ਕਾਰਾਂ ਦੀ ਪਾਕ੍ਰਿੰਗ ਆਲਾ ਗਰਾਜ ਤੇ ਬਹੁਤ ਸਾਰੀਆਂ ਅਪਗ੍ਰੇਡਸ, ਵੁਡ ਫਲੋਰ, ਨਵੇਂ ਰੂਫ ਸ਼ਿੰਗਲ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬੱਸ ਸਟਾਪ, ਆਦਿ ਸਹੂਲਤਾਂ ਦੇ ਨੇੜੇ।

BRAMPTON $849,905
ਵੈਨਲੈਸ/ਵੈਨ ਕ੍ਰਕ
ਸਾਫ-ਸੁਥਰਾ 4 ਬੈਡਰੂਮ ਤੇ 4 ਵਾਸ਼ਰੂਮਾਂ ਦਾ ਡਿਟੈਚ ਘਰ, ਹਾਰਡਵੁਡ ਫਲੋਰ, ਡਬਲ ਡੋਰ ਇੰਨਟਰੈਂਸ, ਸਟੇਨਲੈਸ ਸਟੀਲ ਅਪਲਾਇੰਸਿਸ, ਮੇਨ ਫਲੋਰ ਨੂੰ 9 ਫੁੱਟ ਸਿਲਿੰਗ, ਸੋਹਣੀ ਇਟ ਇੰਨ ਕਿੱਚਨ, ਸਕੂਲ, ਪਾਰਕ, ਪਲਾਜ਼ਾ ਆਦਿ ਸਹੂਲਤਾਂ ਦੇ ਨੇੜੇ।

3 Car Garage
BRAMPTON
ਗੋਰਵੇ/ਕੰਟਰੀਸਾਇਡ
ਸੋਹਣਾ ਤੇ ਸਾਫ ਸੁਥਰਾ 4 ਬੈਡਰੂਮ (approx.4100 sqft), 5 ਵਾਸ਼ਰੂਮ ਵਾਸ਼ਰੂਮ ਦਾ ਡਿਟੈਚਡ ਘਰ, ਬੈਸਮੈਂਟ ਨੂੰ ਸੇਪਰੇਟ ਇੰਟਰੈਂਸ, ਬਹੁਤ ਸਾਰੀਆਂ ਅਪਗਰੇਡਜ਼ , 3 ਕਾਰ ਗਰਾਜ, ਸਟੇਨਲੈਸ ਸਟੀਲ ਅਪਲਾਇੰਸਿਸ, ਸਕੂਲ, ਪਾਰਕ, ਪਲਾਜ਼ਾ ਆਦਿ ਸਹੂਲਤਾਂ ਦੇ ਨੇੜੇ।

3 Car Garage
BRAMPTON $1,679,905
ਕਵੀਨ/ਮਿਸੀਸਾਗਾ ਰੋਡ
ਬਹੁਤ ਹੀ ਵਧੀਆ 5+1 ਬੈਡਰੂਮ (approx.5000 sqft) , 5 ਵਾਸ਼ਰੂਮ ਦਾ ਘਰ ਜਿਸ ਨੂੰ ਕਿ +3 ਕਾਰ ਗਰਾਜ, +7 ਕਾਰਾਂ ਦੀ ਬਾਹਰ ਪਾਰਕਿੰਗ, ,10 ਫੁੱਟ ਸੀਲਿੰਗ, ਦੂਸਰਾ ਫਲੋਰ ਤੇ ਬੇਸਮੈਂਟ 9 ਫੁੱਟ ਸੀਲਿੰਗ, ਲੋਡਡ ਵਿਦ ਟਨਸ ਆਫ ਅਪਗ੍ਰੇਡਜ਼, 90 ਪੋਟ ਲਾਈਟਸ,ਹਾਰਡਵੁਡ ਫਲੌਰ, ਆਦਿ ਸਹੂਲਤਾਂ ਦੇ ਨੇੜੇ।

GUELPH $529,905
ਗਲਫ, ਓਨਟਾਰੀਓ
ਗੁਰੂ ਘਰ ਦੇ ਨੇੜੇ, 6 ਸਾਲ ਪੁਰਾਣਾ ਤੇ ਸਾਫ-ਸੁਥਰਾ 3 ਬੈਡਰੂਮ , 4 ਵਾਸ਼ਰੂਮ ਦਾ ਸੈਮੀ ਡਿਟੈਚ, ਡਬਲ ਸਟੋਰੀ ਕਾਂਡੋ ਟਾਉਨ-ਹਾਉਸ। ਫੀਨਿਸ਼ਡ ਬੈਸਮੈਂਟ ਵਿੱਚ *rec room*, ਲੈਮੀਨੇਟਡ ਫਲੋਰ, ਮਾਸਟਰ ਬੈਡਰੂਮ ਨੂੰ 4 ਪੀਸ ਇਨ ਸੂਟ ਤੇ ਵਾਕ ਇਨ ਕਲੋਜ਼ਟ, ਸਕੂਲ, ਪਲਾਜ਼ਾ, ਆਦਿ ਦੇ ਨੇੜੇ।

Grand Upholstery Ltd
Sofa Company Originality in Every Piece
Special on Sale
- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜ਼ਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 Williams Pkwy, Unit -45, Brampton | Email: grandupholstery@gmail.com

NU WAY TOUR & TRAVELS INC.
ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ
AIR TICKETS | CRUISES | VACATIONS | TRAVEL INSURANCE
International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction

AIR CANADA, PIA, American Airlines, ETIHAD, KLM, Emirates, SWISS, BRITISH AIRWAYS, JET AIRWAYS

Travel Worry Free With Insurance
- Super Visa Insurance
- Visitor to Canada
- Trip Cancellation
- Trip Interruption
Manulife

Signature.ca, WestJet vacations, transat Holidays, sunwing, AIR CANADA VACATIONS, tico.ca, IATA
Call Us For Guaranteed Lowest Airfare ANY Airline Time Destination Around the World
7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com

Auto | Home | Commercial & Business Insurance



10 ਸਾਲਾਂ ਤੋਂ ਵੱਧ ਦਾ ਤਜ਼ਰਬਾ
Arvinder Aujla
Account executive
416-566-4232
Competitive & Best Rates
Deals with more than 15 Insurance Companies
aujla@connexinsurance.com
Get Combo Package for Auto & Home Plus get a 15%-20% discount
7050 Bramalea Rd, Unit 12, Mississauga, ON L5S 1T1 CONNEX

IFS INTERSTATE FREIGHT SYSTEMS INC.
A/Z ਡਰਾਈਵਰਾਂ ਦੀ ਲੋੜ
USA, Montreal, Montreal Local Within Ontario ਤੇ Local GTA ਤੇ Cambridge ਵਾਸਤੇ AZ ਡਰਾਇਵਰਾਂ ਦੀ ਲੋੜ ਹੈ
Also Hiring Owner Operators for local work & US
- 2 ਸਾਲ ਦਾ Experience, USA ਵਾਸਤੇ Fast Card ਜ਼ਰੂਰੀ ਹੈ
- ਡਰਾਇਵਰਾਂ ਦਾ CVOR Abstract ਚਾਹੀਦਾ ਹੈ

Please send resume at:
safety@interstatefreightsystems.com
Call: 416-452-0677

New City Pizza & Kamal Sandhu Real Estate Present



BHANGRA ਭੰਗੜਾ FITNESS
ENJOY DANCING, STAY FIT
647.685.1685
www.BhangraFitness.ca | bhangrafitness1@gmail.com
Offering Bhangra Classes For All Ages
Now Open 6 Days a Week
50 Lacoste Blvd, Unit-112 Brampton, ON L6P 3Z8

REXDALE BODY SHOP USED CAR SALE



CHEEMA
LOWEST PRICE IN TOWN
Towing Service Car Paint Starts $799* upto 100% Deductible Paid*
Specialization In:
- All Kinds of Body Work
- Auto Glass Windshield
- Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca mcheemaaaa@hotmail.com